
INTERNATIONAL MAGAZINE
RNI No. 61816/95
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਆਤਮ ਮਾਰਗ
ਮਾਰਚ 2019
ਹੋਲੇ ਮਹੱਲੇ ਦੀ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈ।

ਸੰਤ ਬਾਬਾ ਲਖਬੀਰ ਸਿੰਘ ਜੀ 'ਨਗਰ ਧਮੋਟ' (ਲੁਧਿਆਣਾ) ਵਿਖੇ ਸਾਲਾਨਾ ਸਮਾਗਮ ਤੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹੋਏ।



# ਆਤਮ ਮਾਰਗ


ਸਾਲ-ਚੌਵੀਵਾਂ, ਮਹੀਨਾ - ਮਾਰਚ, 2019

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ**
ਬਾਬਾ ਹਰਪਾਲ ਸਿੰਘ ਜੀ

**ਮੈਨੇਜਿੰਗ ਐਡੀਟਰ**
ਭਾਈ (ਡਾ.) ਸੁਖਵਿੰਦਰ ਸਿੰਘ

**ਚੀਫ ਐਡੀਟਰ**
ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।


**ਫੋਨ :- 84378-12900, 94172-14391, 94172-14379,**

**Email :atammarg1@yahoo.co.in**



**Postal Address for any Enquiry, Money Order, Cheque and drafts :**

'ATAM MARG' MAGAZINE
Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।



**Please visit us on internet at :-**
For Atam Marg Email : atammarg1@yahoo.co.in,
Website & Live video -
www.ratwarasahib.in
www.ratwarasahib.org } (Every sunday)

Email :sratwarasahib.in@gmail.com


## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਬਾਬਾ ਸਤਨਾਮ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪਨੂੰ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ (ਪੰਜਾਬੀ ਅਤੇ ਹਿੰਦੀ)
   9417214391, 84378-12900, 9417214379,
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (CBSE)
   0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (P.B.)
   95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ : 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ
   94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ
   94172-14382
8. ਅਕਾਲ ਬਿਰਧ ਆਸ਼ਰਮ : 98157-28220

## ਵਿਸ਼ੇਸ਼ ਜਾਣਕਾਰੀ ਲਈ

| | | |
|---|---|---|
| ਸ਼੍ਰੀ ਮਾਨ ਜੀ | - | 98551-32009 |
| ਸ਼੍ਰੀ ਅਖੰਡਪਾਠ ਸਾਹਿਬ ਸੇਵਾ | - | 94647-12900 |
| ਆਡੀਓ-ਵੀਡੀਓ ਲਾਇਬ੍ਰੇਰੀ | - | 98728-14385 |
| | | 98555-28517 |
| ਕੇਬਲ ਟੀ.ਵੀ ਨੈਟਵਰਕ | - | 94172-14385 |

**ਹੋਰ ਸੰਪਰਕ ਨੰਬਰ**

98889-10777, 96461-01996, 9417214381

# ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | ਬਾਰਹ ਮਾਹਾ | 7 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 3. | ਬਿਨੁ ਸਬਦੈ ਅੰਤਰਿ ਆਨੇਰਾ | 16 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | ਪੜਿਐ ਨਾਹੀ ਭੇਦੁ ਬੁਝਿਐ ਪਾਵਣਾ | 25 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | ਨਾਨਕ ਲੇਖੈ ਇਕ ਗਲ...... | 35 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 6. | ਨੂਰਾਨੀ ਮਿਲਾਪ - 9 | 39 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 7. | ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਾਹਕਾਰ ਰਚਨਾ ਆਸਾ ਦੀ ਵਾਰ | 41 |
| | *ਡਾ. ਜਗਜੀਤ ਸਿੰਘ* | |
| 8. | ਗੁਰਬਾਣੀ ਅਰਥ-ਭੰਡਾਰ | 45 |
| | *ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'* | |
| 9. | ਖਾਲਸਾਈ ਜਾਹੋ-ਜਲਾਲ<br>ਅਤੇ ਚੜ੍ਹਦੀ ਕਲਾ ਦਾ ਪ੍ਰਤੀਕ : ਹੋਲਾ-ਮਹੱਲਾ | 48 |
| | *ਡਾ. ਗੁਰਵਿੰਦਰ ਕੌਰ* | |
| 10. | ਭਾਈ ਨੰਦ ਲਾਲ ਜੀ | 51 |
| 11. | ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ | 53 |
| | *ਡਾ. ਸਵਾਮੀ ਰਾਮ ਜੀ* | |
| 12. | ਵਿਸ਼ੇਸ਼ ਜਾਣਕਾਰੀ :- ਅਸਥਾਨ 'ਤੇ ਪ੍ਰੋਗਰਾਮ,<br>ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,<br>ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ,<br>ਹਸਪਤਾਲ ਅਤੇ ਪੁਸਤਕ ਸੂਚੀ | 55 |

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*

ਪਿਆਰੇ ਪਾਠਕ ਜਨੋ!

ਫਰਵਰੀ ਮਹੀਨੇ ਦੇ ਅੰਕ ਵਿਚ ਆਪ ਜੀ ਨਾਲ 'ਦ੍ਰਿਸ਼ਟੀ ਭੇਦ' ਬਾਰੇ ਵਿਚਾਰ ਸਾਂਝੇ ਕੀਤੇ ਸਨ। ਇਸੇ ਵਿਸ਼ੇ ਨੂੰ ਅਗਾਂਹਾਂ ਤੋਰਦੇ ਹੋਏ ਇਸ ਵਾਰੀ ਵੀ ਤੁੱਛ ਬੁੱਧੀ ਅਨੁਸਾਰ, ਗੁਰਬਾਣੀ ਦੀ ਰੋਸ਼ਨੀ ਵਿਚ ਇਸ ਵਿਸ਼ੇ ਤੇ ਅਗਲੀ ਵੀਚਾਰ ਸਾਂਝੀ ਕੀਤੀ ਜਾ ਰਹੀ ਹੈ। ਅਸਲ ਵਿਚ ਦ੍ਰਿਸ਼ਟੀ ਭੇਦ ਮਨੁੱਖ ਦੇ ਅੰਦਰ ਵਸਦੇ ਸੰਸਾਰ ਕਾਰਨ ਹੀ ਹੈ। ਕਿਸੇ ਵੀ ਸ਼ੈਅ ਜਾਂ ਸ਼ਕਤੀ ਨੂੰ ਅਸੀਂ ਕਿਸ ਦ੍ਰਿਸ਼ਟੀਕੋਣ ਨਾਲ ਦੇਖਦੇ ਹਾਂ, ਇਹ ਅੰਦਰ ਵਸਦੇ ਸੰਸਾਰ ਮਨ, ਚਿਤ, ਬੁੱਧ ਤੇ ਅਹੰਭਾਵ ਤੇ ਨਿਰਭਰ ਕਰਦਾ ਹੈ। ਜਿੰਨਾ ਕਿਸੇ ਦਾ ਮਨ ਨਿਰਮਲ ਓਨੀ ਹੀ ਉਸ ਦੀ ਦ੍ਰਿਸ਼ਟੀ ਨਿਰਮਲ। ਇਸ ਮਨ ਨੂੰ ਜਨਮਾਂ-ਜਨਮਾਂ ਦੀ ਮੈਲ ਲੱਗੀ ਹੋਣ ਕਰਕੇ ਇਸ ਦਾ ਨਿਰਮਲ ਹੋਣਾ ਕੋਈ ਸੁਖੈਨ ਖੇਡ ਨਹੀਂ ਹੈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*

*ਅੰਗ - ੬੫੧*

ਮੈਲੇ ਮਨ ਨੂੰ ਮੈਲਾ ਨਜ਼ਰ ਆਏਗਾ। ਜਿਹੋ ਜਿਹੀ ਕਿਸੇ ਦੀ ਐਨਕ ਦਾ ਰੰਗ ਹੈ, ਉਸ ਤਰ੍ਹਾਂ ਦਾ ਸੰਸਾਰ ਨਜ਼ਰ ਆਉਂਦਾ ਹੈ। ਹਰੀ, ਲਾਲ, ਪੀਲੀ ਇਤਿਆਦਿਕ ਐਨਕਾਂ ਦੇ ਰੰਗਾਂ ਵਿਚੋਂ ਅਲੱਗ-ਅਲੱਗ ਰੰਗਾਂ ਵਿਚ ਰੰਗਿਆ ਸੰਸਾਰ ਨਜ਼ਰ ਆਵੇਗਾ। ਕੀ ਕੋਈ ਐਸਾ ਰੰਗ ਵੀ ਹੈ ਜੋ ਵਾਹਿਗੁਰੂ ਨੂੰ ਭਾਉਂਦਾ ਹੈ? ਇਸ ਵੀਚਾਰ ਦਾ ਹੱਲ ਗੁਰਬਾਣੀ ਵਿਚੋਂ ਲੱਭਣ ਦੀ ਕੋਸ਼ਿਸ਼ ਕਰਦੇ ਹਾਂ। ਪ੍ਰਮੇਸ਼ਰ ਆਪ ਇਕ ਤੋਂ ਅਨੇਕ ਰੰਗਾਂ ਵਿਚ ਖੇਡ ਰਿਹਾ ਹੈ -

*ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥*
*ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥ ੨੨ ॥ ੨ ॥*

*ਅੰਗ- ੭੨੬*

ਅਨੇਕਤਾ ਵਿਚ ਏਕਤਾ ਦਾ ਵਰਤਾਰਾ ਹੈ -

*ਅਮਾਨ ਹੈਂ॥ ਨਿਧਾਨ ਹੈਂ॥*
*ਅਨੇਕ ਹੈਂ॥ ਫਿਰਿ ਏਕ ਹੈਂ॥* (ਜਾਪੁ ਸਾਹਿਬ)

ਰੰਗ ਪਰੰਗ ਉਪਾਰਜਨਾ ਦਾ ਸਦੀਵੀ ਕਾਲ ਸਿਧਾਂਤ ਸੰਸਾਰ ਅੰਦਰ ਵਰਤ ਰਿਹਾ ਹੈ। ਸਾਰੀ ਸ੍ਰਿਸ਼ਟੀ ਵਿਚ ਉਹ ਆਪ ਵਿਦਮਾਨ ਹੈ। ਪਰ ਦਿਸਦਾ ਕਿਉਂ ਨਹੀਂ? ਸਭ ਨੂੰ ਨਜ਼ਰ ਕਿਉਂ ਨਹੀਂ ਆਉਂਦਾ? ਇਸੇ ਪ੍ਰਸ਼ਨ ਵਿਚੋਂ ਜਵਾਬ ਮਿਲ ਰਿਹਾ ਹੈ। ਦਿਸਦਾ ਤਾਂ ਨਹੀਂ ਕਿ ਸਾਡੇ ਕੋਲ ਉਹ ਦੇਖਣ ਵਾਲੀ ਅੱਖ ਨਹੀਂ। ਸਾਡੇ ਕੋਲ ਉਹ ਸੁਣਨ ਵਾਲੇ ਦਿਬਯ ਕੰਨ ਅਤੇ ਮਹਿਸੂਸ ਕਰਨ ਵਾਲੀ ਦਿਬਯ ਸਪਰਸ਼ ਨਹੀਂ ਹੈ। ਜਦੋਂ ਦਿੱਬ ਨੇਤਰਾਂ ਅਤੇ ਕੰਨਾਂ ਦੀ ਪ੍ਰਾਪਤੀ ਹੋ ਗਈ -

*ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥*

*ਅੰਗ- ੫੭੭*

ਜਦੋਂ ਸਮਰੱਥ ਸਤਿਗੁਰੂ ਨੇ ਗਿਆਨ ਦਾ ਸੁਰਮਾ ਪਾ ਦਿਤਾ ਤਾਂ -

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*

*ਅੰਗ- ੨੯੩*

ਇਹੀ ਸੰਸਾਰ ਉਸ ਪਰਮ ਸ਼ਕਤੀ ਦਾ ਨੂਰ ਨਜ਼ਰ ਆਵੇਗਾ-

*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*

*ਅੰਗ- ੯੨੨*

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥*

*ਅੰਗ- ੬੧੦*

*ਨਾ ਕੋ ਮੂਰਖੁ ਨਾ ਕੋ ਸਿਆਣਾ ॥*
*ਵਰਤੈ ਸਭ ਕਿਛੁ ਤੇਰਾ ਭਾਣਾ ॥* *ਅੰਗ- ੯੮*

ਸਮਰੱਥ ਸਤਿਗੁਰੂ ਵਲੋਂ ਬਖਸ਼ੀ ਗਿਆਨ ਰੂਪੀ ਨੇਤਰਾਂ ਵਾਲੀ ਐਨਕ ਰਾਹੀਂ ਵੇਖਣ ਨਾਲ ਫਿਰ ਦੂਜਾ ਕੋਈ ਨਜ਼ਰ ਨਹੀਂ ਆਉਂਦਾ। 'ਆਤਮ ਮਾਰਗ' ਦਾ ਇਹੀ ਲਖਸ਼ ਹੈ। ਇਹੀ ਮੰਜ਼ਿਲ-ਏ-ਮਕਸੂਦ ਹੈ। ਇਸੇ ਨੂੰ ਆਤਮ ਮਾਰਗ ਕਿਹਾ ਜਾਂਦਾ ਹੈ।

ਇਸ ਸਿਧਾਂਤ ਦੀ ਪੁਸ਼ਟੀ ਹੋਰ ਵੀ ਸੁਚੱਜੀ ਹੋ ਜਾਂਦੀ ਹੈ ਜਦੋਂ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਭੂਟਾਨ ਦੀ ਸੰਗਤ 'ਤੇ ਕੀਤੀ ਬਖਸ਼ਿਸ਼ ਨੂੰ ਯਾਦ ਕਰਦੇ ਹਾਂ। ਭੂਟਾਨ ਦੀ ਸੰਗਤ ਵਲੋਂ ਸਤਿਗੁਰੂ ਨੂੰ ਗ੍ਰਿਹਸਤ ਜੀਵਨ 'ਚ ਰਹਿੰਦੇ ਹੋਏ ਆਪਣੇ ਉਧਾਰ ਦਾ ਰਸਤਾ ਪੁਛਿਆ ਕਿ ਸੱਚੇ ਪਾਤਸ਼ਾਹ! ਸਾਡਾ ਗ੍ਰਿਹਸਤੀਆਂ ਦਾ ਵੀ ਉਧਾਰ ਹੋ ਸਕਦਾ ਹੈ?

ਮਹਾਰਾਜ ਜੀ ਨੇ ਬਖਸ਼ਿਸ਼ ਕਰਦੇ ਹੋਏ ਬਚਨ ਕੀਤੇ ਕਿ ਕਿਉਂ ਨਹੀਂ? ਤੁਸੀਂ ਤਾਂ ਪਹਿਲ ਦੇ ਅਧਾਰ 'ਤੇ ਹੋ। ਗੁਰਮਤਿ ਦਾ ਮਾਰਗ ਹੀ ਇਹ ਹੈ -

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*

*ਅੰਗ- ੯੩੮*

ਸ੍ਰੀ ਗੁਰੂ ਨਾਨਕ ਸਾਹਿਬ ਦਾ ਮਾਰਗ ਹੀ ਸੁਰਤਿ ਸਬਦ ਦਾ ਮਾਰਗ ਹੈ। ਘਰ ਵਿਚ ਰਹਿੰਦੇ ਹੋਏ ਸਾਰੀਆਂ ਜ਼ਿੰਮੇਵਾਰੀਆਂ ਸੰਭਾਲਦੇ ਹੋਏ ਫਿਰ ਉਸ ਦੀ ਪ੍ਰਾਪਤੀ ਕਰਨੀ ਹੈ -

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥ ਅੰਗ - ੫੨੨*

ਕੇਵਲ ਪੂਰੀ ਜੁਗਤਿ ਦੀ ਲੋੜ ਹੈ -

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥*
*ਅੰਗ- ੫੨੨*

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥*
*ਅੰਗ- ੧੩੭੬*

ਸਤਿਗੁਰ ਸੱਚੇ ਪਾਤਸ਼ਾਹ ਨੇ ਉਹਨਾਂ ਨੂੰ ਮੁਕਤੀ ਦਾ ਸੁਖੈਨ ਮਾਰਗ ਦਸਦੇ ਹੋਏ ਪੂਰੀ ਜੁਗਤਿ ਦੀ ਬਖਸ਼ਿਸ਼ ਕੀਤੀ। ਸਮਝਾਉਣਾ ਕੀਤਾ ਕਿ ਪਿਆਰਿਓ! ਤੁਸੀਂ ਦ੍ਰਿਸ਼ਟੀ ਭੇਦ ਨੂੰ ਸਮਝਣਾ ਹੈ। ਦ੍ਰਿਸ਼ਟੀ ਦੋ ਤਰ੍ਹਾਂ ਦੀ ਹੈ। ਇਕ ਸ਼ੇਰ ਦ੍ਰਿਸ਼ਟੀ ਹੈ ਅਤੇ ਇਕ ਕੂਕਰ ਦ੍ਰਿਸ਼ਟੀ। ਸੱਚੇ ਪਾਤਸ਼ਾਹ ਨੇ ਬਖਸ਼ਿਸ਼ ਕਰਦੇ ਹੋਏ, ਮਿਹਰ ਕੀਤੀ ਕਿ ਦੇਖੋ ਸ਼ੇਰ ਵਾਰ ਕਰਨ ਵਾਲੇ ਤੇ ਨਿਗ੍ਹਾ ਰਖਦਾ ਹੈ, ਵਾਰ ਦੇ ਸਾਧਨ 'ਤੇ ਨਹੀਂ। ਸ਼ੇਰ ਗੋਲੀ ਆਦਿਕ ਨੂੰ ਨਹੀਂ ਪੈਂਦਾ, ਜਿਥੋਂ ਗੋਲੀ ਆ ਰਹੀ ਹੈ ਉਥੇ ਨਿਗ੍ਹਾ ਟਿਕਾਉਂਦਾ ਹੋਇਆ ਝਪਟ ਮਾਰਦਾ ਹੈ। ਦੂਜੇ ਪਾਸੇ ਕੂਕਰ ਵਾਰ ਦੇ ਸਾਧਨ ਡੰਡੇ, ਰੋੜੇ, ਇੱਟ ਵੱਟੇ ਨੂੰ ਨਿਗ੍ਹਾ ਵਿਚ ਰਖਦਾ ਹੋਇਆ ਉਸ ਉਪਰ ਵਾਰ ਕਰਦਾ ਹੈ। ਵਾਰ ਕਰਨ ਵਾਲੇ 'ਤੇ ਨਿਗ੍ਹਾ ਨਹੀਂ ਰਖਦਾ। ਸਮਝਣ ਵਾਲੀ ਵੀਚਾਰ ਹੈ ਕਿ ਇਸ ਮੰਡਲ ਵਿਚ ਦੇਣਹਾਰ ਦਾਤਾਰ ਕੇਵਲ ਪ੍ਰਮੇਸ਼ਰ ਹੈ।

*ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥*
*ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥*
*ਅੰਗ - ੨੫੭*

*ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥*
*ਅੰਗ- ੨*

*ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ ॥ ਅੰਗ - ੬੫੨*

*ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ*
*ਸਰਬ ਜੀਆ ਕਾ ਦਾਤਾ ਰੇ ॥ ਅੰਗ- ੬੧੨*

*ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥*
*ਅੰਗ- ੨*

*ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥*
*ਦੇਵਨ ਕਉ ਏਕੈ ਭਗਵਾਨੁ ॥ ਅੰਗ- ੨੮੧*

ਇਸ ਸੰਸਾਰ ਤੋਂ ਨਿਗ੍ਹਾ/ਦ੍ਰਿਸ਼ਟੀ ਚੁੱਕ ਕੇ ਉਸ ਦੇਣਹਾਰ ਦਾਤਾਰ 'ਤੇ ਰਖਣੀ ਹੈ।'ਦਾਤੇ ਦੀਆਂ ਬਖਸ਼ੀਆਂ ਦਾਤਾਂ' ਵਿਚ ਲੋਭਾਇਮਾਨ ਨਹੀਂ ਹੋਣਾ, ਵਰਤੋਂ ਸੰਜਮ 'ਚ ਰਹਿ ਕੇ ਕਰਨੀ ਹੈ, ਪਰ ਸੋ ਹੱਥ ਰੱਸਾ ਸਿਰੇ ਤੇ ਗੰਢ ਵਾਂਗੂੰ ਸੰਸਾਰ ਦੇ ਪਿੱਛੇ 'ਤੇ ਅੰਦਰ ਵਸਦੀ ਸ਼ਕਤੀ ਤੇ ਦ੍ਰਿਸ਼ਟੀ ਰਖਦੇ ਹੋਏ ਜੀਵਨ ਨਿਰਬਾਹ ਕਰਨਾ ਹੈ। ਇਹੀ ਮੁਕਤੀ ਦਾ ਸੁਖੈਨ ਮਾਰਗ ਹੈ। ਇਹੀ ਜੁਗਤਿ ਪੂਰੀ ਜੁਗਤ ਹੈ।

ਪਰ ਇਹ ਦ੍ਰਿਸ਼ਟੀ ਮਿਲਣੀ ਮਨੁੱਖ ਦੇ ਆਪਣੇ ਵਸ ਵਿਚ ਨਹੀਂ? ਸਮਰੱਥ ਸਤਿਗੁਰ ਦੀ ਕ੍ਰਿਪਾ ਸਦਕਾ ਇਹ ਮਾਰਗ ਸੁਖੈਨ ਵੀ ਹੈ ਪਰ ਬਖਸ਼ਿਸ਼ ਤੋਂ ਬਿਨਾਂ ਔਖਾ ਵੀ ਬਹੁਤ ਹੈ। ਮਿਹਨਤ, ਉਦਮ, ਪਿਆਰ, ਵੈਰਾਗ ਦੇ ਸਦਕੇ ਬਖਸ਼ਿਸ਼ ਦੇ ਪਾਤਰ ਬਣਨਾ ਹੈ।

ਪਿਛਲੇ ਕਈ ਜਨਮਾਂ ਦੇ ਇਸ ਜੀਵ ਅੰਦਰ ਸੰਸਕਾਰ ਪਏ ਹਨ ਜੋ ਇਸ ਦਾ ਅਗਲਾ ਮਾਰਗ ਤੈਅ ਕਰਦੇ ਹਨ। ਰਜੋ, ਤਮੋ, ਸਤੋ ਗੁਣੀ ਲਹਿਰਾਂ ਹਰ ਵਕਤ ਇਸ 'ਤੇ ਅਸਰ ਪਾ ਰਹੀਆਂ ਹਨ -

*ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥*
*ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ*
*ਤਉ ਗੁਣ ਨਾਹੀ ਅੰਤੁ ਹਰੇ ॥ ਅੰਗ - ੯੯੦*

ਅੰਤਸ਼ਕਰਣ ਦੇ ਅੰਦਰ ਜੋ ਚਾਰਾਂ ਦਾ ਸੁਮੇਲ ਹੈ (ਮਨ, ਚਿਤ, ਬੁੱਧ ਤੇ ਅਹੰਭਾਵ) ਉਤੇ ਚੰਗੇ ਮੰਦੇ ਖਿਆਲਾਂ ਦੇ ਸੰਸਕਾਰ ਕ੍ਰੋੜਾਂ ਜਨਮਾਂ ਦੇ ਜਮ੍ਹਾਂ ਪਏ ਹਨ। ਹੁਣ ਵੀ ਸੰਸਕਾਰ ਅਸਰ ਪਾ ਰਹੇ ਹਨ। ਇਹਨਾਂ ਇਕੱਠੇ ਹੋਏ ਸੰਸਕਾਰਾਂ ਕਰਕੇ ਇਸ ਜੀਵ ਦਾ ਸੁਭਾਅ ਬਣਦਾ ਹੈ ਤੇ ਸੁਭਾਅ ਤੋਂ ਇਸ ਦੀ ਕਿਰਤ ਬਣਦੀ ਹੈ। ਜਿਵੇਂ-ਜਿਵੇਂ ਸੰਸਕਾਰਾਂ ਦਾ ਸਮੂੰਹ ਇਸਨੂੰ ਪ੍ਰੇਰਦਾ ਹੈ ਤਿਵੇਂ ਹੀ ਉਹ ਕਿਰਤ ਕਰਦਾ ਚਲਿਆ ਜਾਂਦਾ ਹੈ। ਤਾਂ ਹੀ ਮਹਾਰਾਜ ਚੇਤਾਵਨੀ ਦਿੰਦੇ ਹੋਏ ਪ੍ਰੇਰਦੇ ਹਨ -

*ਚਿਤ ਚੇਤਸਿ ਕੀ ਨਹੀ ਬਾਵਰਿਆ ॥*
*ਹਰਿ ਬਿਸਰਤ ਤੇਰੇ ਗੁਣ ਗਲਿਆ ॥ ਅੰਗ - ੯੯੦*

ਕਿਰਤ ਹੀ ਇਹ ਦ੍ਰਿਸ਼ਟੀ ਭੇਦ ਦਾ ਕਾਰਨ ਬਣ ਰਹੀ ਹੈ। ਫਿਰ ਸੱਚੇ ਪਾਤਸ਼ਾਹ ਇਸ ਜੀਵ ਤੇ ਤਰਸ ਕਰਦੇ ਹੋਏ ਬਖਸ਼ਿਸ਼ ਕਰਦੇ ਹਨ ਕਿ ਪਿਆਰਿਆ! ਅਰਦਾਸ ਕਰ। ਅਰਦਾਸ ਹੀ ਤੈਨੂੰ ਮੇਲ ਸਕਦੀ ਹੈ, ਟੁੱਟੀ ਗੰਢ ਸਕਦੀ ਹੈ। ਇਹ ਅਰਦਾਸ ਹੀ ਤੇਰੇ ਮੁਰਝਾਏ ਕੰਵਲ ਫੁੱਲ ਨੂੰ ਖਿੜਾ ਸਕਦੀ ਹੈ। ਇਹੀ ਅਰਦਾਸ ਤੇਰੇ ਜੀਵਨ ਅੰਦਰ ਖੁਸ਼ਬੋ ਭਰ ਸਕਦੀ ਹੈ। ਇਸੇ ਅਰਦਾਸ ਸਦਕਾ ਤੇਰਾ ਮੁਰਝਾਇਆ, ਕੁਮਲਾਇਆ, ਪਤਝੜੀ, ਅੰਤਸ਼ਕਰਣ ਮੁੜ ਕੇ ਹਰਾ ਭਰਾ, ਨਵਾਂ ਨਰੋਆ, ਖੁਸ਼ਬੋਦਾਰ ਬਣ ਜਾਵੇਗਾ -

*(ਬਾਕੀ ਪੰਨਾ 15 'ਤੇ)*

# ਚੇਤਿ

**(ਚੇਤਿ ਮਹੀਨੇ ਦੀ ਸੰਗਰਾਂਦ ਮਾਰਚ 14, ਵੀਰਵਾਰ)**

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

**ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥**
**ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥**
**ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥**
**ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥**
**ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥**
**ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥**
**ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥**
**ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥**
**ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥**

***ਅੰਗ -੧੩੫***

ਅਸਾਡੇ ਦੇਸ਼ ਵਿਚ ਚੰਦ੍ਰਮਾ ਨਾਲ ਸਬੰਧ ਰਖਦਾ ਦੇਸੀ ਸਾਲ ਚੇਤ ਦੇ ਮਹੀਨੇ ਵਿਚ ਸ਼ੁਰੂ ਹੁੰਦਾ ਹੈ। ਭਾਰਤੀ ਸੰਸਕ੍ਰਿਤੀ ਅਨਸੁਾਰ ਅਸਾਡੇ ਬਜ਼ੁਰਗ, ਜਿਨ੍ਹਾਂ ਨੇ ਆਪਣੇ ਜੀਵਨ, ਅੰਦਰਲੀ ਖੋਜ ਵਿਚ ਲਾ ਦਿਤੇ, ਜਿਨ੍ਹਾਂ ਨੂੰ ਰਿਸ਼ੀ-ਮੁਨੀ ਸਾਧੂ ਸੰਤ ਕਹਿ ਕੇ ਸਤਿਕਾਰਿਆ ਜਾਂਦਾ ਸੀ, ਉਨ੍ਹਾਂ ਦੀ ਦ੍ਰਿਸ਼ਟੀ ਵਿਚ ਸਾਰੀਆਂ ਹੀ ਸ਼ਕਤੀਆਂ, ਪਉਣ-ਪਾਣੀ, ਬੈਸੰਤਰ, ਧਰਤੀ, ਚੰਦ, ਸੂਰਜ ਸਾਰੇ ਗ੍ਰਹਿ ਸਜੀਵ ਰੂਪ ਵਿਚ ਪ੍ਰਤੀਤ ਦਿੰਦੇ ਸਨ ਜਿਨ੍ਹਾਂ ਨੂੰ ਵੱਖਰੇ-ਵੱਖਰੇ ਤੱਤਾਂ ਦੇ ਅਧਿਸ਼ਠਾਨ ਦੇਵਤੇ ਦੇ ਨਾਮ ਨਾਲ ਪੁਕਾਰਿਆ ਜਾਂਦਾ ਸੀ। ਉਨ੍ਹਾਂ ਗ੍ਰੈਹਾਂ ਦੀ ਵੀ ਖੋਜ ਕੀਤੀ, ਉਨ੍ਹਾਂ ਦਾ ਸਬੰਧ ਜੀਵ ਦੇ ਨਿਤ ਲੰਘ ਰਹੇ ਜੀਵਨ ਦੇ ਨਾਲ ਜੋੜਿਆ, ਉਨ੍ਹਾਂ ਗ੍ਰੈਹਾਂ, ਨਛੱਤਰਾਂ ਦੇ ਅਸਰ ਮਨੁੱਖਾਂ ਉਤੇ ਪੈਂਦਿਆਂ ਨੂੰ ਪਰਖਿਆ, ਬੇਅੰਤ ਤਜਰਬੇ ਕੀਤੇ ਅਤੇ ਜੋਤਿਸ਼ ਵਿਦਿਆ ਅਤੇ ਖਗੋਲ ਵਿਦਿਆ ਨੇ ਜਨਮ ਲਿਆ। ਭਾਰਤ ਵਰਸ਼ ਵਿਚ ਸਮੇਂ ਦੀ ਵੰਡ ਅਨੁਸਾਰ ਦੋ ਮਹੀਨਿਆਂ ਦੇ ਸਮੇਂ ਗਿਣ ਕੇ ਰੁਤਾਂ ਸਥਾਪਿਤ ਕੀਤੀਆਂ। ਇਨ੍ਹਾਂ ਨਾਲ ਸਬੰਧਿਤ ਦਿਨ ਬਣਾਏ, ਉਨ੍ਹਾਂ ਦਿਨਾਂ ਦਾ ਅਸਰ ਭਲੇ ਬੁਰੇ ਸ਼ਗਨਾਂ ਦਾ ਅਸਰ ਭਾਂਪ ਕੇ ਆਦਮੀ ਦੇ ਜੀਵਨ ਨਾਲ ਸਬੰਧਿਤ ਕੀਤਾ। ਇਸ ਤਰ੍ਹਾਂ ਇਕ ਸਧਾਰਨ ਆਦਮੀ ਵਾਤਾਵਰਨ ਦੇ ਕਿੰਨਾ ਅਧੀਨ ਹੈ, ਇਹ ਵੀ ਜਾਂਚ ਪਰਖ ਕੀਤੀ ਜਿਸ ਦੇ ਅਧਾਰ ਉਪਰ ਹਰ ਇਕ ਮਨੁੱਖ ਦੀ ਜਨਮ ਪਤਰੀ ਬਣਾਈ। ਇਹ ਇਕ ਵਿਦਿਆ ਸੀ ਜਿਸਨੂੰ 14 ਵਿਦਿਆਵਾਂ ਵਿਚ ਗਿਣਿਆਂ ਜਾਂਦਾ ਸੀ। ਗ੍ਰੈਹਾਂ ਤੋਂ ਬਚਣ ਲਈ ਧਾਤਾਂ ਤੇ ਪੱਥਰਾਂ, ਹੀਰੇ ਜਵਾਹਰਾਤ, ਪਦਮ, ਲਸਣ ਵਗੈਰਾ ਦੀ ਖੋਜ ਕਰਕੇ ਉਨ੍ਹਾਂ ਨੂੰ bad conductor ਕਰਕੇ ਥਾਪਿਆ। ਇਹ ਧਾਤਾਂ ਤੇ ਪੱਥਰ ਗ੍ਰੈਹਾਂ ਦੇ ਬੁਰੇ ਅਸਰ ਨੂੰ ਖਤਮ ਕਰਦੀਆਂ ਸਨ। ਇਸੇ ਤਰ੍ਹਾਂ ਨਾਲ ਜੀਵਨ ਦੀ ਚਾਲ ਹਰ ਬੰਦੇ ਨੂੰ ਡਰ ਪੈਦਾ ਕਰ ਰਹੀ ਸੀ। ਉਹ ਨਹੀਂ ਜਾਣਦਾ ਸੀ ਕਲ੍ਹ ਨੂੰ ਕੀ ਹੋ ਜਾਣਾ ਹੈ? ਕਿਹੜੇ ਗ੍ਰਹਿ ਦਾ ਅਸਰ ਮੇਰੇ ਉਤੇ ਚਲ ਰਿਹਾ ਹੈ? ਜਿਸ ਤਰ੍ਹਾਂ ਨਾਲ ਮੈਡੀਕਲ ਸਾਇੰਸ ਨੂੰ ਪਤਾ ਹੈ ਕਿ ਆਦਮੀ ਦੀ ਬਿਰਤੀ ਇਕ ਰਸ ਕਿਉਂ ਨਹੀਂ ਰਹਿੰਦੀ, ਕਦੇ ਇਸਦਾ nervous system ਪੂਰੀ ਤਰ੍ਹਾਂ ਕੰਮ ਕਰਦਾ ਹੈ, ਨਚਦਾ ਹੈ, ਟਪਦਾ ਹੈ, ਖੁਸ਼ੀਆਂ ਮਨਾਉਂਦਾ ਹੈ ਬਹੁਤ ਉਤਸ਼ਾਹ ਨਾਲ ਜੀਵਨ ਬਤੀਤ ਕਰਦਾ ਹੈ ਤੇ ਜਦੋਂ ਲਗਾਤਾਰ ਚਿੰਤਾ ਨਾਲ nervous system ਕਮਜ਼ੋਰ ਹੋ ਜਾਵੇ ਤਾਂ ਆਦਮੀ ਦੀ ਸੋਚ ਵਿਚ ਫਰਕ ਆ ਜਾਂਦਾ ਹੈ ਅਤੇ ਆਦਮੀ ਦਾ ਸੁਭਾਅ ਚਿੜਚਿੜਾ ਹੋ ਜਾਂਦਾ ਹੈ। ਉਸਨੂੰ ਕੋਈ ਚੰਗਾ ਨਹੀਂ ਲਗਦਾ, ਕਿਤੇ ਜਾਣ ਨੂੰ ਉਸਦਾ ਜੀਅ ਨਹੀਂ ਕਰਦਾ, ਕਿਸੇ ਨਾਲ ਬੋਲਣ ਨੂੰ ਜੀਅ ਨਹੀਂ ਕਰਦਾ। ਅੰਦਰੋਂ ਆਪ-ਮੁਹਾਰੇ ਉਭੇ ਸਾਹ, ਲੰਬੇ ਹਉਕੇ ਆਉਂਦੇ ਹਨ। ਉਸਦੇ ਚਿਹਰੇ ਤੇ ਉਦਾਸੀ ਦੇ ਚਿੰਨ ਨਜ਼ਰ ਆਉਣ ਲਗ ਜਾਂਦੇ ਹਨ। ਸਿਆਣੇ ਡਾਕਟਰ ਦਵਾਈ ਦਿੰਦੇ ਹਨ, ਵਾਤਾਵਰਨ ਬਦਲਣ ਲਈ ਸਲਾਹ ਦਿੰਦੇ ਹਨ। ਤੀਰਥਾਂ, ਪਹਾੜਾਂ ਜਾਂ ਸਾਧੂਆਂ ਸੰਤਾਂ ਦੇ ਦਰਸ਼ਨ ਕਰਨ ਦੀ ਸਲਾਹ ਦਿੰਦੇ ਹਨ, ਉਨ੍ਹਾਂ ਰਿਸ਼ਤੇਦਾਰਾਂ ਨਾਲ ਜਿਨ੍ਹਾਂ ਦੇ ਮਿਲਣ ਤੇ ਖੁਸ਼ੀਆਂ ਮਿਲਣ, ਉਨ੍ਹਾਂ ਨਾਲ ਮਿਲਣ-ਜੁਲਣ ਦੀ

ਸਲਾਹ ਦਿੰਦੇ ਹਨ। ਰੁਝੇਵੇਂ ਭਰਿਆ ਜੀਵਨ ਗੁਜ਼ਾਰਨ ਲਈ ਆਖਦੇ ਹਨ ਅਤੇ ਦਵਾਈ ਦੇ ਕੇ ਕੁਝ ਚਿਰ ਵਿਚ ਹੀ ਉਸਨੂੰ ਰਾਜ਼ੀ ਕਰ ਦਿੰਦੇ ਹਨ। ਇਸੇ ਤਰ੍ਹਾਂ ਨਾਲ ਅਸਾਡੇ ਪੁਰਾਣੇ ਬਜ਼ੁਰਗਾਂ ਨੇ, ਜਿਹੜੇ ਦਿਨ ਰਾਤ ਜੰਗਲਾਂ ਵਿਚ ਬੈਠ ਕੇ ਅੰਦਰਲੇ ਅਤੇ ਪ੍ਰਕ੍ਰਿਤੀ ਦੇ ਅਸਰਾਂ ਦੀ ਖੋਜ ਵਿਚ ਲੱਗੇ ਰਹਿੰਦੇ ਸਨ, ਉਨ੍ਹਾਂ ਦੇ ਮਤ ਅਨੁਸਾਰ ਇਹ ਵੀ ਜਾਣਿਆਂ ਜਾਂਦਾ ਸੀ ਕਿ ਜਦੋਂ ਮਹੀਨਾ ਚੜ੍ਹਦਾ ਹੈ, ਸੂਰਜ ਆਪਣੀ ਚਾਲ ਬਦਲਦਾ ਹੈ, ਚੰਦਰਮਾ ਆਪਣੀ ਨਵੀਂ ਚਾਲ ਦਾ ਮਾਰਗ ਅਪਣਾਉਂਦਾ ਹੈ ਤਾਂ ਉਸ ਦਿਨ ਜੋ ਮਹੀਨਾ ਸ਼ੁਰੂ ਹੁੰਦਾ ਹੈ, ਉਹ ਕਿਸੇ ਮਹਾਂਪੁਰਸ਼ ਦੇ ਮੁਖ ਤੋਂ ਸੁਣਿਆ ਜਾਵੇ। ਉਸ ਮਹਾਂਪੁਰਸ਼ ਦੇ ਮੁਖ ਤੋਂ ਮਹੀਨੇ ਦਾ ਨਾਉਂ ਸੁਣ ਕੇ ਨਿਸ਼ਚੇਪੂਰਵਕ ਇਹ ਸਮਝ ਜਾਂਦਾ ਸੀ ਕਿ ਮੇਰੇ ਜੋ ਆਉਣ ਵਾਲੇ ਮਹੀਨੇ ਵਿਚ ਵਿਘਨ ਹਨ, ਉਨ੍ਹਾਂ ਦੇ ਅਸਰ ਬਹੁਤ ਹੀ ਘਟ ਕੇ ਵਰਤਣੇ ਹਨ ਅਤੇ ਮਹੀਨਾ ਸੁਖ-ਸਾਂਦ ਨਾਲ ਲੰਘ ਜਾਵੇਗਾ। ਗੁਰਮਤਿ ਅਨੁਸਾਰ ਇਨ੍ਹਾਂ ਗ੍ਰੈਹਾਂ, ਦਿਨਾਂ, ਵਾਰਾਂ ਦੇ ਅਸਰਾਂ ਦੇ ਮੁਕਾਬਲੇ ਵਿਚ ਗੁਰੂ ਮਹਾਰਾਜ ਜੀ ਨੇ ਨਾਮ ਸ਼ਕਤੀ ਨਾਲ ਜੁੜਨ ਦਾ ਸਾਧਨ ਦਸਿਆ। ਨਾਮ ਨੂੰ ਹਿਰਦੇ ਵਿਚ ਵਸਾਉਣਾ ਅਤੇ ਗੁਰੂ ਦਾ ਸਰੂਪ ਹਿਰਦੇ ਵਿਚ ਧਾਰਨਾ ਕਰਨਾ, ਵਾਹਿਗੁਰੂ ਜੀ ਦੀ ਪ੍ਰੀਪੂਰਨਤਾ ਨਾਲ ਸਦਾ ਹੀ ਜੁੜੇ ਰਹਿਣਾ, ਉਹ ਇਕ ਕਵੱਚ ਦਸਿਆ ਜੋ ਕਿਲੇ ਦਾ ਕੰਮ ਕਰਦਾ ਹੈ, ਸੰਜੋਅ ਬਣਦਾ ਹੈ। ਨਾਮ ਜਪਣ ਵਾਲੇ ਉਪਰ ਕੋਈ ਵਿਘਨ ਹਾਵੀ ਨਹੀਂ ਹੁੰਦਾ ਜਿਵੇਂ ਕਿ ਫੁਰਮਾਨ ਹੈ -

***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥***
***ਅੰਗ - 262***

ਅਤੇ ਇਸ ਦੇ ਮੁਕਾਬਲੇ ਵਿਚ ਜੋ ਨਾਮ ਸ਼ਕਤੀ ਨਾਲ ਜੁੜ ਨਹੀਂ ਸਕਦਾ, ਜਿਨ੍ਹਾਂ ਦੇ ਅੰਦਰ ਨਾਮ ਧੁਨ ਅਜੇ ਸੁਣਨ ਨਹੀਂ ਲੱਗੀ, ਜੋ ਵਾਹਿਗੁਰੂ ਜੀ ਦੀ ਹੋਂਦ ਤੋਂ ਅਚੇਤ ਹਨ, ਜਿਨ੍ਹਾਂ ਨੇ ਕੋਈ ਗੁਰੂ ਨਹੀਂ ਧਾਰਨ ਕਰਿਆ ਅਤੇ ਗੁਰੂ ਤੋਂ ਮੰਤਰ ਲੈ ਕੇ ਉਸ ਦਾ ਜਾਪ ਨਹੀਂ ਕਰਦੇ ਅਤੇ ਨਾਮ ਦੀ ਪਰੀਪੂਰਨਤਾ ਉਤੇ ਵਿਸ਼ਵਾਸ਼ ਨਹੀਂ ਰਖਦੇ ਉਨ੍ਹਾਂ ਨੂੰ ਦਿਨ, ਵਾਰ, ਮਹੀਨੇ, ਗ੍ਰਹਿ ਆਪਣਾ ਅਸਰ ਹਰ ਹਾਲਤ ਵਿਚ ਦਿਖਾਉਂਦੇ ਹਨ। ਉਹ ਜਤਨ ਕਰਦਾ ਹੈ ਪਰ ਵਿਘਨਾਂ ਦਾ ਉਭਾਰ ਉਸਦੀ ਪੇਸ਼ ਨਹੀਂ ਜਾਣ ਦਿੰਦਾ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ -

***ਕੋਟਿ ਬਿਘਨ ਤਿਸੁ ਲਾਗਤੇ***
***ਜਿਸ ਨੋ ਵਿਸਰੈ ਨਾਉ॥***
***ਨਾਨਕ ਅਨਦਿਨੁ ਬਿਲਪਤੇ***
***ਜਿਉ ਸੁੰਞੈ ਘਰਿ ਕਾਉ॥ ਅੰਗ - 524***

ਇਸ ਤਰ੍ਹਾਂ ਦੇ ਭੁੱਲਣ ਨਾਲ ਵਿਘਨ ਵਿਆਪ ਜਾਂਦੇ ਹਨ। ਜਦੋਂ ਵਾਹਿਗੁਰੂ ਜੀ ਦਾ ਨਾਮ ਹਿਰਦੇ ਵਿਚ ਵਸ ਜਾਵੇ ਤਾਂ ਗੁਰੂ ਮਹਾਰਾਜ ਫੁਰਮਾਉਂਦੇ ਹਨ -

***ਰਾਮੁ ਜਪਹੁ ਵਡਭਾਗੀਹੋ***
***ਜਲਿ ਥਲਿ ਪੂਰਨੁ ਸੋਇ॥***
***ਨਾਨਕ ਨਾਮਿ ਧਿਆਇਐ***
***ਬਿਘਨੁ ਨ ਲਾਗੈ ਕੋਇ॥ ਅੰਗ - 524***

ਸ਼ੋਕ ਦੇ ਪਰਛਾਵੇਂ ਦੂਰ ਹੋ ਜਾਂਦੇ ਹਨ। ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ, ਸੁਖ, ਸਹਿਜ ਤੇ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ। ਇਥੋਂ ਤਕ ਕਿ ਨਾਮ ਜਪਣ ਦੇ ਨਾਲ ਜੰਮਣਾ ਤੇ ਮਰਨਾ ਖਤਮ ਹੋ ਜਾਂਦਾ ਹੈ। ਵਾਹਿਗੁਰੂ ਜੀ ਵਿਚ ਨਾਮ ਦਾ ਵਾਸਾ ਹੋ ਜਾਂਦਾ ਹੈ ਜਿਸ ਬਾਰੇ ਫੁਰਮਾਨ ਹੈ -

***ਸਿਮਰਿ ਸਿਮਰਿ ਦਾਤਾਰੁ ਮਨੋਰਥ ਪੂਰਿਆ॥***
***ਇਛ ਪੁੰਨੀ ਮਨਿ ਆਸ ਗਏ ਵਿਸੂਰਿਆ॥***
***ਪਾਇਆ ਨਾਮੁ ਨਿਧਾਨੁ ਜਿਸ ਨੋ ਭਾਲਦਾ॥***
***ਜੋਤਿ ਮਿਲੀ ਸੰਗਿ ਜੋਤਿ ਰਹਿਆ ਘਾਲਦਾ॥***
***ਸੂਖ ਸਹਜ ਆਨੰਦ ਵੁਠੇ ਤਿਤੁ ਘਰਿ॥***
***ਆਵਣ ਜਾਣ ਰਹੇ ਜਨਮੁ ਨ ਤਹਾ ਮਰਿ॥***
***ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸਟਾਇਆ॥***
***ਗੁਰ ਪ੍ਰਸਾਦਿ ਨਾਨਕ ਸਚਿ ਸਮਾਇਆ॥***
***ਅੰਗ - 524***

ਸੋ ਗੁਰਮਤਿ ਸਿਧਾਂਤ ਦੇ ਮੁਤਾਬਿਕ ਗ੍ਰਹਿ, ਵਾਰ, ਥਿਤਾਂ ਉਸ ਜੀਵਨ ਉਪਰ ਆਪਣਾ ਅਸਰ ਕਰਦੀਆਂ ਹਨ ਜਿਹੜੇ ਪ੍ਰਮੇਸ਼ਰ ਦੇ ਨਾਮ ਨਾਲੋਂ ਟੁੱਟੇ ਹੋਏ ਹਨ। ਜਿਸ ਦੇ ਹਿਰਦੇ ਵਿਚ ਨਾਮ ਵਸ ਗਿਆ, ਉਸ ਨੂੰ ਜੋ ਬਰਕਤਾਂ ਪ੍ਰਾਪਤ ਹੁੰਦੀਆਂ ਹਨ, ਉਹਦੇ ਬਾਰੇ ਸੁਖਮਨੀ ਸਾਹਿਬ ਦੀ ਪਹਿਲੀ ਅਸ਼ਟਪਦੀ ਵਿਚ ਖੋਲ੍ਹ ਕੇ ਵਰਨਣ ਕੀਤਾ ਗਿਆ ਹੈ। ਉਸ ਅਸ਼ਟਪਦੀ ਨੂੰ ਵਿਚਾਰਨ ਦੀ ਖੇਚਲ ਕਰੋ। ਅਸੀਂ ਇਸ ਥਾਂ ਜੋਤਸ਼ ਵਿਦਿਆ ਨੂੰ ਗਲਤ ਨਹੀਂ ਆਖਦੇ। ਉਹ ਇਕ ਵਿਦਿਆ ਹੈ, ਹਿਸਾਬ ਹੈ ਜੋ ਕਿਸੇ ਸਮੇਂ ਪੂਰੀ ਤਰ੍ਹਾਂ ਨਾਲ ਖੋਜੀ ਦੇ ਹਿਰਦੇ ਵਿਚ ਗਿਆਤ ਰਖਦੀ ਸੀ ਪਰ ਸਮੇਂ ਦੇ ਫੇਰ ਨਾਲ ਉਹ ਵਿਦਿਆ ਦੀ ਸੂਝ ਵੀ ਅਧੂਰੀ ਹੋ ਗਈ, ਉਸਨੂੰ ਵੀ computerise ਕਰ ਦਿਤਾ ਗਿਆ ਅਤੇ ਛਪੇ ਛਪਾਏ ਪਰਚੇ ਜੋਤਸ਼ੀ ਲੋਕ computer ਦਾ ਬਟਨ ਦੱਬ ਕੇ ਹੱਥ ਵਿਚ ਫੜਾ ਦਿੰਦੇ ਹਨ। ਇਥੇ ਅਸਾਡੇ ਸਾਮ੍ਹਣੇ ਮਸਲਾ ਇਹ ਨਹੀਂ ਹੈ ਕਿ ਅਸੀਂ ਜੋਤਸ਼ ਵਿਦਿਆ ਉਤੇ ਕੋਈ ਕਿੰਤੂ ਕਰੀਏ ਜਾਂ ਉਸ ਦਾ support (ਸਮਰੱਥਨ) ਕਰੀਏ। ਗੁਰਮਤਿ ਦਾ ਜੋ ਸਿਧਾਂਤ ਹੈ ਉਹ ਇਹ ਹੈ ਕਿ ਨਾਮ ਜਪਣ ਵਾਲੇ ਨੂੰ ਵਿਘਨਾਂ ਤੋਂ ਛੁਟਕਾਰਾ ਮਿਲਦਾ ਹੈ ਅਤੇ ਉਸਦੀਆਂ ਮਨ ਦੀਆਂ ਸ਼ੁਧ ਵਾਸ਼ਨਾਵਾਂ ਪੂਰੀਆਂ ਹੁੰਦੀਆਂ ਹਨ -

***ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥***
***ਪ੍ਰਭ ਕੈ ਸਿਮਰਨਿ***
***ਗਿਆਨੁ ਧਿਆਨੁ ਤਤੁ ਬੁਧਿ॥***
***ਅੰਗ - 262***

ਨਾਮ ਜਪਣ ਵਾਲਾ ਨਾਮ ਦੇ ਆਸਰੇ ਆਪਣੀ ਕਿਸਮਤ

ਬਦਲ ਲੈਂਦਾ ਹੈ ਅਤੇ ਜਿਸ ਚੀਜ਼ ਨੂੰ ਉਹ ਪ੍ਰਭੂ ਤੋਂ ਮੰਗਦਾ ਹੈ, ਉਹ ਉਸਨੂੰ ਪ੍ਰਾਪਤ ਹੋ ਜਾਂਦੀ ਹੈ ਕਿਉਂਕਿ ਗੁਪਤ ਸ਼ਕਤੀਆਂ ਉਸਦੀ ਆਗਿਆ ਵਿਚ ਚਲ ਕੇ ਆਪਣਾ ਭਲਾ ਮਨਾਉਂਦੀਆਂ ਹਨ ਜਿਸ ਤਰ੍ਹਾਂ ਕਿ –

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥*

*ਅੰਗ – 649*

*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ॥ ਅੰਗ – 714*

ਸੋ ਅਸਾਡਾ ਜਿਥੇ ਤਕ ਸਬੰਧ ਹੈ ਅਸੀਂ ਵਿਸ਼ਵਾਸ਼ ਰਖਦੇ ਹਾਂ ਕਿ ਨਾਮ ਜਪਣ ਦੇ ਨਾਲ ਅਸਾਡੇ ਜੀਵਨ ਦੀ ਚਾਲ ਸੁਖਾਲੀ ਚਲਦੀ ਰਹੇਗੀ। ਗ੍ਰੈਹਾਂ ਦਾ ਡਰ ਅਸਾਨੂੰ ਨਹੀਂ ਸਤਾਵੇਗਾ ਅਤੇ ਨਾ ਹੀ ਅਸਾਡੇ ਉਪਰ ਅਸਰ ਕਰੇਗਾ। ਅਸਾਨੂੰ ਗੁਰੂ ਮਹਾਰਾਜ ਜੀ ਨੇ ਅਨੇਕ ਕਿਸਮ ਦੇ ਗ੍ਰਹਿ-ਦਾਨਾਂ, ਵਰਤਾਂ, ਵਾਰਨਿਆਂ, ਟੂਣਿਆਂ-ਜਾਦੂਆਂ ਤੋਂ ਛੁਟਕਾਰਾ ਦਿਵਾ ਦਿਤਾ। ਅਸਾਡੇ ਵਾਸਤੇ ਮਹੀਨੇ ਦਾ ਨਾਮ ਕਿਸੇ ਪਵਿੱਤਰ ਵਿਅਕਤੀ ਤੋਂ ਸੁਣਨਾ ਜਾਂ ਨਾ ਸੁਣਨਾ ਕੋਈ ਬਹੁਤ ਅਸਰਦਾਇਕ ਨਹੀਂ ਹੈ ਕਿਉਂਕਿ ਗੁਰਸਿੱਖ ਦੇ ਹਿਰਦੇ ਵਿਚ ਸਦਾ ਹੀ ਵਾਹਿਗੁਰੂ ਜੀ ਦੀ ਪਵਿੱਤਰ ਹਸਤੀ ਦਾ ਨਿਵਾਸ ਰਹਿੰਦਾ ਹੈ, ਉਹ ਸਤਿ ਚਿਤ ਐਨਰਜੀ ਆਪਣੇ ਪਿਆਰੇ ਦੇ ਚਾਰੇ ਪਾਸੇ ਰਾਮ ਕਾਰ ਖਿਚ ਕੇ ਰਖਦੀ ਹੈ। ਉਸਨੂੰ ਕੋਈ ਤੱਤੀ ਹਵਾ ਦਾ ਝੋਲਾ, ਦੁਖ ਨਹੀਂ ਦੇ ਸਕਦਾ –

*ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥*
*ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥*
*ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ॥*
*ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ॥*
*ਰਾਖਿ ਲੀਏ ਤਿਨਿ ਰਖਨਹਾਰਿ*
*ਸਭ ਬਿਆਧਿ ਮਿਟਾਈ॥*
*ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥*

*ਅੰਗ – 819*

ਗੁਰੂ ਦਸ਼ਮੇਸ਼ ਪਿਤਾ ਜੀ ਗੁਰੂ ਨਾਲ ਜੁੜੇ ਹੋਏ ਜਗਿਆਸੂ ਉਪਰ ਗੁਰੂ ਦੀ ਕ੍ਰਿਪਾ ਦਾ ਵੇਰਵਾ ਦਿੰਦੇ ਹੋਏ ਫੁਰਮਾਨ ਕਰਦੇ ਹਨ –

*ਰੋਗਨ ਤੇ ਅਰ ਸੋਗਨ ਤੇ*
*ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸਤ੍ਰ ਅਨੇਕ ਚਲਾਵਤ ਘਾਵ,*
*ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰ,*
*ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੌਂ*
*ਸੁ ਪੇਟ ਹੀ ਕੇ ਪਟ ਬੀਚ ਬਚਾਵੈ॥*

*(ਅਕਾਲ ਉਸਤਤਿ)*

ਗੁਰੂ ਸ਼ਕਤੀ, ਵਾਹਿਗੁਰੂ ਸ਼ਕਤੀ ਜੋ ਇਕੋ ਰੂਪ ਹਨ, ਜਿਨ੍ਹਾਂ ਦੇ ਦੁਆਲੇ ਇਨ੍ਹਾਂ ਸ਼ਕਤੀਆਂ ਦੀ ਕਾਰ ਹੋ ਜਾਂਦੀ ਹੈ ਉਹ ਵਿਘਨਾਂ ਤੋਂ ਰਹਿਤ ਹੋ ਜਾਇਆ ਕਰਦੇ ਹਨ। ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਬਾਰਹ ਮਾਹ ਦਾ ਉਚਾਰਨ ਇਸ ਕਰਕੇ ਨਹੀਂ ਕੀਤਾ ਕਿ ਮਹੀਨੇ ਦਾ ਨਾਮ ਕੋਈ ਭਲਾ ਪੁਰਸ਼ ਸੰਗਤ ਨੂੰ ਸੁਣਾਵੇ, ਇਸ ਦੇ ਵਿਪਰੀਤ ਬਾਰਹ ਮਾਹ ਇਕ ਗੂੜ੍ਹ ਫਿਲਾਸਫੀ ਹੈ, ਇਕ ਜੀਵ ਦੀ ਪ੍ਰਮ ਪਦ ਤਕ ਪਹੁੰਚਣ ਦੀ ਤਾਂਘ ਹੈ। ਜਗਿਆਸੂਆਂ ਲਈ ਗਾਡੀ ਰਾਹ ਮਾਰਗ ਹੈ, ਜਿਸਨੂੰ ਸਨੇ-ਸਨੇ ਹਰ ਮਹੀਨੇ ਵਿਚਾਰਦੇ ਹੋਏ, ਅਸੀਂ ਆਖਰੀ ਮਹੀਨੇ ਵਿਚ –

*ਫਲਗੁਣਿ ਅਨੰਦ ਉਪਾਰਜਨਾ*
*ਹਰਿ ਸਜਣ ਪ੍ਰਗਟੇ ਆਇ॥ ਅੰਗ – 136*

ਦੇ ਮਹਾਨ ਬਰਕਤਾਂ ਭਰੇ ਮਿਲਾਪ ਵਿਚ ਪਹੁੰਚ ਕੇ ਦੋ ਤੋਂ ਇਕ ਰੂਪ ਹੋ ਸਕਦੇ ਹਾਂ। ਸੋ ਬਾਰਹ ਮਾਹ ਦੀ ਵਿਚਾਰ ਮਹੀਨੇ ਵਾਰੀ ਸੁਣਨੀ ਫੇਰ ਮਹੀਨਾ ਭਰ ਅੰਤਰੰਗ ਸੰਗਤ ਕਰਨੀ, ਹੌਲੀ-ਹੌਲੀ ਅਮੋੜ ਮਨ ਨੂੰ ਨਾਮ ਵਿਚ ਲਾ ਕੇ ਬੈਰਾਗ ਰਾਹੀਂ ਪ੍ਰਭੂ ਦੇ ਪਿਆਰ ਵਿਚ ਜੋੜਨਾ ਅਤੇ ਪ੍ਰਭੂ ਮਿਲਾਪ ਵਿਚ ਪ੍ਰਜ ਕੇ ਦ੍ਵੈ ਤੋਂ ਇਕ ਰੂਪ ਵਿਚ ਹੋ ਜਾਣਾ, ਇਹ ਉਦੇਸ਼ ਹੈ – ਬਾਰਹ ਮਾਹ ਦਾ।

ਸੋ ਆਪ ਜੀ 12 ਮਹੀਨਿਆਂ ਦੇ ਨਾਲ ਪਹਿਲਾਂ ਵੀ ਗੁਰ ਸ਼ਬਦ ਰਾਹੀਂ ਮੰਤਵ ਪ੍ਰਗਟ ਕਰਦੇ ਹਨ ਅਤੇ ਬਾਰਾਂ ਮਹੀਨਿਆਂ ਦੇ ਉਪਦੇਸ਼ ਵਿਚੋਂ ਲੰਘਣ ਉਪਰੰਤ ਆਪ ਫੁਰਮਾਨ ਕਰਦੇ ਹਨ ਕਿ –

*ਜਿਨਿ ਜਿਨਿ ਨਾਮੁ ਧਿਆਇਆ*
*ਤਿਨ ਕੇ ਕਾਜ ਸਰੇ॥ ਅੰਗ – ੧੩੬*

ਇਹ ਫਲ ਦਸਦੇ ਹਨ – ਇਸ ਲੰਮੀ ਵਿਚਾਰ ਨੂੰ ਹਿਰਦੇ ਵਿਚ ਧਾਰਨ ਕਰਨ ਦਾ। ਜਿਨ੍ਹਾਂ ਨੇ ਪੂਰੇ ਗੁਰੂ ਨੂੰ ਅਰਾਧਿਆ ਹੈ ਉਹ ਦਰਗਾਹ ਵਿਚ ਖੋਟੇ ਨਹੀਂ ਕਹੇ ਜਾਣਗੇ, ਖਰੇ ਕਹੇ ਜਾਣਗੇ ਅਤੇ ਸੁਖਾਂ ਦਾ ਖਜ਼ਾਨਾ ਉਨ੍ਹਾਂ ਨੂੰ ਪ੍ਰਾਪਤ ਹੋ ਜਾਂਦਾ ਹੈ; ਜਿਨ੍ਹਾਂ ਨੇ ਵਾਹਿਗੁਰੂ ਜੀ ਦੇ ਚਰਨਾਂ ਦੀ ਸ਼ਰਨ ਲੈ ਲਈ, ਉਨ੍ਹਾਂ ਨੇ ਪ੍ਰੇਮਾ ਭਗਤੀ ਪਾ ਲਈ। ਮਾਇਆ ਦੀ ਸੜਨ ਵਿਚ ਨਹੀਂ ਸੜੇ, ਉਨ੍ਹਾਂ ਦੀ ਕੂੜ ਦੀ ਹਉਮੈ ਰੂਪੀ ਦੀਵਾਰ ਤੇ ਦੁਬਿਧਾ ਦਾ ਨਾਸ਼ ਹੋ ਗਿਆ ਅਤੇ ਪੂਰਨ ਸੱਚ ਵਿਚ ਆਪਣੀ ਹਉਂ ਛੱਡ ਕੇ ਸਮਾਅ ਗਏ। ਇਹ ਪ੍ਰਾਪਤੀ ਉਨ੍ਹਾਂ ਨੂੰ ਹੀ ਹੁੰਦੀ ਹੈ ਜਿਨ੍ਹਾਂ ਉਤੇ ਗੁਰੂ ਦੀ ਮਿਹਰ ਹੋ ਜਾਂਦੀ ਹੈ; ਵਾਹਿਗੁਰੂ ਜੀ ਦੀ ਨਦਰ ਹੋ ਜਾਵੇ ਫਿਰ –

*ਮਾਹ ਦਿਵਸ ਮੂਰਤ ਭਲੇ*
*ਜਿਸ ਕਉ ਨਦਰਿ ਕਰੇ॥*
*ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥*

*ਅੰਗ – ੧੩੬*

ਕਹਿ ਕੇ ਆਪ ਇਸ ਲੰਮੀ ਫਿਲਾਸਫੀ ਵਿਚ ਆਏ ਸਿਧਾਂਤਾਂ ਵਲ ਧਿਆਨ ਦਿਵਾਉਂਦੇ ਹਨ। ਬਾਰਹ ਮਾਹ ਦੇ ਆਰੰਭਕ ਸ਼ਬਦ ਵਿਚ ਫੁਰਮਾਨ ਕਰਦੇ ਹਨ-

***ਕਿਰਤਿ ਕਰਮ ਕੇ ਵੀਛੁੜੇ***
***ਕਰਿ ਕਿਰਪਾ ਮੇਲਹੁ ਰਾਮ॥***

***ਅੰਗ - ੧੩੩***

ਸੰਸਾਰ ਦੀ ਰਚਨਾ ਦੇ ਅਰੰਭ ਵਿਚ ਵਾਹਿਗੁਰੂ ਜੀ ਆਪਣੇ ਆਪ ਤੋਂ ਹੀ ਅਨੇਕ ਹੋਏ-ਹੋਏ ਹਨ। ਏਕੰਕਾਰ ਦੀ ਸਾਕਾਰਤਾ ਧਾਰਨ ਕਰਨ ਉਪਰੰਤ ਹੁਕਮ ਦੀ ਕ੍ਰਿਆ ਚੱਲੀ, ਇਸ ਹੁਕਮ ਦੇ ਅਧੀਨ ਖੰਡਾਂ-ਬ੍ਰਹਿਮੰਡਾਂ, ਤੱਤਾਂ, ਦੇਵੀ ਦੇਵਤਿਆਂ, ਸੂਖਮ ਅਸਥੂਲ, ਜਗਤ ਦੀ ਉਤਪਤੀ ਹੋਈ। ਇਸ ਧਰਤੀ ਵਿਚ ਚਾਰ ਜੀਵਤ ਖਾਣੀਆਂ ਨੇ ਜੀਵਨ ਸਫਰ ਸ਼ੁਰੂ ਕੀਤਾ ਜਿਨ੍ਹਾਂ ਨੂੰ ਅੰਡਜ, ਜੇਰਜ, ਸੇਤਜ ਅਤੇ ਉਤਭੁਜ ਕਿਹਾ ਜਾਂਦਾ ਹੈ। ਪ੍ਰਭੂ ਹੁਕਮ ਵਿਚ ਹੀ ਸਾਰੇ ਆਕਾਰ ਵਜੂਦ ਵਿਚ ਆਏ ਅਤੇ ਉਸੇ ਹੁਕਮ ਅਨੁਸਾਰ ਅਨੰਤ ਚਿਤਾਂ ਵਿਚ ਜਾਗ੍ਰਤ ਅਨੁਭਵ ਹੋਈ, ਜਿਸ ਤੋਂ ਉਹ ਨਿਰੰਕਾਰੀ ਕਿਰਨ ਜਾਂ ਨਿਰੰਕਾਰੀ ਚੇਤਨ ਬੂੰਦ, ਪ੍ਰਕ੍ਰਿਤੀ ਨਾਲ ਮਿਲ ਕੇ ਸਰੀਰ ਧਾਰਨ ਕਰਕੇ ਵਾਤਾਵਰਣ ਦੇ ਅਨੁਕੂਲ ਪ੍ਰਕ੍ਰਿਤੀ ਦੇ ਤਿੰਨ ਗੁਣ ਰਜੋ ਗੁਣ, ਤਮੋ ਗੁਣ, ਸਤੋ ਗੁਣ ਦੇ ਅਧੀਨ ਕ੍ਰਿਆਸ਼ੀਲ ਹੋਈ, ਜਿਨ੍ਹਾਂ ਨੂੰ ਜੀਵ ਦੀ ਉਪਾਧੀ ਮਿਲੀ -

***ਹੁਕਮੀ ਹੋਵਨਿ ਆਕਾਰ***
***ਹੁਕਮੁ ਨ ਕਹਿਆ ਜਾਈ॥***
***ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥***

***ਅੰਗ - ੧***

ਬਾਣੀ ਵਿਚ ਫੁਰਮਾਨ ਆਉਂਦਾ ਹੈ ਕਿ ਇਸ ਜਾਗ੍ਰਤ ਜੋਤ ਦੇ ਪ੍ਰਕ੍ਰਿਤੀ ਨਾਲ ਪ੍ਰਤੀਬਿੰਬਤ ਮਿਲਾਪ ਦੇ ਕਾਰਨ ਜੜ੍ਹ ਚਿਤ ਵਿਚ ਚੇਤਨਤਾ ਉਤਪੰਨ ਹੋਈ ਅਤੇ ਉਸਨੇ ਆਪਣੇ ਆਪ ਦੀ ਹੋਂਦ ਨੂੰ ਵਿਕਲੋਤਰੀ ਅਨੁਭਵ ਕੀਤਾ। ਇਸ ਅਸਰ ਨੂੰ ਹਉਮੈ ਦਾ ਨਾਮ ਦਿਤਾ ਗਿਆ। ਹਉਮੈ ਤੇ ਹੁਕਮ ਦੋਵੇਂ ਸ਼ਕਤੀਆਂ ਪ੍ਰਭੂ ਦੀਆਂ ਹਨ ਹਉਮੈ ਤੱਤ ਨੇ ਅਕਾਸ਼ ਦੀ ਨਿਰਮਲ ਚੇਤਨਤਾ ਨੂੰ ਪ੍ਰਕ੍ਰਿਤੀ ਦੇ ਨਾਲ ਮਿਲਾ ਦਿਤਾ, ਪ੍ਰਮੇਸ਼ਰ ਨਾਲੋਂ ਵਿਯੋਗ ਕਰ ਦਿਤਾ।

***ਕਬੀਰ ਨਿਰਮਲ ਬੂੰਦ ਅਕਾਸ ਕੀ***
***ਪਰਿ ਗਈ ਭੂਮਿ ਬਿਕਾਰ।।***
***ਬਿਨੁ ਸੰਗਤਿ ਇਉ ਮਾਂਨਈ***
***ਹੋਇ ਗਈ ਭਠ ਛਾਰ॥ ਅੰਗ - ੧੩੭੪***

ਵਾਹਿਗੁਰੂ ਜੀ ਨਾਲੋਂ ਟੁੱਟ ਕੇ ਪ੍ਰਕ੍ਰਿਤੀ ਹੀ ਆਪਣੇ ਆਪ ਨੂੰ ਸਮਝਣ ਲੱਗੀ। ਅਨੰਤ ਨਾਲੋਂ ਵਖਰੀ ਹੋ ਕੇ ਇਹ ਉਤਮ ਜੋਤ ਜੀਵ ਕਹਾਈ। ਪੰਜ ਪੜਦੇ ਇਸਦੇ ਉਤੇ ਲਿਪਟ ਗਏ। ਪਹਿਲਾ ਪੜਦਾ ਅਨੰਦ ਦਾ ਸੀ ਜਿਸ ਵਿਚ ਅਗਿਆਨ ਦੀ ਉਤਪਤੀ ਹੋ ਕੇ ਆਪਣੀ ਵਖਰੀ ਸੋਝੀ ਦਾ ਗਿਆਨ ਹੋਇਆ, ਇਸਨੂੰ ਅਨੰਦਮਈ ਕੋਸ਼ ਕਿਹਾ ਜਾਂਦਾ ਹੈ। ਪ੍ਰਕ੍ਰਿਤੀ ਦੇ ਧੱਕੇ ਨਾਲ ਇਹੋ ਚੇਤਨ ਸਤ੍ਹਾ ਹੇਠਾਂ ਤਿਲ੍ਹਕੀ ਅਤੇ ਉਸ ਵਿਚ ਨਿਰਨਾ ਸ਼ਕਤੀ ਪੈਦਾ ਹੋਈ ਜਿਸਨੂੰ ਵਿਗਿਆਨਮਈ ਕੋਸ਼ ਕਿਹਾ ਜਾਂਦਾ ਹੈ। ਇਸ ਅਵਸਥਾ ਵਿਚੋਂ ਫੇਰ ਧੱਕਾ ਲੱਗਿਆ, ਹੋਰ ਹੇਠਾਂ ਸਰਕਣਾ ਪਿਆ। ਫੁਰਨਿਆਂ ਦੇ ਮੰਡਲ ਵਿਚ ਘਿਰ ਗਈ, ਅਨੇਕ ਕਿਸਮ ਦੇ ਫੁਰਨੇ, ਅਨੇਕ ਕਿਸਮ ਦੀਆਂ ਰਚਨਾਵਾਂ ਦਾ ਅਨੁਭਵ ਇਸ ਦੀ ਸੁਰਤ ਨੂੰ ਘੇਰ ਰਿਹਾ ਸੀ। ਇਸ ਅਵਸਥਾ ਵਿਚੋਂ ਉਸੇ ਪ੍ਰਮ ਜੋਤ ਦੀ ਬੂੰਦ ਨੂੰ ਮਨੋਮਈ ਕੋਸ਼ ਨੇ ਪੂਰੀ ਤਰ੍ਹਾਂ ਨਾਲ ਆਪਣੀ ਵਲਗਣ ਵਿਚ ਲੈ ਲਿਆ। ਹੋਰ ਧੱਕਾ ਖਾਧਾ, ਇਹੀ ਸੂਖਸ਼ਮ ਤੱਤ, ਪ੍ਰਾਨ ਸ਼ਕਤੀ ਨਾਲ ਮਿਲ ਗਿਆ। ਪ੍ਰਕ੍ਰਿਤੀ ਵਿਚੋਂ ਤੱਤ ਲੈ ਕੇ ਇਹ ਪ੍ਰਾਣ ਵਿਚੋਂ ਹੋਰ ਹੇਠਾਂ ਸਰਕਿਆ ਅਤੇ ਪੰਜਾਂ ਤੱਤਾਂ ਵਿਚ ਮਿਲ ਕੇ ਇਕ ਨਵੀਂ ਸ਼ਕਲ, ਨਵਾਂ ਰੂਪ ਵੇਖਿਆ। ਇਹ ਰੂਪ ਉਡਾਰੀਆਂ ਨਹੀਂ ਮਾਰ ਸਕਦਾ ਸੀ। ਇਹ ਰੂਪ ਬੰਧਨ ਵਿਚ ਸੀ, ਵਾਤਾਵਰਨ ਦੇ ਮੁਤਾਬਿਕ ਇਹ ਸੁਰਤ ਬੰਧਨਾਂ ਵਿਚ ਲਿਪਟ ਗਈ ਅਤੇ ਇਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਭੁੱਲ ਕੇ ਸਾਢੇ ਤਿੰਨ ਹੱਥ ਦੀ ਦੇਹ ਮੰਨਣ ਲਗ ਗਈ। ਇਸ ਨੂੰ ਹੀ 'ਮੈਂ' ਆਖਣ ਲਗਿਆ। ਲੱਖ ਜਤਨ ਕਰਨ ਤੇ ਵੀ ਇਹ ਆਪਣੇ ਅਸਲੀ ਸਰੂਪ ਨੂੰ ਨਹੀਂ ਜਾਣਦਾ। ਇਸ ਜੀਵ ਦਾ ਮੌਲਿਕ ਸਰੂਪ ਪੂਰੀ ਤਰ੍ਹਾਂ ਅਗੰਮ, ਅਚਾਹ ਨਿਰਲੇਪ ਹੈ ਕੇਵਲ ਉਸ ਦਾ ਪ੍ਰਤੀਬਿੰਬ ਸ਼ਕਤੀ ਸਮੇਤ, ਸੂਝ ਸਮੇਤ ਹੇਠਾਂ ਤਿਲ੍ਹਕਿਆ ਅਤੇ ਸਰੀਰ ਬਣ ਗਿਆ। ਇਸਨੂੰ ਇਹ ਪਤਾ ਭੁੱਲ ਗਿਆ ਕਿ ਪਹਿਲੀ ਅਵਸਥਾ ਵਿਚ ਜਦੋਂ ਮੈਨੂੰ ਆਤਮ ਮੰਡਲ ਵਿਚੋਂ ਪ੍ਰਕ੍ਰਿਤੀ ਨੇ ਧੂਹਿਆ ਅਤੇ ਆਤਮਾ ਦਾ ਪ੍ਰਤੀਬਿੰਬ ਜਾਗ੍ਰਤ ਦੇ ਕੇ ਅਨੰਦ ਕਹਾਇਆ, ਉਸ ਵੇਲੇ ਇਸ ਦੀ ਉਪਾਧੀ ਜੀਵ ਦੀ ਹੋ ਗਈ। ਜੋ ਅਨੰਦਮਈ ਕੋਸ਼ ਵਿਚ ਘਿਰੀ ਹੌਲੀ-ਹੌਲੀ ਅਨੰਦਮਈ ਕੋਸ਼ ਵਿਚ ਫਸ ਕੇ ਆਪਣਾ ਸਰੂਪ ਭੁਲ ਗਈ। ਸਰੂਪ ਤਾਂ ਇਸ ਦਾ ਆਤਮਾ ਸੀ ਪਰ ਇਹ ਹਉਮੈ ਦੇ ਅਸਰ ਵਿਚ ਆ ਕੇ ਆਪਣੀ ਸੁਰਤ ਗੁਆ ਬੈਠਿਆ। ਆਪਣੇ ਆਪ ਨੂੰ ਵਾਹਿਗੁਰੂ ਤੋਂ ਵੱਖਰਾ ਜੀਵ ਸਮਝਣ ਲਗ ਗਿਆ। ਇਹ ਜੀਵ ਸਰੀਰ ਨਾਲ ਮਿਲ ਕੇ ਆਪਣੇ ਆਪ ਨੂੰ ਸਰੀਰ ਅਤੇ ਸਰੀਰ ਦਾ ਹੀ ਰੱਖਿਆ ਹੋਇਆ ਨਾਮ ਸਮਝਣ ਲਗ ਗਿਆ। ਇਸ ਸਰੀਰ ਵਿਚ ਆ ਕੇ ਆਪਣੇ ਆਪ ਨੂੰ ਸਰੀਰ ਸਮਝ ਕੇ ਇਸਨੇ ਚੰਗੇ ਤੇ ਮੰਦੇ ਕਰਮ ਕਰਨੇ ਸ਼ੁਰੂ ਕਰ ਦਿਤੇ, ਇਕਨਾਂ ਨੂੰ ਸ਼ੁਭ ਕਰਮ ਆਖਿਆ ਜਾਂਦਾ ਹੈ, ਇਕਨਾਂ ਨੂੰ ਅਸ਼ੁਭ ਕਰਮ ਆਖਿਆ ਜਾਂਦਾ ਹੈ। ਜੀਵ ਦੇ ਬੰਨ੍ਹਣ ਵਾਸਤੇ ਦੋਵੇਂ ਹਥਕੜੀਆਂ ਹਨ; ਇਕ ਸੋਨੇ ਦੀ ਹਥਕੜੀ ਹੈ, ਦੂਸਰੀ ਲੋਹੇ ਦੀ ਹੈ। ਸੋਨੇ ਦੀ ਹਥਕੜੀ ਇਸਨੂੰ ਘੁਮੇਟਣੀਆਂ ਦਿੰਦੀ ਸਵਰਗ ਲੋਕਾਂ ਵਿਚ ਨਿਵਾਸ ਕਰਾ ਦਿੰਦੀ ਹੈ ਅਤੇ ਲੋਹੇ ਦੀ ਹਥਕੜੀ ਇਸਨੂੰ ਨਰਕਾਂ ਵਿਚ ਸੁਟ ਦਿੰਦੀ ਹੈ। ਇਸ ਦੀ ਸੁਰਤ ਨੂੰ ਹੇਠਾਂ ਹੋਰ ਧੱਕਾ ਮਾਰ ਕੇ ਪਸ਼ੂਆਂ, ਪੰਛੀਆਂ, ਨਖਿਧ ਜੂਨੀਆਂ ਦੇ ਸਰੀਰ ਧਾਰਨ ਕਰਾ ਦਿੰਦੀ ਹੈ -

***ਕਈ ਜਨਮ ਭਏ ਕੀਟ ਪਤੰਗਾ॥***

*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥*
*ਕਈ ਜਨਮ ਸੈਲ ਗਿਰਿ ਕਰਿਆ॥*
*ਕਈ ਜਨਮ ਗਰਭ ਹਿਰਿ ਖਰਿਆ॥*
*ਕਈ ਜਨਮ ਸਾਖ ਕਰਿ ਉਪਾਇਆ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ॥*

*ਅੰਗ - ੧੭੬*

ਸੋ ਇਸ ਤਰ੍ਹਾਂ ਨਾਲ ਇਹ ਨਿਰਮਲ ਬੂੰਦ ਆਤਮ ਤੱਤ ਦੀ ਕਰਮਾਂ ਦੀ ਬੰਨ੍ਹੀ ਹੋਈ ਘੁਮੇਟਣੀਆਂ ਖਾਂਦੀ ਹੈ ਅਤੇ ਅਣਗਿਣਤ ਸਮੇਂ ਤੋਂ ਇਸਦਾ ਵਾਹਿਗੁਰੂ ਜੀ ਨਾਲੋਂ ਵਿਜੋਗ ਹੋ ਗਿਆ। ਇਹ ਓਨੀਂ ਦੇਰ ਤਕ ਟਿਕਾਓ ਵਿਚ ਨਹੀਂ ਆ ਸਕਦੀ ਜਦੋਂ ਤਕ ਇਸਦਾ ਮਿਲਾਪ ਵਾਹਿਗੁਰੂ ਜੀ ਨਾਲ ਨਹੀਂ ਹੁੰਦਾ। ਇਸ ਜੀਵ ਨੇ ਆਪਣੀ ਭਟਕਣਾ ਦਾ ਅਨੁਭਵ ਕੀਤਾ ਅਤੇ ਭਟਕਣਾਂ ਵਿਚ ਮਹਿਸੂਸ ਕੀਤਾ ਕਿ ਜਿੰਨੀਆਂ ਉਡਾਰੀਆਂ ਮੈਂ ਮਾਰਦਾ ਹਾਂ ਓਨੇ ਹੀ ਦੁਖ ਮੇਰੇ ਸਾਮ੍ਹਣੇ ਆ ਜਾਂਦੇ ਹਨ ਜਿਸ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਪੰਖੀ ਬਿਰਖ ਸੁਹਾਵੜੇ*
*ਊਡਹਿ ਚਹੁ ਦਿਸਿ ਜਾਹਿ॥*
*ਜੇਤਾ ਊਡਹਿ ਦੁਖ ਘਣੇ*
*ਨਿਤ ਦਾਝਹਿ ਤੈ ਬਿਲਲਾਹਿ॥ ਅੰਗ - 66*

ਇਹ ਮਾਇਆ ਦੇ ਜਾਲ ਵਿਚ ਪੂਰੀ ਤਰ੍ਹਾਂ ਨਾਲ ਫਸ ਗਿਆ। ਹੁਣ ਨਿਕਲਣ ਦਾ ਸਾਧਨ ਇਸਨੂੰ ਨਹੀਂ ਕੋਈ ਦਿਸਦਾ -

*ਮਾਇਆ ਜਾਲੁ ਪਸਾਰਿਆ*
*ਭੀਤਰਿ ਚੋਗ ਬਣਾਇ॥*
*ਤ੍ਰਿਸਨਾ ਪੰਖੀ ਫਾਸਿਆ*
*ਨਿਕਸੁ ਨ ਪਾਏ ਮਾਇ॥ ਅੰਗ - 50*

ਸੋ ਇਹ ਹੈ ਇਤਿਹਾਸ, ਇਹ ਹੈ ਸਫਰ ਉਸ ਨਿਰਮਲ ਬੂੰਦ ਦਾ; ਜੋ ਪ੍ਰਕ੍ਰਿਤੀ ਨਾਲ ਰਲ ਕੇ ਆਪਣੇ ਆਪ ਨੂੰ ਪ੍ਰਕ੍ਰਿਤੀ ਦਾ ਅੰਸ਼ ਸਮਝਣ ਲਗ ਗਈ। ਇਸਨੂੰ ਮਨੁੱਖ ਦਾ ਸਰੀਰ ਪ੍ਰਾਪਤ ਹੋਇਆ, ਆਪਣੀ ਦੁਰਦਸ਼ਾ ਦੀ ਸੋਝੀ ਹੋਈ ਅਤੇ ਇਹ ਪਤਾ ਲਗਿਆ ਕਿ ਮੇਰੀ ਭਟਕਣਾ ਪ੍ਰਭੂ ਦੀ ਸੋਝੀ ਆਏ ਬਿਨਾਂ ਨਹੀਂ ਹਟ ਸਕਣੀ। ਰੋ-ਰੋ ਕੇ ਪੁਕਾਰਾਂ ਕਰਨ ਲੱਗਿਆ, ਹੇ ਪ੍ਰਭੂ! ਮੇਰੇ ਤੇ ਕ੍ਰਿਪਾ ਕਰ, ਮੈਨੂੰ ਆਪਣੀ ਦਰਗਾਹ ਵਿਚ ਵਾਸਾ ਦੇਹ, ਮੇਰੀ 'ਮੈਂ' ਨੂੰ ਪੂਰੀ ਤਰ੍ਹਾਂ ਮਿਟਾ ਦੇ, ਇਸ 'ਮੈਂ' ਨੇ ਧੋਖੇ ਦਿਤੇ ਹਨ, ਇਸ 'ਮੈਂ' ਨੇ ਹੀ ਨਰਕਾਂ ਦੀਆਂ ਭੁਆਟਣੀਆਂ ਦਿਵਾਉਣੀਆਂ ਹਨ। ਹੇ ਪ੍ਰਭੂ! ਹੁਣ ਮੈਨੂੰ ਮੇਲ ਲੈ। ਐਸਾ ਪਿਆਰਾ ਕੋਈ ਮਿਲਾ ਜਿਹੜਾ ਤੈਨੂੰ ਮਿਲਾ ਦੇਵੇ। ਮੇਰਾ ਜੋ ਸੁਭਾਅ ਹੈ ਜਿਸਨੂੰ ਕਿਰਤ ਆਖਦੇ ਹਨ ਮੈਂ ਉਸਦੇ ਅਧੀਨ ਬੇਵਸ ਹਾਂ। ਮੈਂ ਕਰਮ ਕਰਦਾ ਹਾਂ ਤੇ ਮੈਂ ਜਾਣਦਾ ਹਾਂ ਕਿ ਕੀ ਕਰਮ ਕਰਦਾ ਹਾਂ ਇਸ ਬਾਰੇ ਫੁਰਮਾਨ ਹੈ -

*ਜਬ ਇਹ ਜਾਨੈ ਮੈ ਕਿਛੁ ਕਰਤਾ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ॥*
*ਜਬ ਧਾਰੈ ਕੋਊ ਬੈਰੀ ਮੀਤੁ॥*
*ਤਬ ਲਗੁ ਨਿਹਚਲੁ ਨਾਹੀ ਚੀਤੁ॥*
*ਜਬ ਲਗੁ ਮੋਹ ਮਗਨ ਸੰਗਿ ਮਾਇ॥*
*ਤਬ ਲਗੁ ਧਰਮ ਰਾਇ ਦੇਇ ਸਜਾਇ॥*

*ਅੰਗ - ੨੭੮*

ਸੋ ਹੁਣ ਮੇਰੇ ਉਪਰ ਕ੍ਰਿਪਾ ਕਰ, ਮੇਰੀ ਭਟਕਣ ਮਿਟ ਜਾਵੇ। ਮੈਂ ਥਕ ਗਿਆ ਹਾਂ, 84 ਲੱਖ ਜੂਨਾਂ ਦੇ ਕ੍ਰੋੜਾਂ ਚੱਕਰ ਮੈਂ ਕੱਟ ਚੁਕਿਆ ਹਾਂ, ਅਤਿ ਦੁਖੀ ਹੋ ਗਿਆ ਹਾਂ, ਮੈਂ ਤੇਰੀ ਸ਼ਰਨ ਵਿਚ ਪਹੁੰਚਿਆ ਹਾਂ। ਮੇਰੀ ਹਾਲਤ ਉਸ ਗਊ ਵਰਗੀ ਹੈ ਜੋ ਦੁੱਧ ਨਹੀਂ ਦਿੰਦੀ। ਉਹ ਬੇਕਾਰ ਸਮਝੀ ਜਾਂਦੀ ਹੈ ਕਿਉਂਕਿ ਨਾ ਤਾਂ ਉਹ ਹਲ ਖਿਚ ਸਕਦੀ ਹੈ, ਨਾ ਗੱਡਾ ਖਿਚ ਸਕਦੀ ਹੈ ਅਤੇ ਨਾ ਹੀ ਕਿਸੇ ਹੋਰ ਕਾਰਜ ਨੂੰ ਕਰ ਸਕਦੀ ਹੈ। ਮੈਂ ਉਸ ਬ੍ਰਿਛ ਵਰਗਾ ਹਾਂ ਜਿਸਨੂੰ ਕੋਈ ਫਲ ਨਹੀਂ ਲਗਦਾ ਜਿਸ ਦੀਆਂ ਜੜ੍ਹਾਂ ਨੂੰ ਬੇਅੰਤ ਸਮੇਂ ਤੋਂ ਪਾਣੀ ਨਹੀਂ ਮਿਲਿਆ, ਉਸਦੀਆਂ ਸ਼ਾਖਾਂ ਮੁਰਝਾ ਗਈਆਂ, ਉਸਦੀ ਖੂਬਸੂਰਤੀ ਮਿਟ ਗਈ। ਉਹ ਫਲ ਦੇਣ ਤੋਂ ਪੂਰੀ ਤਰ੍ਹਾਂ ਅਸਮਰਥ ਹੋ ਗਈ। ਮੈਨੂੰ ਪ੍ਰਭੂ ਨਹੀਂ ਮਿਲਿਆ, ਮੇਰਾ ਜੀਵਨ ਨਿਰਫਲ ਹੈ, ਮੈਂ ਮਾਇਆ ਦੇ ਰਸਾਂ-ਕਸਾਂ ਵਿਚ ਪਰਚਿਆ ਰਿਹਾ। ਉਹ ਮਾਇਆ ਮੇਰੀ ਮਿਤਰ ਨਹੀਂ ਸੀ, ਉਹ ਨਾਗਣੀ ਹੈ ਜਿਸ ਨੇ ਮੈਨੂੰ ਮੋਹ ਲਿਆ ਤੇ ਤੇਰੇ ਨਾਲੋਂ ਵਿਛੋੜ ਕੇ ਰੱਖਿਆ।

ਤੇਰੇ ਮਿਲਾਪ ਤੋਂ ਬਿਨਾਂ ਮੈਨੂੰ ਹੋਰ ਕੋਈ ਟਿਕਾਣਾ ਨਹੀਂ ਹੈ, ਮੇਰੀ ਭਟਕਣ, ਮੇਰੀਆਂ ਉਡਾਰੀਆਂ, ਮੇਰੀਆਂ 84 ਲੱਖ ਜੂਨਾਂ ਵਿਚ ਘੁਮੇਟਣੀਆਂ, ਤਾਂ ਹੀ ਬੰਦ ਹੋਣਗੀਆਂ ਜੇ ਤੇਰਾ ਮਿਲਾਪ ਹੋ ਜਾਵੇ, ਜਿਸ ਸਰੀਰ ਦੇ ਅੰਦਰ ਤੂੰ ਸ਼ਾਖਸ਼ਾਤਕਾਰ ਨਹੀਂ ਹੋ ਸਕਿਆ ਉਹ ਸਰੀਰ ਜਲਿਆ ਹੋਇਆ ਸਰੀਰ ਹੈ, ਤ੍ਰਿਸ਼ਨਾ ਦੀ ਅੱਗ ਦੇ ਭਾਂਬੜ ਨੇ ਉਸਨੂੰ ਜਾਲ ਦਿਤਾ ਅਤੇ ਭੱਠ ਵਰਗਾ ਬਣਾ ਦਿਤਾ ਹੈ। ਇਸ ਭੱਠ ਹੋ ਚੁਕੇ ਸਰੀਰ ਵਿਚ ਚੈਨ ਕਿਥੋਂ ਆਉਣਾ ਹੈ, ਕਿਥੋਂ ਸੁਖ ਉਪਜਣਾ ਹੈ? ਹੇ ਪ੍ਰਭੂ ਜੇ ਤੂੰ ਚਿਤ ਨਹੀਂ ਆਉਂਦਾ, ਅਤੇ ਚਿਤ ਤੇਰੇ ਵਿਚ ਨਹੀਂ ਵਸਦਾ ਤਾਂ ਮੇਰੀ ਹਾਲਤ ਉਸ ਕੀੜੇ ਵਰਗੀ ਹੈ ਜੋ ਗੰਦਗੀ ਦੇ ਢੇਰ ਦੀ ਗਰਮੀ ਵਿਚ ਝੁਲਸਿਆ ਜਾ ਰਿਹਾ ਹੈ। ਮੇਰੇ ਵਲੋਂ ਤੇਰੇ ਮਿਲਾਪ ਵਾਸਤੇ ਕੀਤੇ ਭੇਖ ਵਿਖਾਵੇ, ਤੇਰੇ ਮਿਲਣ ਵਿਚ ਮੇਰਾ ਕੋਈ ਸਾਥ ਨਹੀਂ ਦੇ ਰਹੇ। ਸਾਰੇ ਕੱਚੇ ਹਨ, ਖਾਮ ਹਨ, ਮੇਰੀ ਭਟਕਣ ਨਹੀਂ ਮਿਟਾ ਸਕਦੇ। ਦੁਨੀਆਂ ਨੂੰ ਮੈਂ ਧੋਖਾ ਦੇ ਰਿਹਾ ਹਾਂ - ਭੇਖ ਬਣਾ-ਬਣਾ ਕੇ, ਪਰ ਮੈਨੂੰ ਪਤਾ ਹੈ ਤੂੰ ਇਨ੍ਹਾਂ ਭੇਖਾਂ ਤੇ ਰੀਝ ਨਹੀਂ ਸਕਦਾ ਕਿਉਂਕਿ ਇਹ ਸਾਰੇ

ਬਦਬੂਦਾਰ ਹਨ, ਇਨ੍ਹਾਂ ਉਤੇ ਮਾਇਆ ਦਾ ਪਾਹ ਚੜ੍ਹਿਆ ਹੋਇਆ ਹੈ-

*ਇਹੁ ਤਨੁ ਮਾਇਆ ਪਾਹਿਆ*
*ਪਿਆਰੇ ਲੀਤੜਾ ਲਬਿ ਰੰਗਾਏ॥*
*ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ*
*ਕਿਉ ਧਨ ਸੇਜੈ ਜਾਏ॥ ਅੰਗ - ੭੨੧*

ਸੋ ਮੇਰੀ ਹਾਲਤ ਗੰਦਗੀ ਦੇ ਕੀੜੇ ਵਰਗੀ ਹੈ। ਦੁਨੀਆਂ ਮੈਨੂੰ ਅਮੀਰ ਕਹਿੰਦੀ ਹੈ ਪਰ ਜਦੋਂ ਤਕ ਤੂੰ ਹਿਰਦੇ ਵਿਚ ਨਹੀਂ ਵਸਦਾ, ਮੈਂ ਹੀ ਜਾਣਦਾ ਹਾਂ ਕਿ ਮੈਂ ਕਿੰਨਾਂ ਦੁਖੀ ਹਾਂ ਕਿਉਂਕਿ ਤੇਰੇ ਨਾਮ ਤੋਂ ਬਿਨਾਂ 'ਸ਼ਾਂਤੀ' ਦਾ ਨਾਮ ਲੈਣਾ ਆਪਣੇ ਆਪ ਨੂੰ ਵੱਡੇ ਧੋਖੇ ਵਿਚ ਰਖਣਾ ਹੈ ਜਿਵੇਂ ਕਿ ਤੇਰਾ ਫੁਰਮਾਨ ਹੈ-

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥*
*ਅੰਗ - ੭੦੭*

ਦੁਨੀਆਂ ਵਿਚ ਆਪਣੇ ਹਿਤ ਦੇ ਬੰਨ੍ਹੇ ਹੋਏ ਪੁਤਰ, ਧੀਆਂ, ਰਿਸ਼ਤੇਦਾਰ, ਸੱਜਣ, ਮਿਤਰ ਇਹ ਕੋਈ ਰਸ ਨਹੀਂ ਦਿੰਦੇ, ਇਨ੍ਹਾਂ ਦੀਆਂ ਮਨੌਤਾਂ ਵਿਚ ਫਸ ਕੇ ਆਦਮੀ ਗਿਰ ਜਾਇਆ ਕਰਦਾ ਹੈ, ਰਿਸ਼ਵਤ ਲੈਂਦਾ ਹੈ, ਧੋਖੇ ਕਰਦਾ ਹੈ, ਬੇਵਿਸ਼ਵਾਸ਼ੀਆਂ ਕਰਕੇ ਦੁਨੀਆਂ ਨੂੰ ਫਸਾਉਂਦਾ ਹੈ, ਅਕ੍ਰਿਤਘਣਤਾ ਦੇ ਨਾਲ ਮਾਇਆ ਜੋੜਦਾ ਹੈ; ਨਿਸ਼ਾਨਾ ਕੀ ਹੁੰਦਾ ਹੈ ਕਿ ਮੇਰੇ ਪੁੱਤ ਧੀ, ਮੇਰੀ ਇਕੱਠੀ ਕੀਤੀ ਹੋਈ ਮਾਇਆ ਨੂੰ ਵਰਤਣ ਪਰ ਪਾਤਸ਼ਾਹ! ਇਹ ਤਾਂ ਜਮਦੂਤ ਬਣ ਗਏ ਤੇ ਅੰਤ ਸਮੇਂ ਮੈਂ ਜਮਦੂਤਾਂ ਦੇ ਵਸ ਪੈ ਕੇ ਦੁਖੀ ਹੋਵਾਂਗਾ। ਹੇ ਪ੍ਰਭੂ! ਮੈਂ ਨਿਮਾਣਾ, ਨਿਤਾਣਾ ਜੀਵ ਹਾਂ ਮੈਨੂੰ ਸੋਝੀ ਨਹੀਂ ਪਰ ਮੈਨੂੰ ਇਹ ਪਤਾ ਹੈ ਤੂੰ ਦਇਆਲੂ ਹੈਂ, ਪਤਿਤ ਪਾਵਨ ਹੈਂ। ਜੋ ਤੇਰੀ ਸ਼ਰਨ ਆ ਜਾਂਦੇ ਹਨ ਉਨ੍ਹਾਂ ਉਤੇ ਤੂੰ ਕ੍ਰਿਪਾ ਭਰੀ ਦ੍ਰਿਸ਼ਟੀ ਕਰਦਾ ਹੈਂ। ਤੂੰ ਹੀ ਗਨਕਾ ਵਰਗੀਆਂ ਪਾਪਨਾਂ ਨੂੰ ਆਪਣੇ ਨਾਮ ਦੀ ਲਗਨ ਲਾ ਕੇ ਉਤਮ ਪਦਵੀ ਦਿਤੀ, ਤੂੰ ਹੀ ਕੌਡੇ ਵਰਗੇ ਆਦਮਖੋਰ ਰਾਕਸ਼ਾਂ ਉਤੇ ਕ੍ਰਿਪਾ ਕਰਕੇ ਨਾਮ ਦੇ ਰਸ ਦੀ ਫੁਹਾਰ ਦਾ ਅਨੰਦ ਦਿਤਾ, ਤੂੰ ਹੀ ਸੱਜਣ ਠੱਗ ਵਰਗਿਆਂ ਨੂੰ ਭਾਈ ਸੱਜਣ ਬਣਾ ਕੇ ਨਾਮ ਦੀ ਖੁਮਾਰੀ ਵਿਚ ਪ੍ਰਵਿਰਤ ਕੀਤਾ। ਹੇ ਪ੍ਰਭੂ! ਮੈਂ ਵੀ ਤੇਰੀ ਸ਼ਰਨ ਸੱਚੇ ਦਿਲੋਂ ਆਇਆ ਹਾਂ, ਮੈਂ ਤਾਂ ਅਰਜੋਈ ਹੀ ਕਰ ਸਕਦਾ ਹਾਂ ਪਰ ਤੂੰ-

*ਸਦਾ ਸਦਾ ਸਦਾ ਦਇਆਲ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ॥*
*ਅੰਗ - ੨੭੫*

ਦਾ ਵਜੂਦ ਹੈਂ, ਤੂੰ ਮੇਰੇ ਤੇ ਕ੍ਰਿਪਾ ਕਰ। ਮੈਂ ਤੇਰੇ ਪਾਸ ਬੇਨਤੀ ਕਰਦਾ ਹਾਂ ਕਿ ਤੂੰ ਮੈਨੂੰ ਆਪਣਾ ਪਵਿੱਤਰ ਨਾਮ ਬਖਸ਼ ਦੇ। ਹੇ ਗੁਰੂ ਮਹਾਰਾਜ! ਤੂੰ ਵੀ ਨਿਰੰਕਾਰ ਦਾ ਹੀ ਰੂਪ ਹੈਂ, ਤੇਰੇ ਬਗੈਰ ਕਿਸੇ ਨੂੰ ਅੱਜ ਤਕ ਪ੍ਰਭੂ ਪ੍ਰਾਪਤੀ ਨਹੀਂ ਹੋਈ, ਤੂੰ ਮੇਰੇ ਦੁਖਾਂ ਦੀ ਕਹਾਣੀ ਸੁਣੀ ਹੈ। ਮੇਰੇ ਉਤੇ ਕ੍ਰਿਪਾ ਕਰ, ਮੇਰੇ ਉਤੇ ਕ੍ਰਿਪਾ ਕਰਕੇ ਜੋ ਪ੍ਰਭੂ ਮੇਰੇ ਅੰਗ ਸੰਗ ਵਸਦਾ ਹੈ, ਉਸਨੂੰ ਮੇਰੇ ਨਾਲ ਮਿਲਾ ਕੇ ਨਿਹਚਲ ਘਰ ਦਾ ਵਾਸਾ ਕਰਾ ਦੇ। ਇਹ ਸਾਰਾ ਤਰਲਾ ਜੋ ਉਪਰ ਲਿਖਿਆ ਹੈ, ਉਸਦਾ ਸਾਰ ਅੰਸ਼ ਇਸ ਤਰ੍ਹਾਂ ਹੈ -

*ਕਿਰਤਿ ਕਰਮ ਕੇ ਵੀਛੁੜੇ*
*ਕਰਿ ਕਿਰਪਾ ਮੇਲਹੁ ਰਾਮ॥*
*ਚਾਰਿ ਕੁੰਟ ਦਹ ਦਿਸ ਭ੍ਰਮੇ*
*ਥਕਿ ਆਏ ਪ੍ਰਭ ਕੀ ਸਾਮ॥*
*ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥*
*ਜਲ ਬਿਨੁ ਸਾਖ ਕੁਮਲਾਵਤੀ*
*ਉਪਜਹਿ ਨਾਹੀ ਦਾਮ॥*
*ਹਰਿ ਨਾਹ ਨ ਮਿਲੀਐ ਸਾਜਨੈ*
*ਕਤ ਪਾਈਐ ਬਿਸਰਾਮ॥*
*ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ*
*ਭਠਿ ਨਗਰ ਸੇ ਗ੍ਰਾਮ॥*
*ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥*
*ਪ੍ਰਭ ਸੁਆਮੀ ਕੰਤ ਵਿਹੂਣੀਆ*
*ਮੀਤ ਸਜਣ ਸਭਿ ਜਾਮ॥*
*ਨਾਨਕ ਕੀ ਬੇਨੰਤੀਆ*
*ਕਰਿ ਕਿਰਪਾ ਦੀਜੈ ਨਾਮੁ॥*
*ਹਰਿ ਮੇਲਹੁ ਸੁਆਮੀ ਸੰਗਿ ਪ੍ਰਭ*
*ਜਿਸ ਕਾ ਨਿਹਚਲ ਧਾਮ॥ ਅੰਗ - ੧੩੩*

ਗੁਰੂ ਨੇ ਇਸ ਭਟਕਦੇ ਨਿਮਾਣੇ ਨਿਤਾਣੇ ਜੀਵ ਦੀ ਪ੍ਰਾਥਨਾ ਸੁਣੀ ਅਤੇ ਇਸ ਦੀ ਅਧੋਗਤੀ ਨੂੰ ਅਨੁਭਵ ਕਰਦੇ ਹੋਏ, ਅਤਿ ਕ੍ਰਿਪਾਲਤਾ ਧਾਰਦੇ ਹੋਏ ਫੁਰਮਾਨ ਕੀਤਾ ਕਿ ਹੇ ਜੀਵ! ਤੇਰੇ ਤਰਲੇ, ਤੇਰੇ ਰੋਣੇ-ਧੋਣੇ ਇਸ ਕਰਕੇ ਹਨ ਕਿ ਤੂੰ ਮਾਇਆ ਦੀ ਅਰਾਧਨਾ ਕਰਦਾ ਰਿਹਾ ਹੈਂ। ਮਾਇਆ ਨੇ ਤੈਨੂੰ ਸਦਾ ਹੀ ਧੋਖਾ ਦਿਤਾ ਹੈ। ਇਹ ਨਾਗਣੀ ਹੈ, ਇਸਦੀ ਜੋ ਵੀ ਸੇਵਾ ਕਰਦਾ ਹੈ ਉਸਨੂੰ ਖਾ ਜਾਇਆ ਕਰਦੀ ਹੈ। ਹੁਣ ਤੂੰ ਧਿਆਨ ਦੇ ਕੇ ਸੁਣ, ਤੈਨੂੰ ਮਾਨਸ ਜਨਮ ਪ੍ਰਾਪਤ ਹੋਇਆ ਹੈ। ਇਸ ਵਿਚ ਤੂੰ ਗੋਬਿੰਦ ਦੀ ਅਰਾਧਨਾ ਕਰ, ਤਾਂ ਤੈਨੂੰ ਸਤਿ ਚਿਤ ਅਨੰਦ ਦਾ ਮਿਲਾਪ ਹੋ ਕੇ ਮਹਾਨ ਅਨੰਦ ਪ੍ਰਾਪਤ ਹੋ ਸਕਦਾ ਹੈ। ਜੀਵ ਨੇ ਉਪਦੇਸ਼ ਸੁਣਿਆ, ਮਨ ਵਿਚ ਕੁਝ ਢਾਰਸ ਆਈ, ਲੰਮਾ ਹਉਕਾ ਲਿਆ ਅਤੇ ਆਸ ਬੱਝੀ ਕਿ ਮੇਰੇ ਦੁਖਾਂ ਦਾ ਛੁਟਕਾਰਾ ਗੁਰੂ ਦੇ ਬਚਨ ਸੁਣ ਕੇ ਹੋ ਜਾਵੇਗਾ। ਮੈਂ ਇਸ ਭਵਸਾਗਰ ਦੇ ਬਿਖੜੇ ਵਾ-ਵਰੋਲਿਆਂ ਵਿਚੋਂ ਕਿਸੇ ਕੰਢੇ ਲਗ ਜਾਵਾਂਗਾ। ਕਿਉਂਕਿ ਫੁਰਮਾਨ ਹੈ -

*ਸੰਤਹੁ ਸਾਗਰੁ ਪਾਰਿ ਉਤਰੀਐ॥*

*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ॥ ਅੰਗ - ੧੪੭*

ਉਸ ਵੇਲੇ ਜੀਵ ਨੇ ਅਤਿ ਅਧੀਨਗੀ ਦੇ ਨਾਲ ਬੇਨਤੀ ਕੀਤੀ ਕਿ ਮੈਨੂੰ ਅਰਾਧਣ ਦਾ ਕੋਈ ਵੀ ਗਿਆਨ ਨਹੀਂ ਹੈ, ਆਪ ਫੁਰਮਾਨ ਕਰਦੇ ਹੋ ਕਿ ਉਹ ਵਾਹਿਗੁਰੂ ਘਟ-ਘਟ ਵਿਚ ਵਿਆਪਕ ਹੈ ਮੇਰੇ ਅੰਦਰ ਵੀ ਹੈ, ਬਾਹਰ ਵੀ ਹੈ। ਮੈਂ ਉਸਦੀ ਅਰਾਧਣਾ ਕਿਵੇਂ ਕਰਾਂ? ਮੈਂ ਉਸਨੂੰ ਕਿਵੇਂ ਆਪਣੇ ਅੰਦਰ ਵਸਾਵਾਂ? ਉਸ ਵੇਲੇ ਸਤਿਗੁਰੂ ਦੀ ਅਵਾਜ਼ ਆਈ ਕਿ ਹੇ ਜੀਵ! ਵਾਹਿਗੁਰੂ ਜੀ ਨੇ ਸੰਸਾਰ ਦੇ ਉਪਰ ਬਹੁਤ ਹੀ ਦਯਾ ਕਰਕੇ ਆਪਣੇ ਪਿਆਰਿਆਂ ਨੂੰ ਸ਼ੁਭ ਕਾਰਜ ਸੌਂਪਿਆ ਹੈ, ਭਟਕਦੀਆਂ ਰੂਹਾਂ ਨੂੰ ਜੋ ਮੇਰੇ ਤੋਂ ਅਨੰਤ ਕਾਲ ਤੋਂ ਵਿਛੜੀਆਂ ਰੋ ਰਹੀਆਂ ਹਨ, ਸਹਿਕ ਰਹੀਆਂ ਹਨ, ਉਨ੍ਹਾਂ ਨੂੰ ਮੇਰੇ ਨਾਲ ਮਿਲਾਉਣ ਲਈ ਮਾਰਗ ਪ੍ਰਦਰਸ਼ਨ ਕਰੋ। ਉਨ੍ਹਾਂ ਨੂੰ ਸੰਤ ਕਹਿ ਲਓ, ਪੀਰ ਕਹਿ ਲਓ, ਗੁਰੂ ਕਹਿ ਲਓ, ਉਹ ਤੇਰੀ ਭਾਵਨਾ ਹੈ, ਉਹ ਤਾਂ ਵਾਹਿਗੁਰੂ ਵਲੋਂ ਥਾਪੇ ਹੋਏ ਪੁਰਸ਼ ਹੋਇਆ ਕਰਦੇ ਹਨ ਅਤੇ ਸੰਸਾਰ ਵਿਚ ਆਉਂਦੇ ਹੀ ਇਸ ਕਰਕੇ ਹਨ ਕਿ ਟੁਟੀਆਂ ਰੂਹਾਂ ਨੂੰ ਪ੍ਰਭੂ ਨਾਲ ਜੋੜ ਦੇਣ, ਜਿਨ੍ਹਾਂ ਬਾਰੇ ਫੁਰਮਾਨ ਹੈ -

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥ ਅੰਗ - ੭੪੯*

ਕਬੀਰ ਸਾਹਿਬ ਫੁਰਮਾਨ ਕਰਦੇ ਹਨ -

*ਕਬੀਰ ਸੇਵਾ ਕਉ ਦੁਇ ਭਲੇ*
*ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥*
*ਅੰਗ - ੧੩੭੩*

ਸੋ ਇਸ ਕਰਕੇ ਤੈਨੂੰ ਰਸਨਾ ਦੇ ਨਾਲ ਵਾਹਿਗੁਰੂ ਦਾ ਨਾਮ ਜਿਸਨੂੰ ਗੁਰਮੰਤ੍ਰ ਆਖਦੇ ਹਨ, ਉਹ ਉਚਾਰਨ ਕਰਨਾ ਪਵੇਗਾ ਕਿਉਂਕਿ ਜਿਸ ਅਵਸਥਾ ਵਿਚ ਹੁਣ ਤੂੰ ਰਹਿੰਦਾ ਹੈਂ, ਤੂੰ ਆਪਣੇ ਆਪ ਨੂੰ ਸਰੀਰ ਸਮਝਦਾ ਹੈਂ, ਅਸੀਂ ਉਸਨੂੰ ਅੰਨਮਈ ਕੋਸ਼ ਕਹਿੰਦੇ ਹਾਂ, ਤੂੰ ਇਸ ਵਿਚੋਂ ਨਿਕਲ ਨਹੀਂ ਸਕਦਾ ਜਦੋਂ ਤਕ ਇਸਦੇ ਸ਼ੁਭ ਇੰਦ੍ਰੇ ਨਾਲ ਬਾਰ-ਬਾਰ ਮੰਤ੍ਰ ਦਾ ਜਾਪ ਨਹੀਂ ਕਰਦਾ ਅਤੇ ਸਰੀਰ ਨਾਲ ਸਤਿਸੰਗ, ਸੇਵਾ ਨਹੀਂ ਕਰਦਾ ਜਿਸ ਬਾਰੇ ਫੁਰਮਾਨ ਹੈ-

*ਬਾਰੰ ਬਾਰ ਬਾਰ ਪ੍ਰਭੁ ਜਪੀਐ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥*
*ਅੰਗ - ੨੮੯*

ਸੋ ਇਹ ਤਰੀਕਾ ਹੈ। ਜਦੋਂ ਨਾਮ ਤੇਰੇ ਅੰਦਰ ਰਸਨਾ ਵਿਚ ਵਸ ਗਿਆ, ਉਸ ਵੇਲੇ ਤੂੰ ਸੁਆਸ ਨਾਲ ਨਾਮ ਜਪ-

*ਸਾਸਿ ਸਾਸਿ ਸਿਮਰਹੁ ਗੋਬਿੰਦ।।*
*ਮਨ ਅੰਤਰ ਕੀ ਉਤਰੈ ਚਿੰਦ।।*
*ਅੰਗ - ੨੯੫*

ਪ੍ਰਮੇਸ਼ਰ ਦੇ ਪਿਆਰੇ ਤੈਨੂੰ ਰਸਤਾ ਦਸਦੇ ਰਹਿਣਗੇ। ਤੇਰਾ ਕੰਮ ਹੈ ਉਨ੍ਹਾਂ ਉਤੇ ਪੂਰਨ ਵਿਸ਼ਵਾਸ਼ ਰਖਣਾ ਅਤੇ ਉਨ੍ਹਾਂ ਦੇ ਬਚਨ ਦੀ ਕਮਾਈ ਕਰਨੀ। ਹੌਲੀ-ਹੌਲੀ ਉਹ ਤੈਨੂੰ ਸਾਰੀਆਂ ਜੁਗਤਾਂ ਦਸ ਕੇ ਪ੍ਰਭੂ ਨਾਲ ਮਿਲਾਪ ਕਰਾ ਦੇਣਗੇ, ਤੇਰੇ ਕੋਲ ਸਰੀਰ ਦੀ ਸੁੰਦਰਤਾਈ, ਮਾਇਆ, ਉਚੀਆਂ ਪਦਵੀਆਂ, ਪਰਿਵਾਰ ਦੇ ਮੈਂਬਰ ਪੁਤਰ ਧੀਆਂ ਨਾਮ ਦੇ ਮੁਕਾਬਲੇ ਵਿਚ ਕੁਝ ਵੀ ਮਹੱਤਤਾ ਨਹੀਂ ਰਖਦੀਆਂ। ਸੰਸਾਰ ਵਿਚ ਆਉਣਾ ਉਸਦਾ ਗਿਣਿਆ ਜਾਂਦਾ ਹੈ ਜਿਸ ਦੀ ਰਸਨਾ ਵਿਚੋਂ ਹਰ ਵਕਤ ਪ੍ਰਭੂ ਦਾ ਨਾਮ ਉਚਾਰਨ ਹੁੰਦਾ ਹੈ।

*ਆਇਆ ਸਫਲ ਤਾਹੂ ਕੋਊ ਗਨੀਐ॥*
*ਜਾਸੁ ਰਸਨ ਹਰਿ ਹਰਿ ਜਸੁ ਭਨੀਐ॥*
*ਆਇ ਬਸਹਿ ਸਾਧੂ ਕੈ ਸੰਗੇ॥*
*ਅਨਦਿਨੁ ਨਾਮੁ ਧਿਆਵਹਿ ਰੰਗੇ॥*
*ਆਵਤ ਸੋ ਜਨੁ ਨਾਮਹਿ ਰਾਤਾ॥*
*ਜਾ ਕਉ ਦਇਆ ਮਇਆ ਬਿਧਾਤਾ॥*
*ਏਕਹਿ ਆਵਨ ਫਿਰਿ ਜੋਨਿ ਨ ਆਇਆ॥*
*ਨਾਨਕ ਹਰਿ ਕੈ ਦਰਸਿ ਸਮਾਇਆ॥*
*ਅੰਗ - ੨੫੨*

ਉਹ ਪੁਰਸ਼ ਧੰਨ ਹਨ ਜਿਹੜੇ ਆ ਕੇ ਪ੍ਰਭੂ ਦਾ ਨਾਮ ਜਪਦੇ ਹਨ ਜਿਸ ਬਾਰੇ ਫੁਰਮਾਨ ਹੈ -

*ਆਤਮ ਰਸੁ ਜਿਹ ਜਾਨਿਆ*
*ਹਰਿ ਰੰਗ ਸਹਜੇ ਮਾਣੁ॥*
*ਨਾਨਕ ਧਨਿ ਧਨਿ ਧੰਨਿ ਜਨ*
*ਆਏ ਤੇ ਪਰਵਾਣੁ॥ ਅੰਗ - ੨੫੨*

ਸੋ ਜਿਨ੍ਹਾਂ ਨੂੰ ਪ੍ਰਭੂ ਦਾ ਮਿਲਾਪ ਹੋ ਗਿਆ, ਸੰਸਾਰ ਤੇ ਆਉਣਾ ਉਨ੍ਹਾਂ ਦਾ ਹੀ ਸਫਲ ਗਿਣਿਆ ਜਾਂਦਾ ਹੈ ਕਿਉਂਕਿ ਵਾਹਿਗੁਰੂ ਤੋਂ ਬਗੈਰ ਇਕ ਖਿਨ ਜਿਉਣਾ ਪੂਰੀ ਤਰ੍ਹਾਂ ਬਿਰਥਾ ਹੈ। ਜਿਸ ਤਰ੍ਹਾਂ ਫੁਰਮਾਨ ਹੈ -

*ਜਿਉ ਮਛੁਲੀ ਬਿਨੁ ਪਾਣੀਐ*
*ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ*
*ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ*
*ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ॥ ਅੰਗ -੭੦੮*

ਜਿਸ ਵਾਹਿਗੁਰੂ ਦੇ ਨਾਲ ਤੂੰ ਮਿਲਾਪ ਕਰਨਾ

ਚਾਹੁੰਦਾ ਹੈਂ, ਐ ਜੀਵ! ਨਿਸ਼ਚੇ ਪੂਰਵਕ ਤੂੰ ਇਹ ਹਿਰਦੇ ਵਿਚ ਵਸਾ ਲੈ ਕਿ ਕੋਈ ਥਾਂ ਐਸਾ ਨਹੀਂ ਜਿਥੇ ਉਹ ਸੂਖਮ ਸਰੂਪ ਵਿਚ ਨਾ ਰਮਿਆ ਹੋਵੇ। ਤੇਰੇ ਅੰਦਰ ਬਾਹਰ, ਧਰਤੀ, ਪਹਾੜਾਂ, ਪਉਣ ਪਾਣੀ ਵਿਚ ਵੀ ਹੈ, ਕੋਈ ਥਾਂ ਐਸੀ ਨਹੀਂ ਜਿਥੇ ਉਹ ਨਹੀਂ ਹੈ। ਉਸਨੂੰ ਹਿਰਦੇ ਵਿਚ ਵਸਾ ਕੇ ਉਸਦੀ ਹਾਜ਼ਰੀ ਵਿਚ ਨਾਮ ਜਪ। ਜਦੋਂ ਇਸ ਤਰ੍ਹਾਂ ਤੂੰ ਕਰੇਂਗਾ, ਤੇਰੇ ਉਪਰ ਉਸ ਪ੍ਰਭੂ ਦੀ ਦਇਆ ਹੋ ਜਾਵੇਗੀ, ਤੇਰੇ ਦੁਖਾਂ ਦਾ ਖਾਤਮਾ ਉਸਦੇ ਮਿਲਾਪ ਨਾਲ ਹੋ ਜਾਵੇਗਾ।

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ।।*
*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ।।*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ।।*

*ਅੰਗ - ੨੯੪*

ਉਹ ਬਖਸ਼ਿਸ਼ਾਂ ਦਾ ਖਜ਼ਾਨਾ ਹੈ ਉਹ ਆਪਣੇ ਰਚੇ ਹੋਏ ਸੰਸਾਰ ਨੂੰ ਪਿਆਰ ਕਰਦਾ ਹੈ ਅਤੇ ਪਿਆਰ ਦਾ ਰੂਪ ਧਾਰ ਕੇ ਹੀ ਸੰਸਾਰ ਵਿਚ ਰਮਿਆ ਹੋਇਆ ਹੈ -

*ਜਤ੍ਰ ਤਤ੍ਰ ਦਿਸਾ ਵਿਸਾ*
*ਹੁਇ ਫੈਲਿਓ ਅਨੁਰਾਗ॥* *ਜਾਪੁ ਸਾਹਿਬ*

ਫੇਰ ਤੂੰ ਹੀ ਦੱਸ, ਜਿਹੜਾ ਉਸਨੂੰ ਪਿਆਰ ਨਹੀਂ ਕਰਦਾ ਉਹਦੇ ਵਰਗਾ ਖੁਟਰ ਕੌਣ ਹੈ? ਉਹ ਸਭ ਨੂੰ ਖਾਣ ਪੀਣ ਨੂੰ ਦਿੰਦਾ ਹੈ, ਤੈਨੂੰ ਪੀਣ ਵਾਸਤੇ ਨਿਰਮਲ ਜਲ ਦਿਤਾ ਹੈ, ਸਾਹ ਵਾਸਤੇ ਸ਼ੁਧ ਹਵਾ, ਜੀਅ ਲਗਾਉਣ ਵਾਸਤੇ ਬੱਚੇ, ਬੁਢਾਪੇ ਵਿਚ ਸੇਵਾ ਕਰਨ ਲਈ ਪਿਆਰ ਵਾਲੇ ਸਬੰਧੀ ਦਿਤੇ ਹਨ, ਤੈਨੂੰ ਸ਼ਕਤੀ ਦਿਤੀ ਹੈ, ਸੂਝ ਦਿਤੀ ਹੈ, ਤੈਨੂੰ ਪਾਲਣ ਵਾਸਤੇ ਅੰਨ ਦਿਤਾ ਹੈ, ਹੋਰ ਅਨੇਕ ਕਿਸਮ ਦੀਆਂ ਵਸਤਾਂ ਪੈਦਾ ਕੀਤੀਆਂ ਹਨ, ਫੇਰ ਦਸ ਤੂੰ ਉਸਨੂੰ ਕਿਉਂ ਭੁਲਿਆ ਰਹਿੰਦਾ ਹੈਂ? ਪਿਆਰਿਆ! ਯਾਦ ਰੱਖ, ਉਸਨੂੰ ਭੁੱਲ ਕੇ ਜੋ ਸਾਹ ਲੈਂਦਾ ਹੈਂ ਹਰ ਸਵਾਸ ਤੈਨੂੰ ਦੁਖਾਂ ਵਲ ਧੱਕਾ ਦੇ ਰਿਹਾ ਹੈ ਕਿਉਂਕਿ ਫੁਰਮਾਨ ਹੈ -

*ਦੂਖੁ ਤਦੇ ਜਾ ਵਿਸਰਿ ਜਾਵੈ॥*
*ਭੂਖ ਵਿਆਪੈ ਬਹੁ ਬਿਧਿ ਧਾਵੈ॥*

*ਅੰਗ - ੯੮*

ਤ੍ਰਿਸ਼ਨਾ ਦੀ ਭੁੱਖ ਲਗ ਜਾਂਦੀ ਹੈ ਅਤੇ ਆਪਣੀਆਂ ਵਾਸ਼ਨਾਵਾਂ ਦੀ ਪੂਰਤੀ ਲਈ ਸੰਸਾਰ ਵਿਚ ਭ੍ਰਮਣ ਕਰਦਾ ਹੈ। ਪ੍ਰਮੇਸ਼ਰ ਨੂੰ ਭੁੱਲ ਜਾਂਦਾ ਹੈ। ਜੇ ਇਹੋ ਨਾਮ ਜਪੇ -

*ਸਿਮਰਤ ਨਾਮੁ ਸਦਾ ਸੁਹੇਲਾ*
*ਜਿਸੁ ਦੇਵੈ ਦੀਨ ਦਇਆਲਾ ਜੀਉ॥*

*ਅੰਗ - ੯੮*

ਸੋ ਪਿਆਰਿਆ! ਤੈਨੂੰ ਜੁਗਤ ਦਸਦੇ ਹਾਂ ਕਿ ਤੂੰ ਨਿਤ ਅਰਦਾਸ ਕਰ ਕਿ ਮੈਨੂੰ ਆਪਣੇ ਪਿਆਰਿਆਂ ਦੀ ਚਰਨ ਧੂੜ ਦੇਹ, ਤੇਰਾ ਦਰਸ਼ਨ ਕਰਕੇ ਮੇਰਾ ਮਨ ਰਜਦਾ ਹੈ।

*ਖਾਕ ਸੰਤਨ ਕੀ ਦੇਹੁ ਪਿਆਰੇ॥*
*ਆਇ ਪਇਆ ਹਰਿ ਤੇਰੈ ਦੁਆਰੈ॥*
*ਦਰਸਨੁ ਪੇਖਤ ਮਨੁ ਆਘਾਵੈ*
*ਨਾਨਕ ਮਿਲਣੁ ਸੁਭਾਈ ਜੀਉ॥* *ਅੰਗ - ੯੮*

ਜਿਨ੍ਹਾਂ ਨੇ ਵਾਹਿਗੁਰੂ ਜੀ ਨੂੰ ਰਾਵਿਆ ਹੈ ਉਸ ਨੇ ਨਾਮ ਦਾ ਰਸ ਭੋਗਿਆ ਹੈ ਉਨ੍ਹਾਂ ਦੇ ਵੱਡੇ ਭਾਗ ਹਨ। ਉਸ ਵੇਲੇ ਜੀਵ ਤਰਲਾ ਲੈਂਦਾ ਹੈ ਕਿ ਮੇਰੇ ਅੰਦਰ ਦਰਸ਼ਨ ਦੀ ਲੋਚਾ ਲਗ ਗਈ ਹੈ ਤੇ ਮੇਰਾ ਮਨ ਦਰਸ਼ਨਾਂ ਦੀ ਪਿਆਸ ਨਾਲ ਤੜਫ ਰਿਹਾ ਹੈ, ਬਿਰਹੁ ਦੀ ਮੈਂ ਪੀੜਾ ਨਹੀਂ ਝਲ ਸਕਦਾ ਕਿਉਂਕਿ ਉਹ ਇਕ ਬਹੁਤ ਹੀ ਪ੍ਰਬਲ ਸ਼ਕਤੀ ਹੈ -

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ*
*ਮੰਤੁ ਨ ਮਾਨੈ ਕੋਇ॥*
*ਰਾਮ ਬਿਓਗੀ ਨਾ ਜੀਐ*
*ਜੀਐ ਤ ਬਉਰਾ ਹੋਇ॥* *ਅੰਗ - ੧੩੬੮*

ਹੇ ਸਤਿਗੁਰੂ! ਮੇਰੇ ਮਨ ਦੀ ਤ੍ਰਿਖਾ ਹੈ, ਉਹ ਤੇਰੇ ਦਰਸ਼ਨਾਂ ਦੀ ਤ੍ਰਿਖਾ ਹੈ; ਜੋ ਵੀ ਮੈਨੂੰ ਮੇਰੇ ਪ੍ਰਭੂ ਨਾਲ ਮਿਲਾ ਦੇਵੇ ਮੈਂ ਉਸਦੇ ਚਰਨਾਂ ਤੇ ਢਹਿ ਕੇ ਆਪਣਾ ਆਪਾ ਵੇਚ ਦੇਵਾਂਗਾ ਕਿਉਂਕਿ ਮੇਰੇ ਮਨ ਵਿਚ ਦਰਸ਼ਨਾਂ ਲਈ ਅਥਾਹ ਪਿਆਰ ਜਾਗ ਪਿਆ ਹੈ, ਪ੍ਰਭੂ ਦੇ ਮਿਲਾਪ ਦੀ ਪ੍ਰੀਤ ਨੇ ਮੇਰੇ ਮਨ ਨੂੰ ਘੇਰ ਲਿਆ ਹੈ। ਮੈਂ ਉਸਦੇ ਅੱਗੇ ਆਪਣਾ ਤਨ ਵੀ, ਧਨ ਵੀ ਰੱਖ ਦੇਵਾਂਗਾ ਅਤੇ ਮਨ ਦੀ ਮਤ ਵੀ ਦੇ ਕੇ ਉਸ ਤੋਂ ਪ੍ਰਭੂ ਦੀ ਕਥਾ ਸੁਣਾਂ ਤੇ ਦਿਨ ਰਾਤ ਬੈਰਾਗੀ ਹੋ ਕੇ ਉਸਦੀ ਸੇਵਾ ਵਿਚ ਫਿਰਦਾ ਰਹਾਂ -

*ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ॥*
*ਪਾਇ ਲਗਉ ਮੋਹਿ ਕਰਉ ਬੇਨਤੀ*
*ਕੋਊ ਸੰਤੁ ਮਿਲੈ ਬਡਭਾਗੀ॥*
*ਮਨੁ ਅਰਪਉ ਧਨੁ ਰਾਖਉ ਆਗੈ*
*ਮਨ ਕੀ ਮਤਿ ਮੋਹਿ ਸਗਲ ਤਿਆਗੀ॥*
*ਜੋ ਪ੍ਰਭ ਕੀ ਹਰਿ ਕਥਾ ਸੁਨਾਵੈ*
*ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ॥*

*ਅੰਗ - ੨੦੪*

ਸੋ ਮੇਰਾ ਮਨ ਦਰਸ਼ਨਾਂ ਨੂੰ ਲੋਚਦਾ ਹੈ। ਮੈਂ ਉਸਦੇ ਚਰਨਾਂ ਨਾਲ ਚਿੰਬੜ ਜਾਵਾਂ ਜੋ ਮੈਨੂੰ ਮੇਰਾ ਪ੍ਰਭੂ ਮਿਲਾ ਦੇਵੇ; ਆਪਣੇ ਕੋਲ ਕੁਝ ਵੀ ਨਾ ਰੱਖਾਂ, ਸਭ ਕੁਝ ਅਰਪਣ ਕਰ ਦੇਵਾਂ।

*ਹਰਿ ਦਰਸਨ ਕੰਉ ਮਨੁ ਲੋਚਦਾ*
*ਨਾਨਕ ਪਿਆਸ ਮਨਾ॥* *ਅੰਗ -੧੩੩*

ਸੋ ਇਹ ਇਕ ਹੂਕ ਹੈ ਜੋ ਇਸ ਭਟਕਦੇ ਜੀਵ ਦੇ ਮਨ

ਵਿਚ ਪੈਦਾ ਹੋ ਗਈ, ਉਸਦੀ ਜਗਿਆਸਾ ਪ੍ਰਭੂ ਨੇ ਸੁਣ ਲਈ ਅਤੇ ਉਸਨੂੰ ਪ੍ਰਭੂ ਨੂੰ ਮਿਲਣ ਦਾ ਭੇਤ ਦੇ ਦਿਤਾ।

ਸੋ ਪਿਆਰਿਓ! ਜੀਵ ਭਟਕਦਾ ਫਿਰ ਰਿਹਾ ਹੈ, ਗੁਰੂ ਮਹਾਰਾਜ ਜੀ ਨੇ ਇਸ ਮਹਾਂ ਪਵਿੱਤਰ ਬਾਣੀ ਰਾਹੀਂ ਅਸਾਨੂੰ ਪ੍ਰਭੂ ਨਾਲ ਮਿਲਣ ਦੀ ਜੁਗਤ ਦਸ ਦਿਤੀ ਹੈ ਕਿ ਉਨ੍ਹਾਂ ਪਿਆਰਿਆਂ ਨਾਲ ਮਿਲ, ਉਨ੍ਹਾਂ ਨਾਲ ਮਿਲ ਕੇ ਸਤਿਸੰਗ ਕਰ ਜਿਨ੍ਹਾਂ ਵਿਚ ਸ਼ਕਤੀ ਹੈ ਕਿ ਉਹ ਤੈਨੂੰ ਵੀ ਉਸ ਨਾਲ ਮਿਲਾ ਦੇਣ। ਉਨ੍ਹਾਂ ਪਿਆਰਿਆਂ ਦੇ ਮਿਲਾਪ ਤੋਂ ਬਿਨਾਂ ਕੋਈ ਵੀ ਉਸ ਪ੍ਰਮ ਸ਼ਕਤੀ ਨੂੰ ਤੈਨੂੰ ਮਿਲਾ ਨਹੀਂ ਸਕਦਾ ਕਿਉਂਕਿ ਤੈਨੂੰ ਕੋਈ ਵੀ ਰਸਤੇ ਦੀ ਸੋਝੀ ਨਹੀਂ ਹੈ। ਉਨ੍ਹਾਂ ਪਿਆਰਿਆਂ ਦੀ ਡਿਊਟੀ ਪ੍ਰਭੂ ਨੇ ਲਾਈ ਹੋਈ ਹੈ ਉਨ੍ਹਾਂ ਉਪਰ ਸ਼ੰਕਾ ਨਾ ਕਰ। ਦਿਨ ਲੰਘ ਰਹੇ ਹਨ, ਹਫਤੇ ਲੰਘ ਰਹੇ ਹਨ; ਵੇਲਾ ਹੈ ਤੂੰ ਹੁਣ ਆਪਣੇ ਆਪ ਨੂੰ ਸੰਭਾਲ -

***ਉਮਰ ਓਹਾ ਵਿਚ ਲੇਖੇ ਦੇ***
***ਜੋ ਯਾਦ ਸਾਂਈ ਵਿਚ ਗੁਜਰੇ,***
***ਪੈਂਦੀ ਮੁਜਰੇ।***
***ਨਹੀਂ ਤਾਂ ਸਾਨੂੰ ਹਾਸਲ ਕੀ ਹੈ***
***ਇਸ ਵਿਚ ਨੀਲੇ ਹੁਜਰੇ, ਸੰਝ ਤੇ ਫਜਰੇ।***
***ਭਾਈ ਵੀਰ ਸਿੰਘ***

ਸੋ ਇਸ ਕਰਕੇ ਤੂੰ ਆਪਣਾ ਕਾਰਜ ਕਰ, ਸਮੇਂ ਨੂੰ ਸੰਭਾਲ।

***ਚੇਤਨਾ ਹੈ ਤਉ ਚੇਤ ਲੈ***
***ਨਿਸਿ ਦਿਨਿ ਮੈ ਪ੍ਰਾਨੀ॥***
***ਛਿਨੁ ਛਿਨੁ ਅਉਧ ਬਿਹਾਤੁ ਹੈ***
***ਫੂਟੈ ਘਟ ਜਿਉ ਪਾਨੀ॥***
***ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥***
***ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥***
***ਅਜਹੂ ਕਛੁ ਬਿਗਰਿਓ ਨਹੀ***
***ਜੋ ਪ੍ਰਭ ਗੁਨ ਗਾਵੈ॥***
***ਕਹੁ ਨਾਨਕ ਤਿਹ ਭਜਨ ਤੇ***
***ਨਿਰਭੈ ਪਦੁ ਪਾਵੈ॥ ਅੰਗ - ੭੨੬***

ਸੋ ਇਸ ਕਰਕੇ ਗੁਰੂ ਮਹਾਰਾਜ ਦੇ ਉਪਦੇਸ਼ਾਂ ਨੂੰ ਹਿਰਦੇ ਵਿਚ ਵਸਾਓ ਕਿਉਂਕਿ ਅਸਾਡਾ ਮਾਨਸ ਜਨਮ ਜਿਸ ਦੀ ਲੋਚਾ ਦੇਵ ਲੋਕ ਦੇ ਦੇਵਤੇ ਵੀ ਕਰ ਰਹੇ ਹਨ, ਅਸਾਨੂੰ ਪ੍ਰਾਪਤ ਹੋਇਆ ਹੈ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***
***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥***
***ਅੰਗ - ੧੨***

*(ਪੰਨਾ 6 ਦੀ ਬਾਕੀ)*

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*
*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥*
*ਅੰਗ - ੧੩੩*

*ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥*
*ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥*
*ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥*
*ਅੰਗ - ੧੩੭੮*

ਜੁੜੀਏ ਅਰਦਾਸ ਵਿਚ -

*ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ ॥*
*ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ ॥*
*ਅੰਗ- ੬੭੮*

*ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥*
*ਨਾਨਕ ਦਾਸੁ ਇਹੀ ਸੁਖੁ ਮਾਗੈ*
*ਮੋ ਕਉ ਕਰਿ ਸੰਤਨ ਕੀ ਧੂਰੇ॥ ਅੰਗ - ੨੦੫*

*ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥*
*ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥*
*ਅੰਗ - ੨੬੧*

ਬਖਸ਼ ਦਿਓ ਸਤਿਗੁਰੂ ਜੀ ਇਹ ਦ੍ਰਿਸ਼ਟੀ -

*ਜਿਨਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥*
*ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥*
*ਅੰਗ- ੫੨੦*

ਆਸ ਤੇ ਵਿਸ਼ਵਾਸ਼ ਨਾਲ ਕੀਤੀ ਅਰਦਾਸ ਨੂੰ ਜ਼ਰੂਰ ਸਤਿਗੁਰੂ ਫਲ ਲਾਉਂਦੇ ਹਨ -

*ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥*
*ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥ ਅੰਗ- ੮੧੯*

ਅਰਦਾਸ ਹੈ ਸਤਿਗੁਰੂ ਦੀ ਬਖਸ਼ਿਸ਼ ਸਦਕਾ ਸਮੂੰਹ ਪਾਠਕ ਜਨਾਂ ਦੇ ਜੀਵਨ ਅੰਦਰ ਉਹ ਖੇੜਾ, ਬਸੰਤ, ਖੁਸ਼ਹਾਲੀ, ਖੁਸ਼ਬੋ ਤੇ ਨਾਮ ਬਾਣੀ ਦੀਆਂ ਕਰੂੰਬਲਾਂ ਫੁੱਟਣ ਜਿਸ ਨਾਲ ਸਭਨਾਂ ਨੂੰ ਉੱਚੀ-ਸੁੱਚੀ ਦ੍ਰਿਸ਼ਟੀ ਪ੍ਰਾਪਤ ਹੋ ਸਕੇ। ਤਾਂ ਜੋ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥*
*ਅੰਗ- ੬੭੭*

ਦੇ ਸਿਧਾਂਤ ਦੀ ਪੂਰਨਤਾ ਵਲ ਵੱਧ ਸਕੀਏ।

*ਸਦਾ ਬਸੰਤੁ ਗੁਰ ਸਬਦੁ ਵੀਚਾਰੇ ॥*
*ਰਾਮ ਨਾਮੁ ਰਾਖੈ ਉਰ ਧਾਰੇ ॥ ੩ ॥*
*ਮਨਿ ਬਸੰਤੁ ਤਨੁ ਮਨੁ ਹਰਿਆ ਹੋਇ ॥*
*ਨਾਨਕ ਇਹੁ ਤਨੁ ਬਿਰਖੁ ਰਾਮ ਨਾਮੁ ਫਲੁ ਪਾਏ ਸੋਇ ॥*
*ਅੰਗ- ੧੧੭੬*

ਸਤਿਗੁਰੂ ਸਭਨਾਂ ਤੇ ਬਖਸ਼ਿਸ਼ ਕਰਨ ਤਾਂਕਿ ਸਭਨਾਂ ਦੇ ਜੀਵਨ ਨਾਮ ਬਾਣੀ ਦੇ ਬਸੰਤੀ ਰੰਗ ਵਿਚ ਰੰਗੇ ਜਾਣ।

# ਬਿਨੁ ਸਬਦੈ ਅੰਤਰਿ ਆਨੇਰਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-33)*

ਸਾਨੂੰ ਸ਼ੱਕ ਪੈ ਜਾਂਦਾ ਹੈ ਕਿ ਗੁਰੂ ਕਿੱਥੋਂ ਭਾਲੀਏ? ਇਹਦੇ ਵਿਚ ਸਾਨੂੰ ਸ਼ੱਕ ਨਹੀਂ ਹੋਣਾ ਚਾਹੀਦਾ ਕਿਉਂਕਿ ਸਾਨੂੰ ਕੁੰਜੀ ਪੰਜ ਪਿਆਰੇ ਫੜਾ ਦਿੰਦੇ ਨੇ ਜਦੋਂ ਅੰਮ੍ਰਿਤ ਛਕਾਉਂਦੇ ਨੇ। ਉਸ ਕੁੰਜੀ ਦੀ ਅਸੀਂ ਵਰਤੋਂ ਨਹੀਂ ਕਰਦੇ। ਮਹਾਰਾਜ ਕਹਿੰਦੇ ਨੇ ਕਿ ਤੁਸੀਂ ਸਾਧਨਾ ਸੰਪੰਨ ਪੁਰਸ਼ਾਂ ਦੇ ਕੋਲ ਜਾਓ ਜਿਹਨਾਂ ਨੇ ਇਹ ਗੱਲਾਂ ਕਰ ਲਈਆਂ। ਉਹ ਪਿੱਛੇ ਨਹੀਂ ਲਾਉਂਦੇ ਆਪਣੇ। ਪਿੱਛੇ ਤਾਂ ਲਾਉਣ ਜੇ ਆਪ ਹੋਣ। ਜਦੋਂ ਆਪ ਹੀ ਨਹੀਂ ਹਨ ਤਾਂ ਪਿੱਛੇ ਕੀਹਦੇ ਲਾ ਦੇਣਗੇ? ਇਸ ਤਰ੍ਹਾਂ ਸ਼ੱਕ ਪੈਂਦੇ ਨੇ, ਕਿਤਾਬਾਂ 'ਚ ਲਿਖੀ ਜਾਂਦੇ ਨੇ। ਜਿਹੜਾ ਸੰਤ ਆਪ ਦੇ ਪਿੱਛੇ ਲਾਉਂਦੈ ਕਿਸੇ ਨੂੰ ਉਹ ਸੰਤ ਹੀ ਨਹੀਂ ਹੈ ਸਾਧਸੰਗਤ ਜੀ! ਐਵੇਂ ਹੀ ਟਾਰ੍ਹਾਂ ਮਾਰਦੇ ਨੇ। ਸੰਤ ਉਹਨੂੰ ਕਹਿੰਦੇ ਨੇ ਜਿਹੜਾ ਹੁੰਦਾ ਹੀ ਨਹੀਂ ਕੁਛ ਵੀ। ਜਿਹੜਾ ਹੈਗਾ ਉਹ ਜੀਵ ਹੈ। ਸੰਤ ਤਾਂ ਹੈ ਨਹੀਂ ਉਹ। ਤੇ ਜੇ 'ਮੈਂ' ਹੈਗਾ ਤਾਂ ਰੱਬ ਹੈ ਹੀ ਨਹੀਂ -

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੁਹੀ ਮੈ ਨਾਹੀ ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥* *ਅੰਗ- ੬੫੭*

ਜਦੋਂ 'ਮੈਂ' ਹੀ ਨਿਕਲ ਗਿਆ ਉਹਨੂੰ ਸੰਤ ਕਹੀ ਜਾਓ, ਬ੍ਰਹਮਗਿਆਨੀ ਕਹੀ ਜਾਓ। ਉਹ ਹੈ ਹੀ ਨਹੀਂ, ਉਹ ਪਿੱਛੇ ਕੀਹਦੇ ਲਾਊਗਾ? ਇਸ ਕਰਕੇ ਇਹ ਗੱਲਾਂ ਨਿਰਾਰਥਕ ਤੇ ਨਿਰਮੂਲ ਹੋਇਆ ਕਰਦੀਆਂ ਨੇ। ਅਗਿਆਨੀਆਂ ਦੀਆਂ ਗੱਲਾਂ ਹੁੰਦੀਆਂ ਨੇ ਸਾਰੀਆਂ। ਉਹ ਕਹਿੰਦੇ ਉਹ ਚੀਜ਼ ਆਤਮ ਵਸਤੂ ਲੱਭਦੀ ਨਹੀਂ ਜਦੋਂ ਤਕ ਅੰਦਰ ਸ਼ਬਦ ਦਾ ਪ੍ਰਕਾਸ਼ ਨਹੀਂ ਹੁੰਦਾ। ਉਹ ਧੁਨ ਹਰ ਵਕਤ ਹੈ। ਉਹ ਐਨਰਜੀ ਜਿਹੜੀ ਸੁਪਰ ਐਨਰਜੀ ਹੈ, (ਇਸ ਤਰ੍ਹਾਂ ਕਹਿਣ 'ਤੇ ਸਾਡੇ ਗੱਲ ਸਮਝ 'ਚ ਆ ਜਾਂਦੀ ਹੈ) ਸਾਰੀ ਉਸ ਐਨਰਜੀ ਨੇ ਜਿੰਨੀ ਕਾਇਨਾਤ ਹੈ, ਜਿੱਥੇ ਤੱਕ ਅਸੀਂ ਸਮਝ ਹੀ ਨਹੀਂ ਸਕਦੇ, ਇਹ ਤਾਂ ਗੱਲ ਹੀ ਛੱਡ ਦੇਣੀ ਚਾਹੀਦੀ ਹੈ ਜੇ ਅਸੀਂ ਇਸ ਗੱਲ ਦੀ ਸੋਚ ਵਿਚ ਪੈ ਜਾਈਏ ਕਿ ਕਿੰਨੇ ਕੁ ਖੰਡ ਨੇ, ਕਿੰਨੇ ਕੁ ਬ੍ਰਹਿਮੰਡ ਨੇ, ਅਸੀਂ ਥੱਕ ਜਾਵਾਂਗੇ। ਕਿੰਨਾਂ ਕੁ ਸੋਚ ਲਵਾਂਗੇ, ਕਿੰਨੀ ਕੁ ਸਾਡੇ 'ਚ ਸ਼ਕਤੀ ਹੈ। ਮਹਾਰਾਜ ਕਹਿੰਦੇ, ਉਹ ਤਾਂ ਅਗਾਂਹਾਂ ਹੋਰ ਹੈ, ਹੋਰ ਹੈ, ਹੋਰ ਹੈ। ਜਿੱਥੇ ਤੇਰੀ ਸੋਚ ਖੜ੍ਹ ਜਾਏਗੀ, ਉਸ ਤੋਂ ਅੱਗੇ ਹੋਰ ਹੈ, ਬੇਅੰਤਤਾ (infinity) ਨੂੰ ਤੂੰ ਕੀ ਸੋਚ ਲਵੇਂਗਾ? ਤੇਰੀ ਬੁੱਧੀ ਹੈ ਹੀ ਨਹੀਂ ਉਸ ਬੇਅੰਤਤਾ (infinity) ਨੂੰ ਸੋਚਣ ਵਾਲੀ, ਤੂੰ ਤਾਂ ਇਸ ਤਰ੍ਹਾਂ ਸਮਝ ਲੈ ਕਿ ਬੇਅੰਤ ਹੈ। ਬੇਅੰਤ ਤੇਰਾ ਕਹਿ ਦੇਣਾ, ਮਹਿਸੂਸ ਕਰਨਾ -

*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥*
*ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥*
*ਅੰਗ- ੫*

ਇਹ ਸਾਰੀ ਜਿਹੜੀ ਰਚਨਾ ਹੈ ਇਹ ਖੜ੍ਹੀ ਕਾਹਦੇ ਸਹਾਰੇ ਹੈ? ਮਹਾਰਾਜ ਕਹਿੰਦੇ, ਉਸ ਨਾਮ ਸ਼ਕਤੀ ਨੇ, ਜਿਹੜੀ ਮੂਲ ਐਨਰਜੀ ਜਿਹੜੀ ੧ਓੰ ਦੀ ਹੈ, ਜਿਹਨੂੰ ਸ਼ਬਦ ਧੁਨ ਕਹਿੰਦੇ ਨੇ -

*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।*
*ਭਾਈ ਗੁਰਦਾਸ ਜੀ, ਵਾਰ ੨੬/੨*

ਨਾਉਂ ਰੱਖਣੇ ਨੇ, ਸਾਡੀ ਬੋਲੀ 'ਚ ਰੱਖਣੇ ਨੇ। ਉਸ ਚੀਜ਼ ਨੂੰ ਅਸੀਂ ਜਾਣਦੇ ਨਹੀਂ ਹਾਂ, ਦਿਖਾ ਨਹੀਂ ਸਕਦੇ। ਅਸੀਂ ਆਪਣੇ ਤਰੀਕੇ ਨਾਲ ਉਹਦਾ ਨਾਉਂ ਰਖ ਲਵਾਂਗੇ। ਉਹਦਾ ਨਾਉਂ ਓਅੰਕਾਰ ਕਰ ਦਿਤਾ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੇ, ਸ੍ਰੀ ਗੁਰੂ ਨਾਨਕ ਸਾਹਿਬ ਨੇ ਇਕ ਦਮ ਬਰੈਕਟ ਕਰ ਦਿਤਾ ਇਹਨੂੰ ਕਿ ਦੋ ਨਾ ਬੋਲਿਓ, ਏਕੰਕਾਰ, ਓਅੰਕਾਰ; ਦੋ ਨਹੀਂ ਹੈ ਇਕੋ ਹੀ ਹੈ। ਏਕੰਕਾਰ ਦੀ ਸ਼ਕਤੀ ਓਅੰਕਾਰ ਹੈ, ਉਹਨੇ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥* *ਅੰਗ- ੨੮੪*

ਉਸ ਨਾਮ ਸ਼ਕਤੀ ਨੇ ਸਾਰੀ ਰਚਨਾ ਨੂੰ ਧਾਰਨ ਕਰਿਆ ਹੋਇਆ ਹੈ। ਉਹ ਨਾਮ ਸ਼ਕਤੀ ਹਰੇਕ ਦੇ ਅੰਦਰ ਸ਼ਬਦ ਰੂਪ ਦੇ ਵਿਚ ਹਾਜ਼ਰ ਹੈ। ਧੁਨ ਦੇ ਵਿਚ ਹਾਜ਼ਰ ਹੈ।

ਬੜਾ ਜਬਰਦਸਤ ਸਵਾਲ ਇਹ ਹੈ ਕਿ ਫੇਰ ਸੁਣਦੀ ਕਿਉਂ ਨਹੀਂ ਹੈ ਸਾਨੂੰ?

ਉਹ ਇਸ ਕਰਕੇ ਨਹੀਂ ਸੁਣਦੀ ਕਿ ਜਿਸ ਤਰ੍ਹਾਂ ਦੇ ਨਾਲ ਕੋਈ ਮਿੱਠਾ-ਮਿੱਠਾ ਰਾਗ ਚੱਲ ਰਿਹਾ ਹੋਵੇ ਤੇ ਬੰਦਾ ਸੁੱਤਾ ਪਿਆ ਹੋਵੇ। ਗਾੜ੍ਹੀ ਨੀਂਦ ਦੇ ਅੰਦਰ। ਉਹਨੂੰ ਉਹ ਸੁਣਦਾ ਨਹੀਂ ਜਿਹਦੇ ਕੰਨ ਖੁਲ੍ਹੇ ਨੇ, ਜਾਗਦਾ ਹੈ ਉਹਨੂੰ ਸੁਣਦਾ ਹੈ। ਮਹਾਰਾਜ ਕਹਿੰਦੇ, ਇਹ ਜਿਹੜੀ ਦੁਨੀਆਂ ਹੈ, ਜਿਹਨੂੰ ਤੁਸੀਂ ਕਹਿ ਦਿਓ ਪੰਜ ਅਰਬ, ਸਾਢੇ ਪੰਜ ਅਰਬ ਮਨੁੱਖ ਨੇ, ਇਹਦੇ ਵਿਚ ਕੋਈ ਵਿਰਲਾ

ਗੁਰਮੁਖ ਹੈ ਜਿਹੜਾ ਜਾਗਦਾ ਹੈ। ਬਾਕੀ ਸਾਰਾ ਸੰਸਾਰ ਜਿਹੜਾ ਹੈ (under illuion ਹੈ) ਸੁੱਤਾ ਪਿਆ ਹੈ, ਐਸਾ ਫੁਰਮਾਨ ਕਰਦੇ ਨੇ -

*ਧਾਰਨਾ - ਸੌਂ ਗਿਆ ਜਗ ਸਾਰਾ ਜੀ,*
*ਮਾਇਆ ਦੀ ਨੀਂਦ ਗਾੜ੍ਹੀ।*

ਇਕ ਨੀਂਦ ਤਾਂ ਉਹ ਹੈ ਜਿਹੜਾ ਸਰੀਰ ਥੱਕ ਜਾਵੇ, ਦਿਮਾਗ ਥੱਕ ਜਾਵੇ ਉਹਨੂੰ ਤਾਜ਼ਾ ਕਰਨ ਵਾਸਤੇ ਅਸੀਂ ਕਿਸੇ ਇਕਾਂਤ ਜਗ੍ਹਾ ਪੈ ਜਾਂਦੇ ਹਾਂ ਤੇ ਨਾਲ ਹਦਾਇਤ ਕਰਦੇ ਹਾਂ ਕਿ ਮੈਨੂੰ ਬੁਲਾਈਂ ਨਾ। ਨੀਂਦ ਆ ਗਈ।

ਇਕ ਉਹ ਨੀਂਦ ਹੈ ਕਿ ਪੜ੍ਹਦਾ ਹੈ, ਲਿਖਦਾ ਹੈ, ਗੱਲਾਂ ਕਰਦੈ, ਪਰਿਵਾਰ 'ਚ ਰਹਿੰਦੈ, ਨੌਕਰੀਆਂ ਚਾਕਰੀਆਂ ਕਰਦੈ। ਵੱਡੇ-ਵੱਡੇ ਲੈਕਚਰ ਦਿੰਦੈ, ਵੱਡੀਆਂ-ਵੱਡੀਆਂ ਕਿਤਾਬਾਂ ਲਿਖਦੈ, ਵੱਡੀਆਂ-ਵੱਡੀਆਂ ਥਿਊਰੀਆਂ ਲਿਖਦੈ, ਮਹਾਰਾਜ ਕਹਿੰਦੇ, ਉਹ ਵੀ ਸੁੱਤਾ ਪਿਐ। ਕਿਉਂਕਿ ਉਹਨੂੰ ਅਸਲੀ ਬਾਤ ਦਾ ਗਿਆਨ ਨਾ ਹੋਣ ਕਰਕੇ ਉਹ ਮਾਇਆ ਦੀ ਨੀਂਦ ਦੇ ਅਸਰ ਹੇਠ ਆ ਗਿਆ। ਮਹਾਰਾਜ ਕਹਿੰਦੇ ਨੇ ਕਿ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*
*ਅੰਗ- ੯੨੦*

ਤਿੰਨ ਗੁਣ ਨੇ ਮਾਇਆ ਦੇ ਵਿਚ, ਇਕ ਰਜੋ ਗੁਣ ਹੈ, ਇਕ ਤਮੋ ਗੁਣ ਹੈ, ਇਕ ਸਤੋ ਗੁਣ ਹੈ। ਉਹਨਾਂ ਤਿੰਨਾਂ ਗੁਣਾਂ 'ਚ ਕਹਿੰਦੇ ਸਾਰਾ ਹੀ ਸੰਸਾਰ ਸੌਂ ਗਿਆ। ਜਾਗਦਾ ਕੋਈ ਵਿਰਲਾ ਹੈ। ਕੋਈ ਵਿਰਲਾ ਗੁਰਮੁਖ ਹੈ ਜਿਹੜਾ ਜਾਗਦਾ ਹੈ। ਬਾਕੀ ਸਭ ਸੁੱਤੇ ਪਏ ਨੇ। ਜਦੋਂ ਐਸੇ ਸਵਾਲ ਆਉਂਦੇ ਨੇ ਕਿ -

*ਗੁਰਮੁਖਿ ਜਾਗਿ ਰਹੇ ਦਿਨ ਰਾਤੀ ॥ ਅੰਗ- ੧੦੨੪*

ਉਹ ਮਾਇਆ ਦੇ ਅਸਰ ਹੇਠ ਨਹੀਂ ਹੋਇਆ ਕਰਦੇ। ਸਰੀਰ ਵੱਖਰੀ ਚੀਜ਼ ਹੈ। ਗੁਰਮੁਖ ਸਰੀਰ ਨਹੀਂ ਹੋਇਆ ਕਰਦਾ। ਸੋ ਸੁੱਤਾ ਬੰਦਾ ਜਿਹੜਾ ਹੈ, ਉਹਦੇ ਕੋਲ ਧੁਨ ਚਲਦੀ ਹੈ ਕੋਈ।

ਹੁਣ ਤਾਂ ਆਪਣੇ ਵੀ ਐਸਾ ਬੰਦੋਬਸਤ ਹੋ ਗਿਆ। ਬਾਹਰ ਬੰਦੋਬਸਤ ਨੇ, ਟੇਪ ਲਾ ਦਿਓ ਤੁਸੀਂ ਸਮਾਂ ਸੈੱਟ ਕਰ ਦਿਓ, ਉਹਦੇ ਉਤੇ ਆ ਕੇ ਉਹ ਧੁਨ ਵੱਜਣੀ ਸ਼ੁਰੂ ਹੋ ਜਾਂਦੀ ਹੈ। ਹੁਣ ਆਪਣੇ ਕੋਲ ਵੀ ਐਸੇ ਟਾਈਮ ਪੀਸ ਆ ਗਏ ਨੇ। ਉਹ ਧੁਨ ਸੁਣ ਜਾਂਦੀ ਹੈ ਜਦੋਂ ਜਾਗ ਆ ਜਾਂਦੀ ਹੈ। ਫੇਰ ਪਤਾ ਲਗ ਜਾਂਦੈ ਕਿ ਜਗਾਉਂਦੀ ਹੈ ਉਸ ਨੂੰ। ਪਹਿਲਾਂ ਨਹੀਂ ਉਸ ਨੂੰ ਸੁਣਦੀ। ਪਹਿਲਾਂ ਗਾੜ੍ਹੀ ਨੀਂਦ ਵਿਚ ਹੁੰਦੈ। ਵਜ ਤਾਂ ਰਹੀ ਹੈ ਧੁਨ ਦਾ ਤਾਂ ਕੋਈ ਕਸੂਰ ਨਹੀਂ ਲੇਕਿਨ ਆਪ ਨੀਂਦ ਵਿਚ ਹੈ। ਮਹਾਰਾਜ ਕਹਿੰਦੇ ਇਹਦੇ ਵਿਚ ਦੋ ਚੀਜ਼ਾਂ ਦੀ ਲੋੜ ਹੈ। ਇਕ ਤਾਂ ਹੈ ਗੁਰੂ ਦੀ ਕ੍ਰਿਪਾ -

*ਗੁਰ ਕਿਰਪਾ ਤੇ ਸੇ ਜਨ ਜਾਗੇ*
*ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥*
*ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ*
*ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥ ਅੰਗ- ੯੨੦*

ਗੁਰੂ ਦੀ ਕ੍ਰਿਪਾ ਦੇ ਨਾਲ ਜਦੋਂ ਪ੍ਰਮੇਸ਼ਰ ਦਾ ਨਾਮ ਅੰਦਰ ਵਸ ਜਾਂਦੈ। ਫੇਰ ਉਹਨੂੰ ਜਾਗ ਆ ਜਾਇਆ ਕਰਦੀ ਹੈ ਨਹੀਂ ਤਾਂ ਜਾਗ ਨਹੀਂ ਆਉਂਦੀ ਹੈ। ਸੁੱਤਾ ਪਿਆ ਹੈ ਆਦਮੀ। ਸੋ ਸੁੱਤਾ ਪਿਆ ਜੇ ਇਹ ਕਹਿੰਦਾ ਹੈ ਕਿ ਧੁਨ ਸਾਨੂੰ ਤਾਂ ਸੁਣਦੀ ਨਹੀਂ, ਫੇਰ ਭਾਈ ਤੇਰਾ ਕਸੂਰ ਹੈ, ਤੂੰ ਹੀਂ ਸੁੱਤਾ ਪਿਆ ਹੈ। ਸਚਾਈ ਨੂੰ ਤੂੰ ਝੁਠਲਾ ਨਹੀਂ ਸਕਦਾ। ਗੁਰੂ ਜੀ ਕਹਿੰਦੇ ਨੇ ਕਿ ਪਉਣ ਵੀ ਗਾ ਰਹੀ ਹੈ, ਅੱਗ ਵੀ ਗਾ ਰਹੀ ਹੈ, ਧਰਤੀ ਵੀ ਗਾ ਰਹੀ ਹੈ। ਪੜ੍ਹ ਲਵੋ 'ਸੋ ਦਰੁ' ਦੀ ਪਉੜੀ। ਕਿੰਨਿਆਂ ਨੂੰ ਮਹਾਰਾਜ ਨੇ ਕਿਹੈ - ***'ਹੋਰ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥'*** ਕਹਿੰਦੇ ਐਨੇ ਕੁ ਹੀ ਨਹੀਂ ਗਾਉਂਦੇ, ਬੇਅੰਤ ਗਾਉਂਦੇ ਨੇ। ਜਿਹੜੇ ਮੈਂ ਇਸ ਵੇਲੇ ਲਿਖ ਨਹੀਂ ਰਿਹਾ। ਇਹਦਾ ਮਤਲਬ ਹੈ ਸਾਰਾ ਹੀ ਸੰਸਾਰ ਗਾ ਰਿਹਾ ਹੈ। ਸਾਰੇ ਸੰਸਾਰ ਦੇ ਅੰਦਰ ਨਾਮ ਦੀ ਧੁਨ ਚਲ ਰਹੀ ਹੈ। ਫੇਰ ਪਤਾ ਕਿਉਂ ਨਹੀਂ ਲਗਦਾ? ਮੈਂ ਦਿੱਬਯ ਸਰਵਣਾਂ ਦੀ ਬਾਤ ਕਰ ਰਿਹਾ ਸੀ। ਬਈ ਤੇਰੇ ਜਿਹੜੇ ਕੰਨ ਨੇ ਉਹਨਾਂ ਦੇ ਪੜਦੇ ਜਿਹੜੇ ਨੇ ਉਹਨਾਂ ਦੇ ਬਾਹਰ ਐਨੀ ਮੈਲ ਆ ਗਈ, ਤੈਨੂੰ ਢੋਲ ਵਜਦਾ ਵੀ ਨਹੀਂ ਸੁਣਦਾ। ਕਿਉਂਕਿ 'ਅਤਿ' ਦੇ ਉਤੇ ਪਹੁੰਚ ਗਿਆ -

*ਮਾਇਆਧਾਰੀ ਅਤਿ ਅੰਨਾ ਬੋਲਾ ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ ਅੰਗ- ੩੧੩*

ਉਹ ਅੰਦਰਲੇ ਸ਼ਬਦ ਨੂੰ ਸੁਣ ਨਹੀਂ ਰਿਹਾ। ਜਾਗਦਾ ਹੈ। ਕਹਿੰਦਾ ਹੈ ਕਿ ਮੈਂ ਜਾਗਦਾ ਹਾਂ। ਮਹਾਰਾਜ ਕਹਿੰਦੇ, ਤੂੰ ਸੁੱਤਾ ਪਿਐਂ। ਜਾਗਦਾ ਹੋਵੇ ਤਾਂ ਤੈਨੂੰ ਸੁਣੇ ਨਾ? ਸੋ ਆਹ ਫਰਕ ਹੈ - 'ਬਿਨੁ ਸਬਦੈ ਅੰਤਰਿ ਆਨੇਰਾ ॥ 'ਜੇ ਸ਼ਬਦ ਨਹੀਂ ਸੁਣਦਾ ਤੇਰੇ ਅੰਦਰ ਹਨ੍ਹੇਰਾ ਹੈ। ਮਾਇਆ ਦੇ, ਅਗਿਆਨ ਦੇ (ignorance, illusion) ਦੇ ਅਸਰ ਹੇਠ ਹੈਂ।

*ਨ ਵਸਤੁ ਲਹੈ ਨ ਚੂਕੈ ਫੇਰਾ ॥ ਅੰਗ- ੧੨੪*

ਹਨ੍ਹੇਰੇ ਵਿਚ ਕਿਹੜੀ ਚੀਜ਼ ਲੱਭਦੀ ਹੈ, ਗੁਆਚ ਜਾਵੇ ਕਿੱਥੋਂ ਟੋਲ੍ਹ ਲਵੇਗਾ। ਉਈਂ ਹੱਥ ਮਾਰੀ ਜਾਏਗਾ ਕਮਲਿਆਂ ਵਾਂਗਣ। ਲਾਈਟ ਹੋ ਜਾਵੇ ਉਸੇ ਵੇਲੇ ਚੀਜ਼ ਦਾ ਪਤਾ ਲਗ ਜਾਂਦੈ। ਕਹਿੰਦੇ, ਤੇਰੇ ਅੰਦਰ ਵਸਤ ਪਈ ਹੈ ਲੇਕਿਨ ਤੇਰੀ ਸੋਝੀ ਦੇ ਜਿਹੜੇ ਔਜ਼ਾਰ ਨੇ ਉਹਨਾਂ ਨੂੰ ਕੰਟਰੋਲ ਕਰਨ ਵਾਲਾ ਜਿਹੜਾ ਤੇਰਾ ਜੀਵ ਆਤਮਾ ਹੈ ਉਹ ਭੁੱਲ ਗਿਆ। ਹੁਣ ਉਹ ਚੀਜ਼ ਲੱਭਦੀ ਨਹੀਂ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਨਉ ਘਰ ਦੇਖਿ ਜੁ ਕਾਮਨਿ ਭੂਲੀ*
*ਬਸਤੁ ਅਨੂਪ ਨ ਪਾਈ ॥* *ਅੰਗ- ੩੩੯*

ਜਿਹੜੀ ਇਹਦੇ ਵਿਚ ਸਾਡੀ ਸੁਰਤ ਸੀ, ਉਹ ਭੁੱਲ ਗਈ, ਨੌਆਂ ਘਰਾਂ ਵਿਚ ਹੀ ਰਹਿ ਗਈ। ਦੋਵੇਂ ਅੱਖਾਂ, ਦੋਵੇਂ ਕੰਨ ਤੇ ਨਾਸਕਾ ਛੇ; ਸੱਤਵੀਂ ਰਸਨਾ, ਅੱਠਵੇਂ, ਨੌਵੇਂ ਮਲਮੂਤਰ ਦੇ ਇੰਦਰੇ, ਆਹ ਸਰੀਰ ਦੇ ਵਿਚ ਜਿਹੜੇ ਨੌਂ ਦਰਵਾਜ਼ੇ ਸੀ ਇਹਨਾਂ ਦੇ ਵਿਚੀਂ ਕਦੇ ਕਿਸੇ ਦਰਵਾਜ਼ੇ ਤਕ ਨਿਕਲਦੀ ਹੈ, ਕਦੇ ਕਿਸੇ ਦਰਵਾਜ਼ੇ 'ਚੋਂ, ਭੁੱਲ ਗਈ। ਕਹਿੰਦੇ ਇਹ ਐਨੀ ਭੁੱਲੀ, ਝੁੰਜਲਾਹਟ ਵਿਚ ਤਾਂ ਆਈ ਜਾਂਦੀ ਹੈ ਲੇਕਿਨ ਅਗਾਂਹਾਂ ਹੀ ਅਗਾਂਹਾਂ ਇੱਛਿਆ ਕਰੀ ਜਾਂਦੀ ਹੈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਬਹੁ ਰੰਗ ਤਮਾਸ਼ੇ ਅੱਖੀਆਂ ਵੇਖ ਨਾ ਰੱਜੀਆਂ।*

*ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।*
*ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੇ ਹਾਸੇ।*
*ਸਾਦੀ ਜੀਭ ਨ ਰਜੀਆ ਕਰਿ ਭੋਗ ਬਿਲਾਸੇ।*
*ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ।*
*ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ।*
*ਪੀਰ ਮੁਰੀਦਾਂ ਪਿਰਹੜੀ ਸਚੀ ਰਹਰਾਸੇ॥*
*ਭਾਈ ਗੁਰਦਾਸ ਜੀ, ਵਾਰ ੨੭/੯*

ਮਹਾਰਾਜ ਕਹਿੰਦੇ ਜਿਹਨਾਂ ਨੂੰ ਅਗਿਆਨ ਇੰਦਰੇ ਕਹਿੰਦੇ ਨੇ, ਗਿਆਨ ਇੰਦਰੇ ਤਾਂ, ਤਾਂ ਨੇ ਜੇ ਅਸਲੀਅਤ ਨੂੰ ਪਾਉਣ, ਨਹੀਂ ਤਾਂ ਇਹ ਅਗਿਆਨ ਇੰਦਰੇ ਨੇ। ਗਿਆਨ ਇੰਦਰੇ ਨਹੀਂ ਇਹ ਕਹਾ ਸਕਦੇ। ਦੁਨੀਆਂ ਨੂੰ ਜਾਨਣ ਦੇ ਇੰਦਰੇ ਹੈਗੇ ਲੇਕਿਨ ਅੰਦਰਲੀ ਚੀਜ਼ ਜਿਹੜੀ ਹਰ ਵਕਤ ਇਹਦੇ ਨਾਲ ਰਹਿੰਦੀ ਹੈ ਉਹਨੂੰ ਨਹੀਂ ਇਹ ਜਾਣਦਾ। ਕੰਨ ਨੇ ਜਿਹੜੇ ਕਹਿੰਦੇ ਰੋਵਣ ਤੇ ਹਾਸੇ, ਸੁਣ-ਸੁਣ ਕੇ ਇਹ ਨਹੀਂ ਰੱਜਦੇ। ਜਿਹਭਾ ਸਵਾਦ ਲੈ-ਲੈ ਕੇ ਨਹੀਂ ਰੱਜਦੀ। ਨਾਸਿਕਾ ਸੁਗੰਧੀ ਲੈ ਕੇ ਨਹੀਂ ਰੱਜਦੀ। ਰਸਾਂ-ਕਸਾਂ ਦੇ ਵਿਚ ਪਿਆ ਹੋਇਆ ਇਹ ਬੰਦਾ, ਭੁੱਲਿਆ ਹੋਇਆ ਬੰਦਾ ਰੱਜਦਾ ਨਹੀਂ, ਭੁੱਲ ਗਈ ਕਾਮਣ। ਗੁਰੂ ਮਹਾਰਾਜ ਗੁਰੂ ਨਾਨਕ ਪਾਤਸ਼ਾਹ ਸਾਨੂੰ ਇਕ ਸ਼ਬਦ ਦੇ ਰਾਹੀਂ ਵਰਜਦੇ ਨੇ, ਪੜ੍ਹੋ ਪਿਆਰ ਨਾਲ -

*ਧਾਰਨਾ - ਕਿਤੇ ਭੁੱਲ ਨਾ ਜਾਈਂ ਓਏ ਮਨਾਂ ਮੇਰਿਆ,*
*ਮੋਤੀਆਂ ਦੇ ਮੰਦਰ ਵੇਖ ਕੇ।*

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*
*ਅੰਗ- ੧੪*

ਸੋਨੇ ਦੇ ਮੰਦਰ ਮੋਤੀਆਂ ਨਾਲ ਜੜ੍ਹੇ ਹੋਏ, ਸੁਗੰਧੀਆਂ ਦਿੰਦੇ, ਜੇ ਭੁੱਲ ਗਿਆ ਪਿਆਰਿਆ! ਇਹੀ ਚੀਜ਼ ਤੈਨੂੰ ਰੁਕਾਵਟ ਬਣ ਜਾਣੀ ਹੈ। ਸੋਹਣੀਆਂ ਚੀਜ਼ਾਂ, ਮੋਹਣੀਆਂ ਦੇਖ ਕੇ -

*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥*
*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*
*ਅੰਗ- ੧੪*

ਇਸ਼ਾਰਾ ਹੋ ਰਿਹਾ ਹੈ ਕਿਸੇ ਬਹੁਤ ਵੱਡੀ ਚੀਜ਼ ਵੱਲ। ਰਿਧੀਆਂ-ਸਿੱਧੀਆਂ ਸ਼ਕਤੀਆਂ ਦੇ ਉਤੇ ਮੋਹਿਤ ਹੋ ਜਾਂਦਾ ਹੈ ਬੰਦਾ। ਪ੍ਰਾਪਤ ਹੋ ਜਾਣ ਜਿਹਨੂੰ। ਐਨਾ ਜ਼ੋਰ ਕਰਦੀਆਂ ਨੇ ਲੁਕਾ ਕੇ ਨਹੀਂ ਰੱਖ ਸਕਦਾ। ਲੁਟੇਰੇ ਆ ਜਾਂਦੇ ਨੇ, ਲੁਟਦੇ ਨੇ ਫੇਰ ਉਹਨੂੰ ਚੰਗੀ ਤਰ੍ਹਾਂ। ਮੁੱਕ ਜਾਂਦਾ ਹੈ ਉਹਦਾ ਧਨ ਫੇਰ ਪਛਤਾਉਂਦਾ ਹੈ -

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*
*ਅੰਗ- ੧੪*

ਰਾਜਸੀ ਸ਼ਕਤੀ ਦੇ ਅੰਦਰ ਆਦਮੀ ਮਧ ਵਿਚ ਹੰਕਾਰੀ ਹੋ ਜਾਂਦੈ। ਉਹਨੂੰ ਨਹੀਂ ਪਤਾ ਰਹਿੰਦਾ ਜਾਇਜ਼ ਤੇ ਨਾਜਾਇਜ਼ ਦਾ। ਨਿਰਣਾ ਨਹੀਂ ਕਰ ਸਕਦਾ। ਮਹਾਰਾਜ ਕਹਿੰਦੇ -

*ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥*
*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*
*ਅੰਗ- ੧੪*

ਇਸ਼ਾਰਾ ਕਾਹਦੇ ਵਲ ਕਰਦੇ ਨੇ। ਕਹਿੰਦੇ ਅਸਲੀ ਚੀਜ਼ ਵਲ ਤੂੰ ਧਿਆਨ ਨਹੀਂ ਦਿੰਦਾ। ਭੁੱਲ ਗਿਆ। ਤੇਰੇ ਅੰਦਰ ਪ੍ਰਮੇਸ਼ਰ ਹੈ। ਉਹਦੇ ਧਿਆਨ ਤੋਂ ਦੂਜੇ ਧਿਆਨਾਂ ਵਿਚ ਪੈ ਕੇ ਤੇਰਾ ਜਿਹੜਾ ਕੌਲ ਫੁੱਲ ਹੈ ਸਿੱਧਾ ਹੋਇਆ-ਹੋਇਆ ਪਹਿਲਾਂ ਅੰਮ੍ਰਿਤ ਨਾਲ ਭਰਿਆ ਹੋਇਆ, ਪੁੱਠਾ ਹੋ ਜਾਂਦੈ, ਫੇਰ ਤੈਨੂੰ ਕੋਈ ਵੀ ਦੁਨੀਆਂ ਦੀ ਪ੍ਰਾਪਤੀ, ਨਾ ਰਾਜਸੀ ਸ਼ਕਤੀ, ਨਾ ਮਾਇਕ ਸ਼ਕਤੀ, ਨਾ ਭੋਗਾਂ ਦੀ ਸ਼ਕਤੀ, ਨਾ ਰਿੱਧੀਆਂ-ਸਿੱਧੀਆਂ ਦੀ ਸ਼ਕਤੀ, ਇਹ ਕੁਛ ਨਹੀਂ ਕਰ ਸਕਦੀ। ਤੇਰੇ ਅੰਦਰ ਝੁੰਜਲਾਹਟ ਰਹਿਣੀ ਹੈ ਕਿਉਂਕਿ ਜੀਵਨ ਦੀ ਧਾਰਾ ਨਾਲੋਂ ਤੂੰ ਟੁੱਟ ਗਿਆ। ਐਸਾ ਫੁਰਮਾਨ ਹੈ -

*ਧਾਰਨਾ - ਜਲ ਬਲ ਜਾਵੇ ਜੀਉੜਾ ਨਾਮ ਤੋਂ ਬਿਨਾਂ।*

*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥*
*ਅੰਗ- ੧੪*

ਸੋ ਇਸ ਤਰ੍ਹਾਂ ਦੇ ਨਾਲ ਇਹ ਜੋ ਸਾਡੀ ਸੁਰਤੀ

ਹੈ ਇਹ ਭੁੱਲ ਗਈ, ਨੌਂ ਦਰਵਾਜ਼ਿਆਂ 'ਚ ਘੁੰਮਦੀ ਫਿਰਦੀ ਹੈ। ਮਹਾਰਾਜ ਕਹਿੰਦੇ, ਤੂੰ ਤਾਂ ਜਲ ਗਿਆ, ਬਿਲਕੁਲ ਹੀ ਖਤਮ ਹੋ ਗਿਆ। ਇਹ ਤਾਂ ਤੇਰਾ ਜਿਹੜਾ ਕਉਲ ਸੀ, ਉਹਦੇ ਵਿਚੋਂ ਅੰਮ੍ਰਿਤ ਸਾਰਾ ਹੀ ਡੁਲ੍ਹ ਗਿਆ ਤੇ ਉਲਟਾ ਹੋ ਕੇ ਮੂਧਾ ਹੋ ਗਿਆ, ਹੁਣ ਜ਼ੋਰ ਲਾ ਲੈ ਜਿਹੜਾ ਕੁਛ ਤੇਰਾ ਲਗਦੈ। ਚਾਹੇ ਦੁਨੀਆਂ ਦੇ ਤਖਤ 'ਤੇ ਬੈਠ ਜਾ। ਚਾਹੇ ਐਡਾ ਵੱਡਾ ਰਾਜਾ ਹੋ ਜਾ ਕਿ ਤੈਨੂੰ ਸਾਰੇ ਹੀ ਜਾਣਦੇ ਨੇ –

*ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥*
*ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥*
*ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥*
*ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥*
*ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥*

*ਅੰਗ – ੨*

ਕੀ ਪ੍ਰਾਪਤੀਆਂ ਹੋਈਆਂ ਦੁਨੀਆਂ ਦੀਆਂ, ਇਕ ਸੁਪਨੇ ਦੇ ਵਿਚ ਤੁਰਿਆ ਫਿਰਦੈ। ਸੋ ਅਸਲੀਅਤ ਨੂੰ ਸਮਝਣ ਦਾ ਯਤਨ ਕਰੋ ਸਾਧਸੰਗਤ ਜੀ। ਇਹ ਭੁੱਲ ਗਿਆ, ਭੁੱਲਣ ਦੇ ਨਾਲ ਦੁਖੀ ਹੁੰਦਾ ਤੁਰਿਆ ਫਿਰਦੈ ਜੀਵ ਇਹ, ਤੇ ਗੁਰੂ ਮਹਾਰਾਜ ਕਹਿੰਦੇ ਤੇਰੇ ਅੰਦਰ ਨਾਮ ਦੀ ਧੁਨ –

*ਦਿਲਾ ਕਾ ਮਾਲਕੁ ਕਰੇ ਹਾਕੁ ॥* *ਅੰਗ– ੮੯੭*

ਆਵਾਜ਼ ਦੇ ਰਿਹੈ ਕਿ ਏਧਰ ਆ ਜਾ, ਏਧਰ ਆ ਜਾ, ਆਹ ਆਵਾਜ਼ ਸੁਣ ਲੈ ਇਹਨੂੰ ਫੜ ਲੈ। ਫੜਨ ਦਾ ਕੋਈ ਤਰੀਕਾ ਹੈ? ਮਹਾਂਪੁਰਸ਼ਾਂ ਨੂੰ ਪਤਾ ਹੁੰਦੈ ਕਿ ਆਵਾਜ਼ ਕਿਵੇਂ ਫੜੀ ਜਾਂਦੀ ਹੈ। ਮਿਹਨਤ ਕਰ ਤੂੰ, ਚੱਲ ਸਹੀ ਇਸ ਰਸਤੇ ਤੈਨੂੰ ਆਵਾਜ਼ ਦਾ ਵੀ ਪਤਾ ਲਗ ਜਾਏਗਾ, ਫੜ ਵੀ ਲਏਂਗਾ ਉਹਨੂੰ। ਸਫਰ ਵੀ ਤਹਿ ਹੋਣ ਲਗ ਜਾਏਗਾ। ਇਹ ਤਾਂ ਅਨੁਭਵੀ ਗਿਆਨ ਹੈ, ਨਿਰਾ ਸਿਧਾਂਤ ਨਹੀਂ ਹੈ, ਕਰਨਾ ਪੈਂਦੈ ਇਹਦੇ 'ਚ। ਲੇਕਿਨ ਇਹ ਸੁਰਤੀ ਭੁੱਲ ਗਈ, ਨੌਂਆਂ ਘਰਾਂ ਦੇ ਅੰਦਰ। ਉਹਨਾਂ ਨੇ ਹੀ ਇਹਨਾਂ ਨੂੰ ਮੋਹਿਤ ਕਰ ਲਿਆ। ਆਹ ਜਿਹੜੀ ਆਈ ਹੈ ਨਵੀਂ ਟੈਲੀਵੀਜ਼ਨ, ਪਤਾ ਹੀ ਨਹੀਂ ਕਿੰਨੀਆਂ ਕੁ ਚੈਨਲਾਂ ਨੇ। ਸਰਵੇ ਕਰਿਆ ਸੀ, ਕਹਿੰਦੇ, ਬੱਚੇ ਜਿੰਨਾਂ ਸਮਾਂ ਸਕੂਲ ਵਿਚ ਪੜ੍ਹਦੇ ਨੇ, ਉਸ ਤੋਂ ਡੇਢ ਗੁਣਾਂ ਸਮਾਂ ਟੈਲੀਵੀਜ਼ਨ ਦੇਖਦੇ ਨੇ। ਇਹਦਾ ਅਸਰ ਕੀ ਹੋਣੈ? ਖਿੰਡਾਓ ਆ ਜਾਣੈ ਦਿਮਾਗ ਦੇ ਅੰਦਰ। ਕੋਈ ਨਿਰਣੇਪੂਰਵਕ ਗੱਲ ਨਹੀਂ ਹੋਣੀ। ਦਿਮਾਗ ਨੇ ਬੌਂਦਲ ਜਾਣੈ ਤੇ ਅੱਧ ਕਮਲੇ ਤੁਸੀਂ ਦੇਖ ਲਿਓ 15 ਸਾਲ 'ਚ ਆਹ ਬੱਚੇ ਜਿਹੜੇ ਹੁਣ ਜੰਮੇ ਨੇ। 15 ਸਾਲ ਨੂੰ ਅੱਧੇ ਕਮਲੇ ਜਿਹੇ ਹੋਏ ਤੁਰੇ ਫਿਰਨਗੇ। ਕਿਉਂਕਿ ਅਸਰ ਪੈ ਗਿਆ ਦੇਖਣ ਦਾ, ਸੁਣਨ ਦਾ ਅਸਰ ਪੈ ਗਿਆ। ਜੇ ਸੁਣਨੈ ਹੈ ਤਾਂ ਇਹਦੀ ਥਾਂ 'ਤੇ ਨਾਮ ਦੀ ਧੁਨ ਸੁਣ। ਨਾਮ ਦੀ ਧੁਨ ਜਿਉਂ-ਜਿਉਂ ਬਰੀਕ ਹੋਏਗੀ, ਤੈਨੂੰ ਪਤਾ ਲੱਗਣ ਲਗ ਜਾਏਗਾ, ਜਿਹੜੀ ਗੁਪਤ ਗੱਲਾਂ ਨੇ ਤੇਰੇ ਸਾਮ੍ਹਣੇ ਆ ਜਾਣਗੀਆਂ। ਤੂੰ ਬੈਠਾ ਹੀ ਦੇਖ ਲਏਂਗਾ ਇਥੇ ਕਿ ਕੀ ਹੋ ਰਿਹਾ ਹੈ।

ਬਾਪੂ ਜੀ, ਲਾਹੌਰ ਵਿਚ ਸੀਗੇ। ਬੀਬੀ ਹੋਰੀਂ ਨਿਆਣੀਆਂ ਸੀ। ਬੀਜੀ ਦੇ ਪਿਤਾ ਜੀ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਉਹਨਾਂ ਦਾ ਬੜਾ ਸਤਿਕਾਰ ਕਰਦੇ ਹੁੰਦੇ। ਉਹਨਾਂ ਨੇ ਇਹਨਾਂ ਨੂੰ ਬੁਲਾਇਆ, ਬੁਲਾ ਕੇ ਕਹਿਣ ਲੱਗੇ, ਬੇਟਾ! ਇਕ ਸਿੰਘ ਆ ਰਿਹੈ, ਦਰਵਾਜ਼ਾ ਨਹੀਂ ਖੋਲ੍ਹਣਾ ਉਹਨੂੰ। ਲਾਹੌਰ ਦੇ ਸਟੇਸ਼ਨ 'ਤੇ ਗੱਡੀ ਆਈ, ਘੰਟਾ ਲੰਘ ਗਿਆ ਤੇ ਉਹ ਸਿੰਘ ਆ ਗਿਆ। ਇਹਨਾਂ ਨੇ ਅੰਦਰੋਂ ਦਰਵਾਜ਼ਾ ਬੰਦ ਕਰ ਲਿਆ। ਚੁਬਾਰਿਆਂ ਦੇ ਵਿਚ ਰਹਿੰਦੇ ਹੁੰਦੇ, ਪਹਿਲੀ ਮੰਜ਼ਿਲ 'ਤੇ। ਜਿਸ ਵਕਤ ਆਇਆ ਤੇ ਦਰਵਾਜ਼ਾ ਖੜਕਾਇਆ, ਇਹ ਕਹਿਣ ਲੱਗੇ ਕਿ ਪਿਤਾ ਜੀ ਨੇ ਕਿਹਾ ਕਿ ਦਰਵਾਜ਼ਾ ਨਹੀਂ ਖੋਲ੍ਹਣਾ।

ਕਹਿੰਦਾ, ਮੈਨੂੰ ਤਾਂ ਨਹੀਂ ਕਿਹਾ, ਮੈਂ ਤਾਂ ਬੰਬਈ ਤੋਂ ਆਇਆ ਹਾਂ। ਉਹ ਕਹਿੰਦੇ ਉਹਨਾਂ ਨੇ ਕਿਹੈ ਕਿ ਇਕ ਸਿੰਘ ਆ ਰਿਹੈ। ਕਹਿੰਦਾ, ਸਿੰਘ ਤਾਂ ਮੈਂ ਜ਼ਰੂਰ ਹਾਂ ਪਰ ਮੈਂ ਦੂਰੋਂ ਆ ਰਿਹਾ ਹਾਂ। ਮੇਰਾ ਤਾਂ ਪਤਾ ਨਹੀਂ ਇਹਨਾਂ ਨੂੰ। ਕਿਸੇ ਹੋਰ ਸਿੰਘ ਨੂੰ ਕਿਹਾ ਹੋਣੈ। ਦਰਵਾਜ਼ਾ ਖੋਲ੍ਹ ਦਿਤਾ। ਪਿਤਾ ਜੀ ਦੇ ਕੋਲ ਜਾ ਕੇ ਜਦੋਂ ਨਮਸ਼ਕਾਰ ਕਰੀ, ਨਰਾਜ਼ ਹੋ ਗਏ, ਉਹ ਸਿੰਘ ਸੀਗਾ ਪੂਰਾ। ਨਾਮ ਜਪਣ ਵਾਲਾ, ਰਹਿਤਾਂ ਬਹਿਤਾਂ ਵਿਚ ਪੂਰਾ।

ਪਿਤਾ ਜੀ ਨੇ ਕਿਹਾ ਸਿੰਘਾ! ਬੰਬੇ ਵਿਚ ਗੁਰੂ ਦਸ਼ਮੇਸ਼ ਪਿਤਾ ਦੀ ਦਸਤਾਰ ਨੂੰ ਦਾਗ ਲਾ ਦਿਤਾ। ਕੀ ਕਰਦਾ ਰਿਹਾ ਉਥੇ? ਐਨੇ ਮਾੜੇ ਕੰਮ, ਨੀਵੀਂ ਪਾ ਲਈ। ਰੋਣ ਲੱਗ ਗਿਆ ਉੱਚੀ-ਉੱਚੀ, ਚਰਨ ਫੜ ਲਏ, ਧਾਹਾਂ ਮਾਰਦੈ ਕਿ ਹੁਣ ਬਖਸ਼ ਦਿਓ, ਮੈਨੂੰ ਇਹ ਭੁੱਲ ਗਿਆ ਸੀ ਕਿ ਕੋਈ ਦੇਖਣ ਵਾਲਾ ਨਹੀਂ ਹੈ।

ਕਹਿੰਦੇ, ਪਿਆਰਿਆ! ਜੇ ਮੇਰੇ ਵਰਗਾ ਬੰਦਾ ਵੀ ਦੇਖ ਸਕਦੈ ਤਾਂ ਤੂੰ ਇਹ ਸਮਝ ਲੈ ਕਿ ਗੁਰੂ ਨਹੀਂ ਦੇਖ ਰਿਹਾ ਤੈਨੂੰ? ਤੇ ਮੈਨੂੰ ਇਥੇ ਬੈਠੇ ਨੂੰ, 2000 ਕਿਲੋਮੀਟਰ 'ਤੇ ਨਜ਼ਰ ਆ ਰਿਹੈ ਤੇ ਤੈਨੂੰ ਨਹੀਂ ਪਤਾ। ਸਾਡੇ ਜਨਮ ਤੋਂ ਅੱਠ ਸਾਲ ਪਹਿਲਾਂ ਸਾਡਾ ਮੰਗਣਾ ਕਰ ਦਿਤਾ। ਰੁਪਈਆਂ ਫੜਾ ਗਏ, ਆਪਣੀ ਭੈਣ ਸੀ ਇਹਨਾਂ ਦੀ ਘਰਾਂ 'ਚੋਂ, ਕਹਿਣ ਲੱਗੇ, ਇਸ ਘਰ ਵਿਚ ਇਕ ਲੜਕਾ ਆਉਣੈ, ਅੱਠ ਸਾਲ ਨੂੰ, ਸਾਡੇ ਲੜਕੀ ਆਉਣੀ ਹੈ, ਉਹਨੂੰ ਮੰਗਿਓ ਨਾ ਉਹਦਾ ਸੰਜੋਗ ਧੁਰ ਦਰਗਾਹ ਦਾ ਲਿਖਿਆ ਹੋਇਐ। ਉਹਨੇ ਸੇਵਾ ਕਰਨ ਆਉਣੈ ਇਸ ਪਰਿਵਾਰ ਦੀ। ਭਰਾ ਮੇਰੇ, ਮੇਰੇ ਤੋਂ ਵੱਡੇ ਹੋਏ, ਉਹਨਾਂ

ਨੇ ਧਿਆਨ ਹੀ ਨਾ ਦਿਤਾ। ਉਹਨਾਂ ਦੇ ਵੀ ਲੜਕੀ ਹੋਈ। ਕੋਈ ਧਿਆਨ ਨਹੀਂ। ਜਦੋਂ ਲਾਹੌਰ ਬੈਠਿਆਂ ਨੇ ਸੁਣਿਆ ਕਿ ਉਹਨਾਂ ਦੇ ਲੜਕਾ ਆ ਗਿਆ। ਉਸੇ ਵੇਲੇ ਜੋ ਆਪਣੇ ਚਾਚੇ ਦੀ ਧੀ, ਭੈਣ ਉਹਨਾਂ ਦੀ ਸੀ, ਉਹਨੂੰ ਕਹਿਣ ਲੱਗੇ ਕਿ ਬੀਬੀ! ਉਹ ਰੁਪਈਆ ਤੂੰ ਫੜਾ ਆ, ਢਾਈ ਸਾਲ ਦਾ ਹੀ ਹੋਇਆ ਸੀ, ਜਦੋਂ ਮੇਰਾ ਮੰਗਣਾ ਕਰ ਦਿਤਾ। ਉਹ ਕਹਿੰਦੇ ਇਥੇ ਹੋਣੈ। ਭਾਈ ਰਣਧੀਰ ਸਿੰਘ ਜੀ ਨੇ ਇਹਨਾਂ ਦੀ ਬੜੀ ਲੜਕੀ, ਬੀਬੀ ਜੀ ਦੀ ਭੈਣ ਦਾ ਰਿਸ਼ਤਾ ਮੰਗਿਆ, ਬਲਬੀਰ ਸਿੰਘ ਉਹਨਾਂ ਵਾਸਤੇ। ਬਾਪੂ ਜੀ ਕਹਿਣ ਲੱਗੇ, ਭਾਈ ਸਾਹਿਬ! ਇਹਦੀ ਕਿਸਮਤ 'ਚ ਵਿਧਵਾ ਹੋਣਾ ਲਿਖਿਆ ਹੋਇਐ। ਇਹ ਵਿਆਹ ਤੋਂ ਬਾਅਦ ਥੋੜ੍ਹੇ ਸਾਲਾਂ ਬਾਦ ਵਿਧਵਾ ਹੋ ਜਾਏਗੀ।

ਇਕ ਗ੍ਰਿਹਿਸਤ 'ਚ ਰਹਿਣ ਵਾਲਾ ਬੰਦਾ, ਕਾਰੋਬਾਰ ਕਰਨ ਵਾਲਾ, ਨੌਕਰੀ ਕਰਦੇ ਸੀ ਲਾਹੌਰ, ਬੰਦਗੀ ਕਰਨ ਦੇ ਨਾਲ ਅੰਦਰਲਾ ਪਾਸਾ ਜਦੋਂ ਖੁਲ੍ਹਿਆ, ਅਨੁਭਵ ਜਾਗਿਆ, ਭੂਤ, ਭਵਿੱਖਤ, ਵਰਤਮਾਨ ਤਿੰਨੇ ਹੀ ਦੇਖ ਲਏ। ਪ੍ਰੈਕਟੀਕਲ ਗੱਲਾਂ ਨੇ ਸਾਧਸੰਗਤ ਜੀ। ਇਹ ਤਾਂ ਪੂਰੀ ਸਾਇੰਸ ਹੈ।

ਸੋ ਆਦਮੀ ਇਸ ਤਰ੍ਹਾਂ ਕਿਉਂ ਹੈ? ਕਿਉਂਕਿ ਸਾਡੀ ਸੁਰਤ ਨੌਆਂ ਘਰਾਂ 'ਚੋਂ ਨਿਕਲਦੀ ਨਹੀਂ ਹੈ। ਦੂਜਾ ਅਸੀਂ ਸੁੱਤੇ ਪਏ ਰਹਿੰਦੇ ਹਾਂ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*

*ਅੰਗ- ੯੨੦*

ਹੁਣ ਸੁੱਤੇ ਨੂੰ ਆਵਾਜ਼ ਅੰਦਰਲੀ ਕੀ ਸੁਣੇ? ਮਹਾਰਾਜ ਕਹਿੰਦੇ, ਐਨੀ ਗਾੜ੍ਹੀ ਨੀਂਦ 'ਚ ਸੌਂ ਗਿਆ ਕਿ ਤੂੰ ਜਗਾਇਆ ਹੋਇਆ ਵੀ ਨਹੀਂ ਜਾਗਦਾ। ਕਹਿੰਦੇ ਐਨਾ ਗਾਫਲ ਹੋ ਗਿਆ। ਆਵਾਜ਼ਾਂ ਦਿੰਦੇ ਨੇ ਮਹਾਰਾਜ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਤੈਨੂੰ ਗੁਰੂ ਜਗਾਉਂਦੇ ਨੇ, ਮਨਾਂ ਤੂੰ ਜਾਗ ਲੈ।*

*ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥*
*ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥*

*ਅੰਗ- ੭੨੬*

ਐਨਾ ਗਾਫਲ ਹੋ ਕੇ ਸੌਂ ਗਿਆ। ਜਿਨ੍ਹਾਂ ਦੇ ਵਿਚ ਤੂੰ ਰਚਿਆ ਪਿਆ ਹੈਂ, ਮਾਤਾ ਦੇ ਵਿਚ, ਪੁੱਤਰਾਂ ਦੇ ਵਿਚ, ਭਰਾਵਾਂ ਦੇ ਵਿਚ। ਉਹ ਤੇਰੇ ਨਾਲ ਨਾ ਆਏ ਨੇ, ਨਾ ਤੇਰੇ ਨਾਲ ਜਾਣੈ। ਇਕੱਲਾ ਤੂੰ ਆਇਆ ਹੈਂ, ਤੂੰ ਜਾਣਾ ਵੀ ਇਕੱਲੇ ਨੇ ਹੈ। ਇਥੇ ਤੂੰ ਪਸਾਰਾ ਪਸਾਰ ਕੇ ਬੈਠ ਗਿਆ। ਜੇ ਕਿਸੇ ਨੇ ਤੇਰੀ ਸਹਾਇਤਾ ਕਰਨੀ ਹੈ, ਉਸ ਚੀਜ਼ ਵਲ ਤੇਰਾ ਕੋਈ ਧਿਆਨ ਨਹੀਂ ਜਾ ਰਿਹਾ। ਭੁੱਲ ਗਿਆ ਤੂੰ ਸੰਸਾਰ 'ਚ ਆ ਕੇ। ਉਹਨਾਂ ਦੇ ਨਾਲ ਸਾਥ ਪਾ ਲਿਆ ਜਿਹਨਾਂ ਨੇ ਤੇਰਾ ਜਿਉਂਦੇ-ਜਿਉਂਦੇ ਸਾਥ ਛੱਡ ਦੇਣੈ। ਨਾਲ ਨਹੀਂ ਨਿਭਦਾ, ਚਲੇ ਜਾ ਰਹੇ ਨੇ -

*ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥*
*ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥*

*ਅੰਗ- ੧੩੮੧*

ਤੂੰ ਆਪਣੇ ਸਰੀਰ ਦਾ ਗੁਮਾਨ ਕਰੀ ਜਾਨੈ। ਇਕ ਦਿਨ ਆਉਣੈ ਜਦੋਂ ਤੇਰੇ ਸਰੀਰ ਦੇ ਸਾਥੀ ਨੇ, ਉਹਨਾਂ ਨੇ ਵੀ ਤੈਨੂੰ ਛੱਡ ਦੇਣੈ।

*ਧਾਰਨਾ - ਤੈਨੂੰ ਛੱਡ ਗਏ ਬਾਲ ਸਖਾਈ,*
*ਜਿੰਦੇ ਤੈਨੂੰ ਛੱਡ ਗਏ।*

*ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥*
*ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ਅੰਗ- ੧੩੮੧*

ਕੋਈ ਸਮਾਂ ਸੀ ਜਦੋਂ ਤੂੰ ਦੰਦਾਂ ਦੇ ਨਾਲ ਰੱਸਾ ਫੜ ਕੇ ਹਵਾਈ ਜਹਾਜ਼ ਨੂੰ ਖਿੱਚ ਲੈਂਦਾ ਸੀ। ਅਖ਼ਬਾਰ 'ਚ ਆਇਆ ਸੀ ਇਕ ਪ੍ਰੇਮੀ ਨੇ ਹਵਾਈ ਜਹਾਜ਼ ਨੂੰ ਖਿੱਚ ਲਿਆ ਦੰਦਾਂ ਨਾਲ। ਇਕ ਦਾ ਆਇਆ ਕਿ ਦੰਦਾਂ ਨਾਲ ਭਰੀ ਹੋਈ ਬੋਰੀ ਰੱਸੀ ਪਾ ਕੇ ਚੁੱਕ ਲਈ। ਪਰ ਸਮਾਂ ਲੰਘ ਗਿਆ, ਦੰਦਾਂ ਨੇ ਜਵਾਬ ਦੇ ਦਿਤਾ। ਟੁੱਟ ਗਏ ਦੰਦ। ਨਵੇਂ ਲਵਾਉਂਦਾ ਫਿਰਦੈ, ਸ਼ੁੱਧ ਅੱਖਰ ਨਹੀਂ ਨਿਕਲਦੇ। ਨੇਤਰਾਂ ਦੀ ਜੋਤੀ ਜਾਂਦੀ ਰਹੀ, ਐਨਕਾਂ ਦੇ ਨੰਬਰ ਬਦਲਦੇ ਤੁਰੇ ਜਾ ਰਹੇ ਨੇ। ਤੈਨੂੰ ਛੱਡ ਗਏ, ਜੋਤੀ ਜਿਹੜੀ ਤੇਰੇ ਨਾਲ ਆਈ ਸੀ। ਕੰਨਾਂ ਨੇ ਜਵਾਬ ਦੇ ਦਿਤਾ। ਮਸ਼ੀਨਾਂ ਲਾਉਂਦਾ ਹੈ ਕਹਿੰਦਾ, ਸੁਣਦਾ ਨਹੀਂ ਹੈ। ਕੀ ਕਰਿਆ ਜਾਵੇ? ਬੇਬਸੀ ਹੋ ਗਈ, ਸੁਣਨਾ ਚਾਹੁੰਦੈ ਸੁਣ ਸਕਦਾ ਨਹੀਂ। ਹੱਥ ਕੰਮ ਨਹੀਂ ਕਰਦੇ, ਕੰਬਦੇ ਨੇ, ਪੈਰ ਚੱਲ ਨਹੀਂ ਸਕਦੇ -

*ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥*
*ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥*

*ਅੰਗ- ੧੩੭੮*

ਆਹ ਨੇੜੇ ਪਿਆ ਹੋਇਆ ਤਿੰਨ ਫੁੱਟ 'ਤੇ ਪਾਣੀ, ਮੈਂ ਉਠ ਕੇ ਪੀ ਨਹੀਂ ਸਕਦਾ, ਕਿੱਧਰ ਮੇਰਾ ਬਲ ਚਲਿਆ ਗਿਆ, ਪੈਰ ਕੰਬਦੇ ਨੇ, ਦੂਜਾ ਉਠਾਲੇ ਤਾਂ ਪਾਸਾ ਲੈ ਸਕਦਾ ਹਾਂ। ਮਹਾਰਾਜ ਕਹਿੰਦੇ, ਅਜੇ ਵੀ ਸੁੱਤਾ ਪਿਐਂ, ਤੈਨੂੰ ਅਜੇ ਵੀ ਜਾਗ ਨਹੀਂ ਆਈ-

*ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥*
*ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥*
*ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ ॥*
*ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ ॥*

*ਅੰਗ- ੭੨੬*

ਜਿਹਨਾਂ ਨਾਲ ਤੂੰ ਹਿਤ ਕੀਤਾ ਹੈ ਤੈਨੂੰ ਇਹ

ਅਗਨ ਦੇ ਵਿਚ ਪਾ ਦੇਣਗੇ। ਸੋ ਇਸ ਕਰਕੇ ਸੁੱਤੇ ਪਏ ਦੀ ਰੈਣ ਵਿਹਾ ਜਾਂਦੀ ਹੈ। ਜਾਗ ਨਹੀਂ ਇਹਨੂੰ ਆਉਂਦੀ ਐਨਾ ਭੁੱਲ ਗਿਆ। ਮਹਾਰਾਜ ਕਹਿੰਦੇ, ਤਿੰਨਾਂ ਗੁਣਾਂ ਦੇ ਵਿਚ ਸੰਸਾਰ ਭੁੱਲਿਆ ਪਿਐ। ਗਾੜ੍ਹੀ ਨੀਂਦ ਆ ਗਈ। ਐਨੀ ਗਾੜ੍ਹੀ ਹੈ ਕਿ ਜਗਾਇਆ ਨਹੀਂ ਜਾਗਦਾ। ਸ਼ਬਦ ਇਹਦੇ ਅੰਦਰ ਹੋ ਰਿਹੈ। ਕਾਰਨ ਕੀ ਹੈ? ਸ਼ਬਦ ਨੂੰ ਕਿਉਂ ਨਹੀਂ ਸੁਣ ਰਿਹਾ। ਕਹਿੰਦੇ -

*ਮਾਇਆਧਾਰੀ ਅਤਿ ਅੰਨਾ ਬੋਲਾ ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ ਅੰਗ- ੩੧੩*

ਮਾਇਆਧਾਰੀ ਪੈਸੇ ਵਾਲੇ ਨੂੰ ਤਾਂ ਨਹੀਂ ਕਹਿੰਦੇ ਅਸੀਂ ਤਾਂ ਪੈਸੇ ਵਾਲੇ ਨੂੰ ਕਹਿੰਦੇ ਹਾਂ। ਮਾਇਆ, ਜਿਹਦਾ ਪ੍ਰਮੇਸ਼ਰ ਤੋਂ ਬਗੈਰ ਦ੍ਰਿਸ਼ਟਮਾਨ ਦੇ ਵਿਚ ਦਿਲ ਪਰਚ ਗਿਆ, ਕਹਿੰਦੇ ਉਹ ਮਾਇਆਧਾਰੀ ਹੁੰਦੈ। ਮਾਇਆ ਦੇ ਵਿਚ ਧਾਰਨ ਕਰ ਲਿਆ ਮਾਇਆ ਨੂੰ। ਨਾਮ ਨੂੰ ਧਾਰਨ ਕਰਨ ਵਾਲਾ ਨਾਮ ਧਾਰੀ ਹੁੰਦੈ। ਨਾਮ ਤਾਂ ਇਹਨੇ ਧਾਰਨ ਨਹੀਂ ਕਰਿਆ ਮਾਇਆ ਨੂੰ ਧਾਰਨ ਕਰ ਲਿਆ। ਹੋਇਆ ਕੀ? ਇਹਦੇ ਦਿੱਬਯ ਕੰਨ ਬੰਦ ਹੋ ਗਏ, ਦਿੱਬਯ ਨੇਤਰ ਬੰਦ ਹੋ ਗਏ - 'ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥' ਆਪੇ ਹੀ ਅੰਨਾ ਤੇ ਬੋਲਾ ਹੋ ਗਿਆ। ਆਖਰੀ ਹੱਦ ਤਕ, ਜਿਸ ਤੋਂ ਅਗਾਂਹਾਂ ਲਕੀਰ ਨਹੀਂ ਹੁੰਦੀ ਕੋਈ। ਮਸ਼ੀਨ ਚਾਹੇ ਗਰਦਨ 'ਚ ਲਾ ਦਿਓ, ਚਾਹੇ ਕੰਨਾਂ 'ਚ ਲਾ ਦਿਓ, ਹੁਣ ਨਹੀਂ ਸੁਣਦਾ। ਸੁਣਨ ਦੀ ਸ਼ਕਤੀ ਜ਼ੀਰੋ ਬਣ ਗਈ, ਖਤਮ ਹੋ ਗਈ। ਉਹ ਹੋਈ ਕਿਉਂ? ਕਿਉਂਕਿ ਉਹਨੇ ਮਾਇਆ ਧਾਰਨ ਕਰ ਲਈ। ਨਾ ਮਹਾਂਪੁਰਸ਼ਾਂ ਦਾ ਉਪਦੇਸ਼ ਸੁਣੇ, ਨਾ ਕੋਈ ਗੱਲ ਸੁਣੇ। ਅਖੀਰ ਬਾਬਾ ਫਰੀਦ ਜੀ ਕਹਿੰਦੇ, ਕੀ ਕਰੀਏ -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਵਾਇਆ ਸੇ ਕਿਤ ਫੇਰਹਿ ਚਿਤ ॥*
*ਅੰਗ- ੧੩੭੮*

ਉਚੀ-ਉਚੀ ਚਾਰੇ ਵੇਦ, ਛੇਈਂ ਸ਼ਾਸਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ, ਬੇਅੰਤ ਮਹਾਤਮਾ, ਇਸ ਜੀਵ ਨੂੰ ਉਪਦੇਸ਼ ਦਿੰਦੇ ਨੇ ਪਰ ਕਰਿਆ ਕੀ ਜਾਵੇ। ਐਨੀਆਂ ਆਵਾਜ਼ਾਂ, ਐਨੇ ਉਪਦੇਸ਼ਾਂ ਤੋਂ ਬਾਅਦ ਇਹਨੂੰ ਜਾਗ ਨਹੀਂ ਆਉਂਦੀ, ਬਹੁਤ ਹਾਕਾਂ ਮਾਰ-ਮਾਰ ਕੇ ਸਮਝਾਉਂਦੇ ਨੇ, ਨਹੀਂ ਜਾਗ ਆਉਂਦੀ -

*ਧਾਰਨਾ - ਭਾਗ ਜਿਹਨਾਂ ਦੇ ਮੰਦੇ*
*ਦਿੱਤੀਆਂ ਬਾਗਾਂ ਤੋਂ ਨਾ ਜਾਗਦੇ।*

ਅੰਦਰਲੇ ਪਾਸੇ ਹੀ ਸਭ ਦੇ ਅੰਦਰ ਇਕ ਸ਼ਕਤੀ ਹੈ, ਚਾਹੇ ਉਹਨੂੰ ਮਨ ਕਹਿ ਲਓ, ਸ਼ੈਤਾਨ ਕਹਿ ਲਓ, ਮਾਰ ਦੇਵਤਾ ਕਹਿ ਲਓ, ਸਾਰੇ ਮਹਾਂਪੁਰਸ਼ ਇਸ ਗੱਲ 'ਤੇ ਹੈਰਾਨ ਨੇ ਕਿ ਐਨਾ ਸਮਝਾਉਣ ਤੋਂ ਬਾਅਦ ਜੀਵ ਨੂੰ ਜਾਗ ਕਿਉਂ ਨਹੀਂ ਆਉਂਦੀ? ਉਹ ਕਹਿੰਦੇ, ਇਹ ਹੋਰ ਰਸਾਂ ਦੇ ਵਿਚ ਐਨਾ ਗਹਿਰਾ ਮਗਨ ਹੋ ਗਿਆ, ਸੁਣਦਾ ਤਾਂ ਹੈ ਪਰ ਇਹਦੇ 'ਚ ਸਾਚੁ ਖਤਮ ਹੋ ਗਿਐ। ਉਹ ਦਲਦਲ 'ਚ ਵੜ ਗਿਆ, ਲੰਗੜਾ ਗਧਾ। ਜਿਉਂ-ਜਿਉਂ ਜ਼ੋਰ ਲਾਉਂਦੈ ਤਿਉਂ-ਤਿਉਂ ਥੱਲੇ ਨੂੰ ਜਾਂਦੈ। ਹੁਣ ਲੰਗੜੇ ਗਧੇ ਨੂੰ ਜੇ ਕੋਈ ਚੁੱਕ ਕੇ, ਕ੍ਰਿਪਾ ਕਰਕੇ ਬਾਹਰ ਕੱਢ ਦੇਵੇ ਤਾਂ ਕੱਢ ਦੇਵੇ। ਆਪਣੇ ਆਪ ਵਿਚ ਤਾਂ ਉਹਦੇ ਵਿਚ ਸੱਤਾ ਨਹੀਂ ਹੈ। ਇਸ ਤਰ੍ਹਾਂ ਕੋਈ ਪੂਰਾ ਮਹਾਂਪੁਰਸ਼ ਕ੍ਰਿਪਾ ਕਰਕੇ ਇਸ ਜੀਵ ਨੂੰ ਕੱਢ ਦੇਵੇ ਤਾਂ ਕੱਢ ਦੇਵੇ। ਜੀਵ ਵਿਚ ਇਹ ਸੱਤਾ ਨਹੀਂ ਹੈ। ਕਹਿੰਦੇ-' ਜੋ ਸੈਤਾਨਿ ਵੰਵਾਇਆ ਸੇ ਕਿਤ ਫੇਰਹਿ ਚਿਤ ॥' ਸੋ ਇਸ ਤਰ੍ਹਾਂ ਦੇ ਨਾਲ ਐਨੇ ਉਪਦੇਸ਼ ਦੇਣ ਦੇ ਬਾਵਜੂਦ ਇਹਨੂੰ ਯਾਦ ਨਹੀਂ ਆਇਆ ਕਰਦੀ। ਮਹਾਰਾਜ ਕਹਿੰਦੇ, ਗਾੜ੍ਹੀ ਨੀਂਦ 'ਚ ਸੌਂ ਗਿਆ, ਜਾਗ ਨਹੀਂ ਆਉਂਦੀ। ਹੁਣ ਜਾਗ ਕਦੋਂ ਆਏਗੀ? ਕਹਿੰਦੇ -

*ਗੁਰ ਕਿਰਪਾ ਤੇ ਸੇ ਜਨ ਜਾਗੇ*
*ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥*
*ਕਹੈ ਨਾਨਕੁ ਸੋ ਤਤੁ ਪਾਏ*
*ਜਿਸ ਨੋ ਅਨਦਿਨੁ ਹਰਿ ਲਿਵ ਲਾਗੈ*
*ਜਾਗਤ ਰੈਣਿ ਵਿਹਾਣੀ ॥ ਅੰਗ- ੯੨੦*

ਇਹ ਅਗਿਆਨਤਾ ਦੀ ਜਿਹੜੀ ਨੀਂਦ ਹੈ, ਰਾਤ ਹੈ, ਉਹ ਫੇਰ ਪੈਂਦੀ ਨਹੀਂ, ਜੇ ਲਿਵ ਲਗ ਜਾਵੇ ਅੰਦਰ। ਲਿਵ ਦੀ ਇਕ ਅਵਸਥਾ ਹੋਇਆ ਕਰਦੀ ਹੈ। ਲਿਵ ਤੱਕ ਪਹੁੰਚਦੈ ਬੰਦਾ, ਮਿਹਨਤ ਕਰਨੀ ਪੈਂਦੀ ਹੈ। ਗੁਰੂ ਦੀ ਦਇਆ ਨਾਲ, ਲਿਵ ਦੇ ਮੰਡਲ 'ਚ ਪਹੁੰਚਦੈ। ਮਹਾਰਾਜ ਕਹਿੰਦੇ, ਜੇ ਲਿਵ ਦੇ ਮੰਡਲ 'ਚ ਨਹੀਂ ਪਹੁੰਚਿਆ ਨਾ, ਤੇਰੇ ਬਾਹਰਲੇ ਦਿਖਾਵੇ ਨੇ ਕੁਛ ਨਹੀਂ ਕਰਨਾ। ਐਵੇਂ ਨਾ ਭੇਖ ਦਿਖਾ ਲੋਕਾਂ ਨੂੰ ਭਰਮਾ -

*ਭੇਖ ਦਿਖਾਇਓ ਜਗਤ ਕਉ ਲੋਗਨ ਕਉ ਬਸ ਕੀਨ।*
*ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ।*

ਜਾਏਗਾ ਕਿੱਥੇ? ਕਹਿੰਦੇ ਸਾਡੇ ਕੋਲ ਨਹੀਂ ਆਉਂਦਾ, ਨਰਕਾਂ 'ਚ ਵਾਸਾ ਹੁੰਦੈ। ਅੰਦਰੋਂ ਜਾਗ, ਜਦੋਂ ਤੱਕ ਅਸੀਂ ਅੰਦਰੋਂ ਨਹੀਂ ਜਾਗਦੇ, ਓਨੀਂ ਦੇਰ ਤੱਕ ਸਾਨੂੰ ਸੋਝੀ ਨਹੀਂ ਆਉਂਦੀ। ਜਾਗਿਆ ਜਾਂਦੈ ਗੁਰੂ ਦੀ ਕ੍ਰਿਪਾ ਦੇ ਨਾਲ, ਹੋਰ ਕੋਈ ਤਰੀਕਾ ਨਹੀਂ। ਕਹਿੰਦੇ -

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥ ਅੰਗ- ੧੨੪*

ਹੁਣ ਸ਼ਬਦ ਅੰਦਰ ਹੈ ਨਹੀਂ, ਜਿਹੜਾ ਹੈਗਾ ਉਹਨੂੰ ਸੁਣਦਾ ਨਹੀਂ। ਉਹਦੇ ਨਾਲ ਇਹਦੀ ਬਿਰਤੀ ਨਹੀਂ ਜੁੜਦੀ। ਕਹਿੰਦੇ, ਹਨ੍ਹੇਰਾ ਪਿਆ ਹੋਇਐ, ਪ੍ਰਕਾਸ਼ ਸ਼ਬਦ ਦਾ ਹੀ ਹੁੰਦੈ। ਚਾਨਣ ਹੈ ਸ਼ਬਦ ਜਿਹੜਾ ਹੈ। ਕਹਿੰਦੇ,

ਉਹ ਸ਼ਬਦ ਅੰਦਰ ਖੁਲ੍ਹਦਾ ਨਹੀਂ ਹੈ। ਆਤਮ ਵਸਤੂ ਅੰਦਰ ਭਰਪੂਰ ਹੈ -

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ ॥*
*ਜਿਉ ਕਸਤੂਰੀ ਮਿਰਗੁ ਨ ਜਾਣੈ*
*ਭ੍ਰਮਦਾ ਭਰਮਿ ਭੁਲਾਇਆ ॥*
*ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥*

*ਅੰਗ- ੬੪੪*

ਸੋਝੀ ਨਾ ਹੋਣ ਕਰਕੇ ਭੁੱਲਿਆ ਹੀ ਫਿਰਦੈ, ਦਿਨ ਰਾਤ ਭੁੱਲਿਆ ਹੋਇਐ। ਹਾਕਾਂ ਗੁਰਬਾਣੀ ਮਾਰੀ ਜਾਂਦੀ ਹੈ, ਨਹੀਂ ਪਤਾ ਲਗਦਾ। ਬਹੁਤ ਚੀਜ਼ਾਂ ਦੀ ਘਾਟ ਹੈ। ਇਰਾਦਾ ਨਹੀਂ ਬਣਦਾ। ਅਗਾਂਹਾਂ ਵਧਣ ਵਾਸਤੇ ਸਾਹਸ ਨਹੀਂ ਪੈਦਾ ਹੁੰਦਾ। ਸੋ ਇਸ ਤਰ੍ਹਾਂ ਬਹੁਤ ਸਾਰੇ ਵਿਘਨ ਨੇ, ਬੰਦਾ ਚਲਦਾ ਨਹੀਂ ਹੈ, ਤੇ ਇਹਦੇ ਅੰਦਰ ਹਨ੍ਹੇਰਾ ਰਹਿੰਦੈ। ਕਹਿੰਦੇ, ਜਿੰਨਾਂ ਚਿਰ ਹਨ੍ਹੇਰਾ ਹੈ ਓਨੀਂ ਦੇਰ ਤਕ ਗੱਲ ਨਹੀਂ ਬਣਦੀ। ਮਹਾਰਾਜ ਨੇ ਇਕ ਥਾਂ ਲਿਖਿਆ ਹੈ ਕਿ ਹਲਕਿਆ ਹੋਇਐ -

*ਬਿਨੁ ਸਬਦੈ ਸਭੁ ਜਗੁ ਬਉਰਾਨਾ*
*ਬਿਰਥਾ ਜਨਮੁ ਗਵਾਇਆ ॥* *ਅੰਗ- ੬੪੪*

ਇਕ-ਦੋ-ਚਾਰ-ਦਸ ਨਹੀਂ, ਸਾਰਾ ਸੰਸਾਰ ਬਊਰਾ ਹੋਇਆ ਹੋਇਐ। ਹਲਕਿਆ ਹੋਇਐ। ਫੌਜਾਂ ਦੀ ਲੋੜ ਹੀ ਨਹੀਂ ਜੇ ਸੰਸਾਰ ਹਲਕਿਆ ਨਾ ਹੋਵੇ। ਨਾ ਪੁਲਿਸ ਦੀ ਲੋੜ ਹੈ। ਕਾਰਨ ਕੀ ਹੈ? ਸ਼ਬਦ ਨਾਲੋਂ ਟੁੱਟਿਆ ਹੋਇਐ। ਜੇ ਸ਼ਬਦ ਨਾਲ ਜੁੜ ਜਾਵੇ ਹੁਣੇ ਸਤਿਜੁਗ ਸ਼ੁਰੂ ਹੋਵੇ ਸਾਰੇ ਸੰਸਾਰ 'ਚ। ਕਿਸੇ ਚੀਜ਼ ਦੀ ਲੋੜ ਨਹੀਂ ਹੈ। ਲੋਕ ਆਪਣੇ-ਆਪਣੇ ਹੱਕਾਂ 'ਤੇ ਰਹਿਣ, ਆਪਣਾ-ਆਪਣਾ ਕੰਮ ਕਰਨ। ਗੱਲ ਹੀ ਖਤਮ ਹੋ ਜਾਏਗੀ। ਕਹਿੰਦੇ, ਪਾਗਲ ਹੋਏ-ਹੋਏ ਨੇ -

*ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ ॥*

*ਅੰਗ- ੬੪੪*

ਨਾਮ ਤੋਂ ਬਗੈਰ ਜਿਹੜਾ ਸੰਸਾਰ ਹੈ, ਪਾਗਲਪਨ ਦੇ ਵਿਚ ਗਰਕ ਹੋਇਆ ਹੋਇਐ। ਇਹ ਸਚਾਈ ਜਦੋਂ ਤਕ ਸਾਡੇ ਸਮਝ 'ਚ ਨਹੀਂ ਆਉਂਦੀ। ਗੁਰੂ ਦੇ ਸਿਧਾਂਤ ਤੋਂ ਅਸੀਂ ਦੂਰ ਹਾਂ। ਸੋ ਇਸ ਤਰ੍ਹਾਂ ਦੇ ਮਹਾਰਾਜ ਫੁਰਮਾਨ ਕਰਦੇ ਨੇ ਕਿ ਪਿਆਰਿਓ! ਗੁਰੂ ਤਾਂ ਜਗਾਉਂਦੈ, ਗੁਰੂ ਦਸਦੈ, ਗੁਰੂ ਸ਼ਬਦ ਦਿੰਦੈ, ਲੇਕਿਨ ਹਨ੍ਹੇਰਾ ਪਿਐ, ਕੁੰਜੀ ਨਹੀਂ ਲੈਂਦਾ -

*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥* *ਅੰਗ- ੧੨੪*

ਪੰਜ ਪਿਆਰਿਆਂ ਨੇ ਚਾਬੀ ਤਾਂ ਫੜਾ ਦਿਤੀ ਵਾਹਿਗੁਰੂ ਮੰਤਰ ਦੀ, ਹੁਣ ਅਗਾਂਹਾਂ ਖੋਲ੍ਹਦਾ ਹੀ ਨਹੀਂ ਤਾਲਾ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥*

*ਅੰਗ- ੨੦੫*

ਸਤਿਗੁਰ ਦੀ ਸ਼ਰਨ ਵਿਚ ਨਹੀਂ ਜਿੰਨਾਂ ਚਿਰ ਆਉਂਦਾ, ਓਨੀਂ ਦੇਰ ਤਕ ਨਹੀਂ ਕੁਛ ਬਣਦਾ। ਹੁਣ ਸ਼ਰਨ ਦਾ ਅਰਥ ਨਹੀਂ ਸਾਨੂੰ ਸਮਝ ਆਉਂਦਾ। ਸ਼ਰਨ ਕੀ ਹੋਇਆ, ਆਏ ਤਾਂ ਹੋਏ ਹਾਂ। ਕਹਿੰਦੇ, ਇਸ ਤਰ੍ਹਾਂ ਨਹੀਂ ਹੁੰਦਾ ਸ਼ਰਨ। ਸ਼ਰਨ ਆਈ ਸੀ ਦਰੋਪਤੀ। ਸਿਰਫ ਇਕ ਆਵਾਜ਼ ਦਿਤੀ ਸੀ -

*ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸ਼ਨ ਕਰੈ ਬਿਲਲਾਂਦੀ।*
*ਕਪੜ ਕੋਟੁ ਉਸਾਰਿਓਨੁ ਥਕੇਦੂਤ ਨ ਪਾਰਿ ਵਸਾਂਦੀ।*
*ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਹਿ ਜਾਂਦੀ।*
*ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸਰਮਾਂਦੀ।*
*ਨਾਥ ਅਨਾਥਾਂ ਬਾਣਿ ਧੁਰਾਂਦੀ।*

*ਭਾਈ ਗੁਰਦਾਸ ਜੀ, ਵਾਰ ੧੦/੮*

ਮਹਾਰਾਜ ਕਹਿੰਦੇ, ਹਾਥੀ ਡੁੱਬ ਰਿਹੈ, ਤਾਣ ਖਤਮ ਹੋ ਗਿਆ -

*ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ ॥*
*ਮਹਮਾ ਨਾਮ ਕਹਾ ਲਉ ਬਰਨਉ*
*ਰਾਮ ਕਹਤ ਬੰਧਨ ਤਿਹ ਤੂਟਾ ॥* *ਅੰਗ- ੬੩੨*

ਜਦੋਂ ਸ਼ਰਨ ਵਿਚ ਆ ਗਿਆ, ਉਸੇ ਵੇਲੇ ਤੰਦੂਏ ਦੇ ਤੰਦ ਕੱਟ ਦਿਤੇ ਭਗਵਾਨ ਨੇ। ਭਗਵਾਨ ਕੋਈ ਨਿਰਜਿੰਦ ਵਸਤੂ ਨਹੀਂ ਹੈ, ਉਹ ਖਿਆਲ ਨਹੀਂ ਹੈ, ਉਹ ਤਾਂ ਜਿਉਂਦਾ ਜਾਗਦਾ ਹੈ -

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥*

*ਅੰਗ- ੬੧੨*

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥*
*ਰਹਾਉ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥* *ਅੰਗ- ੬੭੭*

ਜਿਹੜਾ ਵਿਛੜਦਾ ਹੀ ਨਹੀਂ। ਅਸੀਂ ਤਾਂ ਆਪ ਉਸ ਨਾਲੋਂ ਵਿਛੜੇ ਰਹਿੰਦੇ ਹਾਂ। ਸੋ ਮਹਾਰਾਜ ਕਹਿੰਦੇ ਇਹ ਗੁਰੂ ਦੀ ਜਿੰਨਾਂ ਚਿਰ ਕ੍ਰਿਪਾ ਨਾ ਹੋਵੇ। ਨਹੀਂ ਪਤਾ ਲੱਗਿਆ ਕਰਦਾ। ਗੁਰੂ ਹੁੰਦਾ ਹੀ ਓਹੀ ਹੈ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*

*ਅੰਗ - ੧੨੯੧*

ਤੇ ਨਿਸ਼ਾਨੀ ਕੀ ਹੈ? -

*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥*

*ਅੰਗ- ੧੨੯੧*

ਧੁਨਕਾਰ ਹੋ ਰਹੀ ਹੈ ਸ਼ਬਦਾਂ ਦੀ। ***'ਤਹ ਬਾਜੈ ਸਬਦੁ ਨੀਸਾਣੁ'*** ਨਿਸ਼ਾਨੀ ਹੈ ਉਸ ਥਾਂ ਦੀ। ਦੇਵ ਅਸਥਾਨ ਦੀ ਨਿਸ਼ਾਨੀ ਦੱਸੀ ਹੈ ਮਹਾਰਾਜ ਨੇ। ਉਥੇ ਹਰ ਵਕਤ ਆਤਮਕ ਸੰਗੀਤ ਹੋ ਰਿਹੈ, ਬਗੈਰ ਵਜਾਏ ਤੋਂ। ਆਪਣੇ ਆਪ ਹੀ ਹੋ ਰਿਹਾ ਹੈ।

ਅਮਰੀਕਾ 'ਚ ਮੈਂ ਇਕ ਦੇਖਣ ਚਲਿਆ ਗਿਆ ਉਸ ਦਾ ਨਾ ਸੀ 'House on the Rock' ਉਥੇ ਜਾ ਕੇ ਇਕ ਡਾਲਰ ਪਾ ਦਿਓ, 20 ਮਿੰਟ ਆਪਣੇ ਆਪ ਹੀ ਆਰਕੈਸਟਰਾ ਵੱਜੀ ਜਾਂਦੈ ਆਪਣੇ ਆਪ ਹੀ। ਤਬਲੇ ਵਾਲੇ ਨੇ ਤਬਲਾ, ਸਿਤਾਰ ਵਾਲੇ ਸਿਤਾਰ। ਥੋੜ੍ਹਾ ਅਗਾਂਹਾਂ ਗਏ, ਅਸੀਂ ਦੇਖਿਆ, ਸਭ ਕੁਛ ਅੱਡ-ਅੱਡ ਪਿਆ ਹੈ, ਜਦੋਂ ਡਾਲਰ ਪਾ ਦਿਤਾ, ਉਹ ਸਾਰਾ ਕੁਛ ਜੁੜ ਕੇ ਆਪਣੇ ਆਪ ਹੀ ਚੱਲੀ ਜਾਂਦਾ ਸੀ। ਇਸੇ ਤਰ੍ਹਾਂ ਦੇ ਨਾਲ ਸਾਡੇ ਅੰਦਰ ਆਤਮਕ ਸੰਗੀਤ ਹਰ ਵਕਤ ਹੋ ਰਿਹੈ। ਲੇਕਿਨ ਸਾਡੀ ਸੁਰਤੀ ਨਹੀਂ ਪਹੁੰਚਦੀ। ਮਹਾਰਾਜ ਕਹਿੰਦੇ, ਜੇ ਸੁਰਤੀ ਪਹੁੰਚ ਜਾਵੇ ਤਾਂ ਤੈਨੂੰ ***'ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥'*** ਤੇ ਐਨੀ ਮਸਤੀ ਹੈ ਉਹਦੇ ਵਿਚ –

*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*

*ਅੰਗ- ੧੨੯੧*

ਵਿਸਮਾਦ ਹੀ ਵਿਸਮਾਦ ਹੈ, ਨਿਰਾ ਵਿਸਮਾਦ ਦਾ ਮੰਡਲ ਹੈ –

*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*

*ਅੰਗ- ੧੨੯੧*

ਰੱਬ ਦੇ ਦਰ ਦੇ ਉਤੇ ਲਗਾਤਾਰ ਮਿਊਜ਼ਿਕ ਹੋ ਰਿਹੈ ਤੇ ਆਪਣੇ ਵਿਚ ਮਹਾਰਾਜ ਨੇ ਨਿਸ਼ਾਨੀ ਦੇ ਦਿਤੀ ਕਿ ਸੁਰਤੀ ਬਿਰਤੀ ਨੂੰ ਇਕਾਗਰ ਕਰਕੇ, ਸੂਖਸ਼ਮ ਕਰਕੇ–

*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥*

*ਅੰਗ- ੧੨੯੧*

ਦਸਵੇਂ ਦੁਆਰ 'ਚ ਲਿਵ ਲਾ ਕੇ। ਦਸਵੇਂ ਦੁਆਰ 'ਚ ਜਾਣ ਦੇ ਦੋ ਰਸਤੇ ਨੇ। ਇਕ ਤਾਂ ਉਹ ਹੈ ਜਿਹੜਾ ਯੋਗੀ ਲੋਕ ਕਰਦੇ ਨੇ। ਉਹ ਪੰਜ ਚੱਕਰਾਂ ਨੂੰ ਵੇਧਦੇ ਨੇ, ਛੇਵਾਂ ਚੱਕਰ ਆਗਿਆ ਚੱਕਰ ਹੈ, ਉਸ ਤੋਂ ਅਗਾਂਹਾਂ ਚਲਦੇ ਨੇ। ਸਾਨੂੰ ਮਹਾਰਾਜ ਨੇ ਇਸ ਰਸਤੇ; ਕਿਉਂਕਿ ਸਿਹਤ ਸਾਡੀ ਐਨੀ ਕਮਜ਼ੋਰ ਹੋ ਗਈ, ਕਲਜੁਗ ਦਾ ਸਮਾਂ, ਸਮਾਂ ਹੈ ਨਹੀਂ, ਸਾਨੂੰ ਸੁਰਤ ਦੇ ਨਾਲ, ਸ਼ਬਦ ਦੇ ਨਾਲ ਚੜ੍ਹਾ ਦਿਤਾ।

*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*

*ਅੰਗ- ੯੩੮*

ਸੁਰਤ ਨੂੰ ਸ਼ਬਦ ਦੇ ਨਾਲ ਜੋੜ ਦਿੰਦੇ ਹਾਂ। ਸ਼ਬਦ ਆਗਿਆ ਚੱਕਰ 'ਚ ਸਾਨੂੰ ਲੱਭ ਜਾਂਦੈ। ਉਹ ਸ਼ਬਦ ਆਉਂਦੈ ਦਸਵੇਂ ਦੁਆਰ ਤੋਂ। ਉਹ ਸ਼ਬਦ ਲੈ ਕੇ ਸੁਰਤਿ ਨਾਲ ਉਥੇ ਪਹੁੰਚ ਜਾਂਦੈ। ਬੜਾ ਹੀ ਸੁਖਾਲਾ ਰਾਹ ਮਹਾਰਾਜ ਨੇ ਦੱਸਿਐ। ਨਹੀਂ ਤਾਂ ਫੇਰ ਸਾਡੀ ਬਦਕਿਸਮਤੀ ਹੈ, ਨਹੀਂ ਇਸ ਗੱਲ 'ਚ ਪੈਂਦੇ। ਸੋ ਮਹਾਰਾਜ ਕਹਿੰਦੇ, ਉਥੇ ਰਾਗ ਸੁਣ, ਮਿਊਜ਼ਿਕ ਸੁਣ, ਜੋ ਤੇਰੇ ਅੰਦਰ, ਆਪਣੇ ਆਪ ਹੋ ਰਿਹੈ –

*ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥*

*ਅੰਗ- ੧੨੯੧*

ਜਿਹੜਾ ਮਨ ਹੈ, ਇਹ ਮਨ ਦੇ ਵਿਚ ਹੀ ਸਮਾ ਜਾਏਗਾ ਅ-ਮਨ ਹੋ ਜਾਏਗਾ, ਜਦੋਂ ਤੂੰ ਪ੍ਰਮੇਸ਼ਰ ਦੀ ਅਕਥ ਕਥਾ ਦੀ ਵਿਚਾਰ ਕਰੇਂਗਾ, ਗਿਆਨ ਮੰਡਲ 'ਚ ਜਾ ਕੇ।

*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ ॥* *ਅੰਗ - ੧੨੯੧*

ਉਹੀ ਜਿਹੜਾ ਮੂਧਾ ਹੋ ਗਿਆ ਸੀ ਕਮਲ ਉਹ ਸਿੱਧਾ ਹੋ ਗਿਆ। ਨਾਮ ਦੇ ਬਲ ਨਾਲ।

*ਹਰਿ ਬਿਨੁ ਜੀਉ ਜਲਿ ਬਲਿ ਜਾਉ ॥* *ਅੰਗ- ੧੪*

ਹੁਣ ਜਲਦਾ ਨਹੀਂ ਹੈ, ਹੁਣ ਸਰਸ਼ਾਰ ਹੋ ਗਿਆ, ਸਿੱਧਾ ਹੋ ਗਿਆ, ਅੰਮ੍ਰਿਤ ਨਾਲ ਭਰ ਗਿਆ। ਹੁਣ ਨਹੀਂ ਮਨ ਜਾਂਦਾ ਕਿਸੇ ਪਾਸੇ।

*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥*

*ਅੰਗ - ੧੨੯੧*

ਹੁਣ ਜਪਣ ਦੀ ਲੋੜ ਨਹੀਂ, ਤੇਰੀਆਂ ਅੱਖਾਂ ਵੀ ਨਾਮ ਜਪ ਰਹੀਆਂ ਨੇ, ਕੰਨ ਵੀ ਨਾਮ ਜਪ ਰਹੇ ਨੇ, ਸੋਝੀ ਤੇਰੇ ਅੰਦਰ ਪੈਦਾ ਹੋ ਗਈ। ਹੁਣ ਪ੍ਰਮੇਸ਼ਰ ਪ੍ਰਤੱਖ ਨਜ਼ਰ ਆ ਰਿਹੈ। ਉਹਦਾ ਨਾਮ ਤੈਨੂੰ ਪ੍ਰਤੱਖ ਸੁਣ ਰਿਹੈ ਤੇ ਹੁਣ ਤੂੰ ਆਦਿ ਦੇ ਵਿਚ ਜਿਥੋਂ ਵਿਛੁੜਿਆ ਸੀ, ਉਥੇ ਹੀ ਪਹੁੰਚ ਗਿਆ –

*ਜਾ ਕੇ ਸੰਗ ਤੇ ਬੀਛੁਰਾ ਤਾ ਹੀ ਕੇ ਸੰਗਿ ਲਾਗੁ ॥*

*ਅੰਗ- ੧੩੭੧*

ਉਹਦੇ ਨਾਲ ਹੀ ਜੁੜ ਗਿਆ।

*ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥*
*ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥*

*ਅੰਗ - ੧੨੯੧*

ਲੇਕਿਨ ਸ਼ਬਦ ਦੀ ਖੋਜ ਬਿਨਾਂ ਇਹ ਘਰ ਮਿਲਦਾ ਨਹੀਂ ਹੈ। ਸੋ ਮੈਂ ਐਨੀ ਲੰਮੀ ਚੌੜੀ ਬੇਨਤੀ ਕਰੀ ਹੈ ਕਿ–

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ਅੰਗ- ੪੬੩*

ਗੁਰੂ ਕੋਲ ਨਦਰਿ ਦਾ ਕ੍ਰਿਸ਼ਮਾ ਹੁੰਦੈ। ਆਪਣੇ ਆਪ ਬੰਦਾ ਪਹੁੰਚ ਨਹੀਂ ਸਕਦਾ। ਤੁਸੀਂ ਵੇਦਾਂਤ ਦੇ ਗ੍ਰੰਥ ਪੜ੍ਹ ਜਾਓ, ਸਾਰੀ ਗੱਲ ਸਮਝ ਜਾਓਂਗੇ, ਲੇਕਿਨ

ਜੀਵਨ ਵਿਚ ਨਹੀਂ ਘਟਦੇ। ਜਦੋਂ ਤਕ ਜੀਵਨ ਦੀ ਪ੍ਰਾਪਤੀ ਨਹੀਂ ਹੁੰਦੀ, ਸੱਚ ਆਚਾਰ ਨਹੀਂ ਆਉਂਦੇ, ਓਨੀਂ ਦੇਰ ਤਕ ਤਜਰਬਾ ਅਧੂਰਾ ਹੈ, ਪ੍ਰਾਪਤੀ ਨਹੀਂ ਹੋਈ। ਗੱਲ ਜਾਣ ਲਈ, ਲੇਕਿਨ ਅਨੁਭਵ ਨਹੀਂ ਹੋਈ। ਅੰਬ ਨੂੰ ਜਾਣ ਲਿਆ ਕਿ ਕਿੰਨੀ ਕੈਲਰੀਜ਼ ਹੈ, ਕਿੰਨਾ ਮਿੱਠਾ ਹੈ, ਕਿੰਨਾ ਇਹਦੇ 'ਚ ਐਸਿਡ ਹੈ, ਕਿੰਨੇ ਇਹਦੇ 'ਚ ਪੌਸ਼ਟਿਕ ਲਾਭ ਨੇ। ਲੇਕਿਨ ਇਕ ਬੰਦੇ ਨੇ ਇਹਨੂੰ ਕੁਛ ਨਹੀਂ ਜਾਣਿਆ ਉਹਨੇ ਅੰਬ ਤੋੜਿਆ ਤੇ ਚੂਪਣਾ ਸ਼ੁਰੂ ਕਰ ਦਿਤਾ। ਦੋਹਾਂ ਦਾ ਫਰਕ ਹੈ, ਐਨਾ ਹੀ ਹੈ। ਇਕਨਾਂ ਦੇ ਹੱਥ ਵਿਚ ਚੀਜ਼ ਹੈ, ਇਕ ਸੋਚੀ ਜਾਂਦੇ ਨੇ। ਪੜ੍ਹਨ ਲਿਖਣ ਵਾਲੇ ਬੰਦੇ ਬਾਹਰ ਖੜ੍ਹੇ ਸੋਚਦੇ ਨੇ। ਜਿਹੜੇ ਅਭਿਆਸ ਕਰਦੇ ਨੇ ਉਹਨਾਂ ਕੋਲ ਪ੍ਰਤੱਖ ਰੂਪ ਵਿਚ ਉਹ ਚੀਜ਼ ਅੰਦਰ ਪ੍ਰਗਟ ਹੋ ਜਾਇਆ ਕਰਦੀ ਹੈ। ਸੋ ਮਹਾਰਾਜ ਕਹਿੰਦੇ – ***'ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥' 'ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥'*** ਸੋ ਗੁਰੂ ਤੋਂ ਬਗੈਰ ਅੰਦਰਲਾ ਹਨ੍ਹੇਰਾ ਜਾਇਆ ਨਹੀਂ ਕਰਦਾ।

ਸੋ ਉਹ ਯੋਗੀ ਕਹਿਣ ਲੱਗਿਆ ਕਿ ਸਮਾਂ ਕਿਹੜਾ ਆ ਗਿਆ।

ਕਹਿੰਦੇ, ਕਲਜੁਗ ਦਾ?

ਕਹਿਣ ਲੱਗਿਆ, ਇਸ ਵੇਲੇ ਪ੍ਰਤਾਪ ਕਿਸ ਦਾ ਹੈ?

ਕਹਿਣ ਲੱਗੇ, ਗੁਰੂ ਅਰਜਨ ਪਾਤਸ਼ਾਹ ਨੇ।

ਕਹਿਣ ਲੱਗਿਆ, ਧੰਨ ਮੇਰਾ ਗੁਰੂ, ਧੰਨ ਗੁਰੂ ਅਰਜਨ ਪਾਤਸ਼ਾਹ।

ਕਹਿਣ ਲੱਗੇ, ਕੀ ਗੱਲ?

ਕਹਿਣ ਲੱਗਿਆ, ਮੇਰਾ ਗੁਰੂ ਤ੍ਰਿਕਾਲਦਰਸ਼ੀ ਸੀ। ਲੱਖਾਂ ਸਾਲ ਖਿੱਚ ਕੇ ਉਹਨੇ ਦੇਖ ਲਏ ਕਿ ਮੇਰੀ ਕਲਿਆਣ ਕੌਣ ਕਰੇਗਾ। ਕਹਿੰਦਾ, ਮੇਰੇ ਗੁਰੂ ਨੇ ਕਿਹਾ ਕਿ ਚਾਹੇ ਤਾਂ ਜਨਮ ਦਰ ਜਨਮ ਤੁਰਿਆ ਜਾਹ ਤੇ ਤੈਨੂੰ ਕਲਜੁਗ ਦੇ ਅੰਦਰ ਗੁਰੂ ਅਰਜਨ ਦੇਵ ਜੀ ਹੋਣਗੇ, ਉਹ ਮਿਲਣਗੇ। ਸਮਾਂ ਖਿੱਚ ਕੇ ਦੇਖ ਲਿਆ ਉਹਨੇ ਕਿ ਕੌਣ ਹੋਣਗੇ, ਇਹਦੀ ਕਲਿਆਣ ਕੌਣ ਕਰੇਗਾ। ਇਹ ਵੀ ਧੁਰ ਦਾ ਸੰਜੋਗ ਹੁੰਦੈ –

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥* *ਅੰਗ – ੪੫੦*

ਗੁਰੂ ਨਾਲ ਸੰਜੋਗ ਪਿਛਲੇ ਜਨਮਾਂ ਦੇ ਪੁੰਨਾਂ ਦਾ ਕੰਮ ਹੋਇਆ ਕਰਦੈ, ਮੱਥੇ ਦਾ ਲੇਖ ਹੁੰਦੈ। ਐਵੇਂ ਨਹੀਂ ਗੁਰੂ ਮਿਲਿਆ ਕਰਦਾ।

ਸੋ ਪਾਤਸ਼ਾਹ! ਮੇਰਾ ਸਮਾਂ ਆ ਗਿਆ।

ਕਹਿਣ ਲੱਗੇ, ਜਾਂ ਤੂੰ ਸਮਾਧੀ ਲਾ ਕੇ ਬਹਿ ਜਾ, ਉਹ ਸਮਰੱਥ ਗੁਰੂ ਨੇ, ਤੈਨੂੰ ਕੱਢ ਲੈਣਗੇ ਤੇਰੇ ਮੱਠ 'ਚੋਂ। ਸੋ ਮੈਂ ਕੁਰਬਾਨ ਜਾਂਦਾ ਹਾਂ ਆਪਣੇ ਗੁਰੂ ਤੋਂ ਜਿਹਨਾਂ ਨੇ ਮੈਨੂੰ ਇਹ ਰਸਤਾ ਦਸ ਦਿਤਾ ਤੇ ਹੁਣ ਮੇਰੇ 'ਤੇ ਕ੍ਰਿਪਾ ਕਰੋ, ਮੇਰੇ ਅੰਦਰ ਜਿਹੜੇ ਭਰਮ ਪੈ ਗਏ ਤੇ ਮੈਂ ਆਪਣੇ ਗੁਰੂ ਕੋਲ ਸਵਾਲ ਕਰੇ ਸੀ, ਉਹ ਕਹਿੰਦੇ, ਪਿਆਰਿਆ! ਇਹਨਾਂ ਦਾ ਜਵਾਬ ਗੁਰੂ ਅਰਜਨ ਦੇਵ ਜੀ ਦੇਣਗੇ, ਕਲਜੁਗ ਦੇ ਵਿਚ।

ਕਲਜੁਗ ਦਾ ਪੁੰਨ ਐਨਾ ਜਬਰਦਸਤ ਹੋਏਗਾ ਕਿ ਸਤਿਜੁਗ ਦੇ ਅੰਦਰ ਦਸ ਹਜ਼ਾਰ ਸਾਲ ਤਪੱਸਿਆ ਕਰੇ ਉਹ ਬਰਾਬਰ ਹੋਏਗੀ ਹਜ਼ਾਰ ਸਾਲ ਦੇ ਤ੍ਰੇਤੇ ਯੁੱਗ ਦੇ। ਤ੍ਰੇਤੇ ਦੇ ਹਜ਼ਾਰ ਸਾਲ ਦੀ ਤਪੱਸਿਆ, ਦੁਆਪਰ ਦੇ ਸੌ ਸਾਲ ਦੇ ਬਰਾਬਰ ਹੋਏਗੀ। ਸੌ ਸਾਲ ਦੀ ਤਪੱਸਿਆ ਦੁਆਪਰ ਦੀ ਕਲਜੁਗ ਦੇ ਇਕ ਘੜੀ ਦੇ ਬਰਾਬਰ ਹੋਏਗੀ ਤੇ ਕਲਜੁਗ ਦੇ ਅੰਦਰ ਤਾਰਕ ਮੰਤਰ ਐਨਾ ਅਸਰ ਕਰੇਗਾ ਕਿ –

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ।* *ਅਕਾਲ ਉਸਤਤਿ*

ਕਹਿੰਦੇ, ਇਕ ਛਿਨ ਧਿਆਨ ਦੇਣ ਦੇ ਨਾਲ ਆਦਮੀ ਕਾਲ ਦੇ ਚੱਕਰ 'ਚੋਂ ਛੁਟ ਜਾਂਦੈ। ਮੁਕਤ ਹਾਸਿਲ ਕਰ ਲੈਂਦੈ। ਸੋ ਸਮਾਂ ਵੀ ਆ ਗਿਆ। ਮਹਾਰਾਜ ਕਹਿੰਦੇ, ਧੰਨ ਹੈ ਕਲਜੁਗ ਜਿਹਦੇ ਵਿਚ ਥੋੜ੍ਹਾ ਜਿਹਾ ਹੀ ਪੁੰਨ ਕਰਕੇ ਜੇ ਚਾਰ ਘੜੀਆਂ ਸੰਗਤ ਕਰ ਲਈ। ਦਸ ਹਜ਼ਾਰ ਸਾਲ ਤਪੱਸਿਆ ਦੇ ਬਰਾਬਰ ਹੋ ਜਾਂਦੀ ਹੈ। ਕਿਉਂਕਿ ਸਾਡੇ ਕੋਲ ਐਨਾ ਹੀ ਸਮਾਂ ਹੈ। ਇਸ ਕਰਕੇ ਕਲਜੁਗ ਦੇ ਯੁੱਗ ਨੂੰ ਧੰਨ ਕਿਹਾ ਹੈ ਮਹਾਰਾਜ ਨੇ। ਪਾਪਾਂ ਦਾ ਬਹੁਤ ਵੱਡਾ ਹੜ੍ਹ ਆ ਰਿਹੈ ਲੇਕਿਨ ਦੂਜੇ ਪਾਸੇ ਜਿਹੜਾ ਟੀਕਾ ਹੈ ਉਹ ਕਿੰਨਾ ਜਬਰਦਸਤ ਹੈ। ਕਹਿੰਦੇ ਜੇ ਇਕ ਵਾਰੀ ਵੀ ਕਹਿ ਦਿਤਾ –

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥*
*ਜਾਂ ਗਤਿ ਕਉ ਜੋਗੀਸੁਰ ਬਾਛਤ*
*ਸੋ ਗਤਿ ਛਿਨ ਮਹਿ ਪਾਈ॥* *ਅੰਗ – ੯੦੨*

ਸੋ ਪਾਤਸ਼ਾਹ ਹੁਣ ਮੇਰੇ 'ਤੇ ਕ੍ਰਿਪਾ ਕਰੋ। ਮੇਰੇ ਸੰਸੇ ਨਵਿਰਤ ਕਰੋ, ਦ੍ਰਿੜ੍ਹ ਹੋਏ-ਹੋਏ ਸੰਸੇ ਨੇ। ਉਹ ਇਹ ਨੇ ਕਿ ਇਹ ਸੰਸਾਰ, ਇਹਨੂੰ ਝੂਠਾ ਕਹਿੰਦੇ ਨੇ ਫੇਰ ਸੱਚਾ ਕਿਉਂ ਦਿਸਦੈ? ਜੇ ਮੰਨ ਲਈਏ ਕਿ ਇਹ ਸੱਚਾ ਹੈ ਤਾਂ ਗਿਆਨਵਾਨ ਪੁਰਸ਼, ਸਾਰੇ ਮਹਾਂਪੁਰਸ਼ ਇਹਨੂੰ ਝੂਠਾ ਕਹਿੰਦੇ ਨੇ। ਸੁਪਨਾ ਕਹਿੰਦੇ ਨੇ, ਸੋ ਇਕ ਆਤਮਾ ਸਾਰੇ ਪਰਿਪੂਰਨ ਹੈ। ਉਹਨੇ ਅਨੇਕ ਰੂਪ ਧਾਰ ਕੇ ਅਨੇਕ ਖਿਆਲਾਂ ਵਿਚ ਕਿਵੇਂ ਚਲੀ ਗਈ, ਜਦੋਂ ਸਾਰਿਆਂ ਦੇ ਸਰੀਰਾਂ ਵਿਚ ਇਕੋ ਹੀ ਆਤਮਾ ਹੈ ਤਾਂ ਇਕੋ ਸਮੇਂ ਇੱਕੋ ਗੱਲ ਸਭ ਦੇ ਅੰਦਰ ਹੋਣੀ ਚਾਹੀਦੀ ਹੈ, ਵੱਖਰੀ-

*(ਬਾਕੀ ਪੰਨਾ 40 'ਤੇ)*

# ਪੜਿਐ ਨਾਹੀ ਭੇਦੁ ਬੁਝਿਐ ਪਾਵਣਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-23)*

ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਮਰਦਾਨਿਆਂ! ਬੜੀ ਦੇਰ ਤੋਂ ਤੂੰ ਸਾਡੇ ਨਾਲ ਰਹਿਨੈ। ਇਕ ਗੱਲ ਦੱਸ ਬਈ ਪਿਆਰਿਆ! ਤੈਨੂੰ ਕਿੰਨਾ ਕੁ ਭਰੋਸਾ ਹੈ ਜੀਵਨ ਦਾ?

ਕਹਿੰਦਾ ਸੱਚੇ ਪਾਤਸ਼ਾਹ! ਪਹਿਲੀ ਵੀ ਗੱਲ ਦੱਸਾਂ ਕਿ ਹੁਣ ਦੀ ਹੀ ਦੱਸਾਂ।

ਮਹਾਰਾਜ ਨੇ ਕਿਹਾ ਕਿ ਕਿਵੇਂ ਵੀ ਦਸ ਲੈ, ਅਸੀਂ ਤਾਂ ਗੱਲ ਪੁੱਛਣੀ ਹੈ।

ਕਹਿੰਦਾ, ਮੈਨੂੰ ਪਹਿਲਾਂ ਤਾਂ ਇਸ ਤਰ੍ਹਾਂ ਸੀ ਕਿ ਹੁਣ ਮੈਂ ਬੱਚਾ ਹਾਂ, ਜਦੋਂ ਆਪਾਂ ਖੇਲ੍ਹਦੇ ਹੁੰਦੇ ਹਾਂ। ਮੈਂ ਕਹਿੰਦਾ ਹੁੰਦਾ ਕਿ ਫੇਰ ਜੁਆਨ ਹੋਵਾਂਗੇ, ਫੇਰ ਬੁੜ੍ਹੇ ਹੋਵਾਂਗੇ, ਫੇਰ ਕੋਈ ਬਿਮਾਰੀ ਵਗੈਰਾ ਲੱਗੂ ਤਾਂ ਮਰਾਂਗੇ।

ਕਹਿੰਦੇ, ਹੁਣ?

ਕਹਿੰਦਾ, ਹੁੰਦਾ ਤਾਂ ਮਹਾਰਾਜ! ਸਵੇਰੇ ਹੈਗੇ, ਸ਼ਾਮ ਨੂੰ ਪਤਾ ਨਹੀਂ ਹੈਗੇ ਕਿ ਨਹੀਂ।

ਮਹਾਰਾਜ ਕਹਿੰਦੇ, ਚਾਰ ਪਹਿਰ ਦਾ ਤੈਨੂੰ ਭਰੋਸਾ ਹੈ। ਬੱਲੇ, ਤੈਨੂੰ ਬੜਾ ਭਰੋਸਾ ਹੈ, ਸਾਹਾਂ ਦਾ।

ਕਹਿੰਦਾ, ਮਹਾਰਾਜ! ਬਿਮਾਰ ਵਗੈਰਾ ਹੁੰਦੇ ਨੂੰ, ਮੈਂ ਤਾਂ ਕਈ ਦੇਖੇ ਨੇ ਮਰਦੇ। ਕਹਿੰਦੇ, ਜੀ ਬਿਮਾਰ ਹੋ ਗਿਆ, ਆਖਰੀ ਸਵਾਸਾਂ 'ਤੇ ਹੈ, ਕਹਿੰਦਾ ਚਾਰ ਪਹਿਰ ਤਾਂ ਲੱਗ ਹੀ ਜਾਂਦੇ ਨੇ ਮਰਦੇ-ਮਰਦੇ ਨੂੰ। ਤਕੜੇ ਬੰਦੇ ਸੀ ਹਾਰਟ (ਦਿਲ) ਫੇਲ੍ਹ ਤਾਂ ਹੁੰਦਾ ਹੀ ਨਹੀਂ ਸੀ ਕਿਸੇ ਬੰਦੇ ਦਾ। ਇਹ ਤਾਂ ਹੁਣੇ ਹੋਣ ਲੱਗੇ ਨੇ।

ਭਾਈ ਬਾਲਾ ਜੀ ਨੂੰ ਪੁੱਛਿਆ ਕਿ ਭਾਈ ਬਾਲਾ ਜੀ! ਤੁਸੀਂ ਦਸੋ?

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਆਹ ਪਹਿਰ ਹੈਗੇ, ਅਗਲੇ ਦਾ ਪਤਾ ਨਹੀਂ।

ਮਹਾਰਾਜ ਕਹਿੰਦੇ, ਇਹ ਵੀ ਤਿੰਨ ਘੰਟੇ ਦਾ ਸਮਾਂ ਹੁੰਦੈ। ਕਿਉਂ ਭਾਈ ਬੜਾ ਭਰੋਸਾ ਹੈ।

ਕਹਿੰਦਾ, ਮਹਾਰਾਜ ਐਨਾ ਕੁ ਤਾਂ ਘੋਰੜੂ ਵਜਦੇ ਆਦਮੀ, ਸਾਹ ਲੈਂਦੈ ਕਹਿੰਦੇ ਫੇਰ ਪਤਾ ਲਗਦੈ ਕਿ ਮਰ ਗਿਆ ਫਲਾਣਾ।

ਬਾਬਾ ਬੁੱਢਾ ਜੀ ਨੂੰ ਪੁੱਛਿਆ ਕਿ ਆਪ ਦੱਸੋ?

ਸੱਚੇ ਪਾਤਸ਼ਾਹ! ਕਾਹਦਾ ਭਰੋਸਾ ਹੈ, ਤੁਹਾਡੇ ਨਾਲ ਰਲ ਕੇ ਸਾਨੂੰ ਇਹ ਗਿਆਨ ਹੋਇਐ ਕਿ ਪਤਾ ਹੀ ਨਹੀਂ। ਕਾਸੇ ਦਾ ਭਰੋਸਾ ਨਹੀਂ ਹੈ, ਇਕ ਘੜੀ ਦਾ ਭਰੋਸਾ ਨਹੀਂ ਹੈ, ਇਸ ਘੜੀ ਹੈਗੇ, ਅਗਲੀ ਹੈ ਕਿ ਨਹੀਂ ਹੈਗੇ।

ਕਹਿਣ ਲੱਗੇ, ਘੜੀ ਵੀ ਸਾਢੇ ਚੌਵੀ ਮਿੰਟ ਦੀ ਹੁੰਦੀ ਹੈ।

ਫੇਰ ਵੀ ਕਾਫੀ ਭਰੋਸਾ ਹੈ।

ਕਹਿਣ ਲੱਗੇ, ਮਹਾਰਾਜ! ਐਨੇ ਕੁ ਤਾਂ ਖਿੱਚਵੇਂ ਸਾਹ ਆਦਮੀ ਇਕ ਮਿੰਟ 'ਚ ਦੋ ਲੈ ਲੈਂਦੈ ਤੇ ਸਮਝ ਲਓ ਕਿ ਐਨੇ 'ਚ 40-50 ਸਵਾਸ ਹੋਏ, ਬਹੁਤੇ ਤਾਂ ਮੈਂ ਕਹੇ ਨਹੀਂ ਹੈਗੇ। ਐਨੇ ਕੁ ਤਾਂ ਆ ਹੀ ਜਾਂਦੇ ਨੇ। ਸਾਰੇ ਇਕੱਠੇ ਹੋ ਗਏ। ਕਹਿਣ ਲੱਗੇ, ਸੱਚੇ ਪਾਤਸ਼ਾਹ! ਤੁਸੀਂ ਦੱਸੋ?

ਮਹਾਰਾਜ ਕਹਿਣ ਲੱਗੇ, ਪਿਆਰਿਓ! ਜ਼ਿੰਦਗੀ ਦਾ ਕੀ ਭਰੋਸਾ ਹੈ? ਇਸ ਤਰ੍ਹਾਂ ਪੜ੍ਹ ਲਓ।

*ਧਾਰਨਾ - ਇਕ ਦਮ ਦਾ ਭਰੋਸਾ ਕੋਈ ਨਾ,*
*ਦਾਹਵੇ ਬੰਨ੍ਹੇ ਮੁੱਦਤਾਂ ਦੇ।*

ਮਹਾਰਾਜ ਕਹਿੰਦੇ, ਆਪਾਂ ਨੂੰ ਕੀ ਕਹਿੰਦੇ ਨੇ?

ਸਾਰੇ ਸੋਚਣ ਲਗ ਗਏ।

ਕਹਿਣ ਲੱਗੇ, ਆਪਾਂ ਨੂੰ ਆਦਮੀ ਕਹਿੰਦੇ ਨੇ। 'ਆ' ਨੂੰ ਅੱਡ ਕਰ ਦਿਓ, ਪਿਛਲੇ ਦੋ ਅੱਖਰ 'ਅੱਡ' ਕਰ ਦਿਓ। ਫੇਰ ਕੀ ਬਣਿਆ। ਆ-ਦਮੀ।

ਕਹਿੰਦੇ ਜੇ ਤਾਂ ਦਮ ਆ ਗਿਆ, ਸਾਹ ਆ ਗਿਆ, ਤਾਂ, ਤਾਂ ਆਪਾਂ ਆਦਮੀ ਜੇ ਨਾ ਆਇਆ, ਫੇਰ ਭਾਈ ਮੁਰਦੇ। 'ਮ' ਤੋਂ ਸ਼ੁਰੂ ਹੋ ਜਾਏਗਾ ਅੱਖਰ, ਜਿਹੜਾ 'ਅ' ਤੋਂ ਸ਼ੁਰੂ ਹੁੰਦੈ। ਕਹਿੰਦੇ, ਕੋਈ ਪਤਾ ਨਹੀਂ, ਸਾਹ ਬਾਹਰ ਨੂੰ ਗਿਆ ਹੋਇਆ, ਆਵੇ ਕਿ ਨਾ ਆਵੇ। 'ਹਮ ਆਦਮੀ ਹਾਂ ਇਕ ਦਮੀ।' ਇਹਦਾ ਕੋਈ ਪਤਾ ਨਹੀਂ ਹੈ ਕਿ ਸਵਾਸ ਫੇਰ ਮੁੜ ਕੇ ਆ ਜਾਏਗਾ ਕਿ ਨਹੀਂ ਆ ਜਾਏਗਾ। ਐਸੀਆਂ ਰੋਜ਼ ਆਪਾਂ ਮਿਸਾਲਾਂ ਦੇਖਦੇ ਹਾਂ।

ਜਦੋਂ ਮੈਂ ਇਥੇ ਹੁੰਦਾ, ਦੋ ਕਰਮਚਾਰੀ ਆਪਸ ਵਿਚ ਔਖੇ ਹੋਏ ਪਏ, ਲੜ ਰਹੇ ਸੀ। ਟਾਈਪ ਦੀ ਮਸ਼ੀਨ

ਉਹਨਾਂ ਦੋਹਾਂ ਦੇ ਹੱਥ ਵਿਚ। ਉਹ ਕਹਿੰਦਾ, ਮੈਂ ਟਾਈਪ ਕਰਨੀ ਹੈ, ਉਹ ਕਹਿੰਦਾ ਮੈਂ ਕਰਨੀ ਹੈ। ਇਕ ਕਹਿੰਦਾ ਕਿ ਮੇਰੀ ਤਾਂ ਇਕੋ ਹੀ ਚਿੱਠੀ ਹੈ। ਤੇਰਾ ਕੰਮ ਲੰਮਾ ਹੈ। ਉਹ ਕਹਿੰਦਾ, ਚੱਲ ਤੂੰ ਕਰ ਲੈ। ਉਹਨੇ ਮਸ਼ੀਨ ਰੱਖੀ ਆਪਣੇ ਮੇਜ਼ 'ਤੇ, ਰੌਲਰ ਦੇ ਵਿਚ ਕਾਗਜ਼ ਪਾਇਆ, ਕਾਰਬਨ ਪਾਇਆ, ਫਾਈਲ ਖੋਲ੍ਹ ਰੱਖ ਲਈ ਟਾਈਪ ਕਰਨ ਵਾਸਤੇ, ਉਂਗਲੀਆਂ ਰੱਖ ਲਈਆਂ, ਉਂਗਲੀਆਂ ਰੱਖਣ ਤੋਂ ਬਾਅਦ ਜਿਹੜੀ ਕੁਰਸੀ ਦੀ ਢੋਹ ਸੀ, ਉਸ ਨਾਲ ਉਹਨੇ ਸਿਰ ਲਾ ਲਿਆ। ਜਦੋਂ ਉਸਨੇ ਉਂਗਲੀਆਂ ਦੱਬੀਆਂ ਨਾ, ਉਹ ਕਹਿੰਦਾ, ਤੂੰ ਟਾਈਪ ਕਰ ਲੈ, ਨਹੀਂ ਤਾਂ ਮੈਂ ਚੁੱਕ ਲੈਣੀ ਏ। ਤੂੰ ਤਾਂ ਸੋਚਣ ਹੀ ਲੱਗ ਗਿਆ।

ਉਧਰੋਂ ਕੋਈ ਜਵਾਬ ਨਾ ਆਇਆ। ਉਹ ਉੱਠ ਕੇ ਮਸ਼ੀਨ ਚੁੱਕਣ ਲੱਗਿਆ। ਜਦੋਂ ਉਹਨੂੰ ਹਿਲਾਇਆ ਉਹਦੇ ਵਿਚ ਕੁਛ ਵੀ ਨਾ, ਖਤਮ ਹੋਇਆ ਪਿਆ ਬੰਦਾ।

ਮਹਾਰਾਜ ਕਹਿੰਦੇ, -

*ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥*

*ਅੰਗ- ੬੬੦*

ਇਹਦੀ ਕੋਈ ਗਾਰੰਟੀ ਨਹੀਂ ਹੈ। ਜਦ ਗਾਰੰਟੀ ਨਹੀਂ ਹੈ ਪਿਆਰਿਓ, ਫੇਰ ਤਾਂ ਬੜਾ ਫਿਕਰ ਹੋਣਾ ਚਾਹੀਦੈ। ਫੇਰ ਤਾਂ ਕੋਈ ਪਤਾ ਨਹੀਂ ਕਿ ਸੰਸਾਰ 'ਚੋਂ ਅਸੀਂ ਕਦੋਂ ਚਲੇ ਜਾਣੈ। ਕਾਰਨ ਸਾਰਿਆਂ ਨਾਲੋਂ ਵੱਡਾ ਇਹ ਹੈ ਕਿ ਆਦਮੀ ਸੰਸਾਰ ਤੋਂ ਜਾਣਾ ਨਹੀਂ ਮੰਨਦਾ। ਬੜਾ ਕੁਛ ਇਹ ਆਪਣੇ ਮਨ ਦੇ ਨਾਲ ਖਿਆਲ ਪਾ ਲੈਂਦੈ ਕਿ ਨਹੀਂ ਜੀ, ਇਹ ਤਾਂ ਨਿਰਾਸ਼ਾਜਨਕ ਉਪਦੇਸ਼ ਨੇ। ਸਤਿ ਹੈ, ਨਿਰਾਸ਼ਾਜਨਕ ਨਹੀਂ ਹੈ। ਮਹਾਰਾਜ ਕਹਿੰਦੇ ਤੂੰ ਕਰਮ ਕਰ, ਕਰਮ ਕਰਦਾ ਹੋਇਆ ਕੋਈ ਵਾਸ਼ਨਾ ਤੇ ਕਾਮਨਾ ਨਾ ਰੱਖ। ਜਿੰਨੇ ਦਿਨ ਚੱਲ ਜਾਏਂਗਾ, ਚੱਲ ਤਾਂ ਸਹੀ। ਮਾੜਾ ਕੰਮ ਨਾ ਕਰ -

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥*

*ਅੰਗ- ੯੧੮*

ਇਹੋ ਜਿਹਾ ਕੰਮ ਨਾ ਕਰ ਕਿ ਬਾਅਦ 'ਚ ਪਛਤਾਉਣਾ ਪੈ ਜਾਏ -

*ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥*

*ਅੰਗ- ੪੬੯*

ਕੰਮ ਉਹ ਕਰੋ ਜਿਹਦੇ ਨਾਲ ਸ਼ਰਮਿੰਦੇ ਨਾ ਹੋਈਏ ਅਸੀਂ ਦਰਗਾਹ ਦੇ ਵਿਚ ਜਾ ਕੇ। ਉਮਰ ਚਾਹੇ ਛੋਟੀ ਹੈ, ਚਾਹੇ ਬਹੁਤੀ ਹੈ। ਇਹ ਵਧ ਘਟ ਨਹੀਂ ਹੋ ਸਕਿਆ ਕਰਦੀ। ਪਹਿਲਾਂ ਹੀ ਲਿਖ ਕੇ ਦਿਤੀ ਜਾਂਦੀ ਹੈ ਉਮਰ, ਬਾਕੀ ਤਾਂ ਆਦਮੀ ਦੇ ਯਤਨ ਨੇ, ਨੱਠਿਆ ਫਿਰਦੈ, ਭੱਜਿਆ ਫਿਰਦੈ।

ਧਨੰਤਰਿ ਵੈਦਿਕ ਗਿਆਨ ਦੇ ਵਿਚ ਮਾਹਿਰ ਸੀਗਾ। ਉਹ ਕਹਿੰਦਾ ਸੀ ਮੈਂ ਨਹੀਂ ਮਰ ਸਕਦਾ, ਮੇਰੇ ਕੋਲ ਐਸੀਆਂ ਦਵਾਈਆਂ ਨੇ ਕਿ ਮੈਂ ਫੇਰ ਜਿਉਂਦਾ ਹੋ ਜਾਵਾਂਗਾ।

ਰਾਜੇ ਪ੍ਰੀਸ਼ਦ ਨੂੰ ਰਿਸ਼ੀ ਦਾ ਸਰਾਪ ਹੋ ਗਿਆ ਕਿ ਅੱਠ ਦਿਨ ਦੇ ਅੰਦਰ ਤੂੰ ਸੱਪ ਲੜ ਕੇ ਮਰ ਜਾਣੈ। ਉਸ ਵੇਲੇ ਰਾਜਾ ਪ੍ਰੀਸ਼ਦ ਨੇ ਧਨੰਤਰਿ ਨੂੰ ਯਾਦ ਕਰਿਆ ਕਿ ਸੱਪ ਦਾ ਇਲਾਜ ਉਹਦੇ ਕੋਲ ਹੈਗਾ, ਉਹਨੇ ਮੈਨੂੰ ਜਿਉਂਦਾ ਕਰ ਲੈਣੈ। ਇਧਰਲੇ ਪਾਸੇ ਤਅੱਛਕ ਨੂੰ ਹੁਕਮ ਹੋ ਗਿਆ ਕਿ ਤੂੰ ਲੜਨੈਂ ਜਾ ਕੇ। ਸੱਪਾਂ ਦੀ ਕਿਸਮ ਹੈ ਜੋ ਇੱਛਿਆਧਾਰੀ ਹੈ। ਛੋਟਾ ਵੱਡਾ ਹੋ ਜਾਂਦੈ, ਕੁਛ ਵੀ ਬਣ ਜਾਂਦੈ। ਉਹਨੇ ਜਦੋਂ ਦੇਖਿਆ ਧਨੰਤਰਿ ਨੂੰ, ਐਸੀ ਕਥਾ ਆਉਂਦੀ ਹੈ ਕਿ ਉਹਨੂੰ ਇਹ ਗੱਲ ਪੁੱਛੀ ਕਿ ਤੂੰ ਕਿੱਥੇ ਜਾ ਰਿਹੈਂ। ਕਹਿੰਦਾ, ਮੈਂ ਸੱਪ ਲੜਨੈਂ ਰਾਜੇ ਪ੍ਰੀਸ਼ਦ ਦੇ ਤੇ ਮੈਂ ਉਹਨੂੰ ਜਿਉਂਦਾ ਕਰਨ ਵਾਸਤੇ ਜਾ ਰਿਹਾਂ। ਕਹਿੰਦਾ, ਤੇਰੇ ਕੋਲ ਤਾਕਤ ਹੈ?

ਕਹਿੰਦਾ, ਪਹਿਲਾਂ ਤੂੰ ਦੱਸ ਮੈਨੂੰ ਕਿਉਂ ਪੁੱਛਦੈਂ? ਤੂੰ ਕੌਣ ਹੈਂ?

ਕਹਿੰਦਾ ਮੈਂ ਵੀ ਤੱਅਛਕ ਹਾਂ, ਮੈਂ ਵੀ ਲੜਨ ਵਾਸਤੇ ਜਾ ਰਿਹਾਂ।

ਕਹਿੰਦਾ, ਪਹਿਲਾਂ ਆਪਾਂ ਤਾਕਤ ਦੇਖ ਲਈਏ, ਤੇਰੇ 'ਚ ਕਿੰਨੀ ਹੈ ਤੇ ਮੇਰੇ 'ਚ ਕਿੰਨੀ ਹੈ? ਫਲਾਂ ਦਾ ਭਰਿਆ ਹੋਇਆ ਦਰਖਤ ਸੀ, ਤੱਅਛਕ ਨੇ ਡੰਗ ਮਾਰਿਆ, ਸਾਰਾ ਕਾਲਾ ਕਰ ਦਿਤਾ, ਸਭ ਫਲ ਗਲ ਗਏ। ਕਹਿੰਦਾ, ਐਨੀ ਤਾਕਤ ਹੈ। ਕਹਿਣ ਲੱਗਿਆ, ਤੇਰੇ 'ਚ ਕਿੰਨੀ ਹੈ?

ਉਹ ਕਹਿੰਦਾ ਮੈਂ ਹੁਣੇ ਦਸ ਦਿੰਨਾਂ?

ਖੜ੍ਹ ਕੇ ਦੇਖਣ ਲੱਗ ਗਿਆ, ਸਾਰੇ ਦਰਖਤ 'ਤੇ ਨਿਗ੍ਹਾ ਫੇਰ ਦਿਤੀ ਤੇ ਸਾਰੇ ਫਲ ਉਵੇਂ ਜਿਵੇਂ ਹੋ ਗਏ, ਦਰਖਤ ਉਵੇਂ ਜਿਵੇਂ ਹੋ ਗਿਆ।

ਕਹਿੰਦਾ, ਇਹ ਤਾਂ ਬਈ ਵਾਕਏ ਹੀ ਤਕੜਾ ਹੈ।

ਕਾਲ ਉਹਦਾ ਖੜ੍ਹਾ ਦੇਖਦਾ ਹੈ ਧਨੰਤਰਿ ਦਾ। ਇਹ ਅੱਗੇ ਗਿਆ ਤੇ ਜਾ ਕੇ ਇਹ ਖੂੰਡੀ ਦੀ ਸ਼ਕਲ ਬਣਾ ਕੇ ਪੈ ਗਿਆ। ਧਨੰਤਰਿ ਨੇ ਚੁੱਕ ਲਈ, ਗਰਦਨ ਦੇ ਪਿੱਛੇ ਇਹਦੇ ਖਾਜ ਹੋਣ ਲਗ ਗਈ। ਉਹਨੇ ਇਕ ਗੱਲ ਕਹੀ ਸੀ ਕਿ ਤਅੱਛਕ ਜਿੱਥੇ ਤੱਕ ਮੇਰੀ ਨਿਗ੍ਹਾ ਚਲੀ ਜਾਵੇ, ਸੱਪ ਦੀ ਜ਼ਹਿਰ ਉਤਾਰ ਦਿੰਦਾ ਹਾਂ। ਉਹ ਖੂੰਡੀ ਬਣੀ ਤੇ ਜਦੋਂ ਗਰਦਨ 'ਚ ਲੱਗਿਆ ਖਾਜ ਕਰਨ ਉਹਦੇ ਨਾਲ। ਉਹਨੇ ਉਥੇ ਹੀ ਡੰਗ ਮਾਰ ਦਿਤਾ। ਨਿਗ੍ਹਾ ਹੁਣ ਜਾ ਨਹੀਂ ਸੀ ਸਕਦੀ ਉਥੇ। ਉਥੇ ਹੀ ਮਰ ਗਿਆ। ਕਹਿੰਦੇ ਨੇ -

*ਜੜ੍ਹੀ ਬੂਟੀ ਜੇ ਜੀਵੀਏ ਕਿਉਂ ਮਰੇ ਧਨੰਤਰਿ।*

ਐਡਾ ਵੈਦ ਕਿਉਂ ਮਰ ਗਿਆ ਫੇਰ। ਉਹ ਤਾਂ ਲਿਖਿਆ ਹੋਇਐ, ਸਮਾਂ ਨਾ ਘਟਦੈ ਨਾ ਵਧਦੈ।

ਇਕ ਵਾਰੀ ਵੇਦ ਵਿਆਸ ਜੀ ਦਾ ਇਕ ਨੌਕਰ ਸੀ। ਵੇਦ ਵਿਆਸ ਜੀ ਬੜੇ ਤ੍ਰਿਕਾਲਦਰਸ਼ੀ ਮਹਾਂਪੁਰਸ਼ ਹੋਏ ਨੇ। ਆਪ ਕਾਰਕ ਨੇ। ਮਰਜ਼ੀ ਨਾਲ ਆਉਣਾ, ਮਰਜ਼ੀ ਨਾਲ ਸੰਸਾਰ ਤੋਂ ਚਲੇ ਜਾਣਾ। ਐਸੀ ਇਕ ਅਵਸਥਾ ਹੋਇਆ ਕਰਦੀ ਹੈ ਗੁਰਮੁਖਾਂ ਦੀ। ਕਿਸੇ ਦੇ ਭੇਜੇ ਹੋਏ ਨਹੀਂ ਆਉਂਦੇ -

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥*
*ਅੰਗ- ੭੪੯*

ਜਦੋਂ ਰੂਹਾਨੀ ਵਿਦਿਆ ਦੇ ਵਿਚ ਗੜਬੜ ਹੋ ਜਾਏ ਉਸ ਵੇਲੇ ਇਹਨੂੰ ਆਉਣਾ ਹੀ ਪੈਂਦੈ ਸੰਸਾਰ ਦੇ ਉਤੇ।

ਇਹਦਾ ਨੌਕਰ ਸੀ ਬਗੈਰ ਕਹਿਣ 'ਤੇ ਕੰਮ ਕਰਦਾ ਸੀ। ਇਹਨੇ ਕਿਹਾ ਕਿ ਜੇ ਇਹਦੀ ਉਮਰ ਵੀ ਮੇਰੇ ਜਿੰਨੀ ਹੋ ਜਾਏ ਕਿਉਂਕਿ ਕਾਰਕ ਦੀ ਉਮਰ 4 ਅਰਬ, 32 ਕਰੋੜ ਸਾਲ ਦੀ ਹੁੰਦੀ ਹੈ। ਮਹਾਂਪੁਰਸ਼ ਜਿਹੜੇ ਨੇ ਉਹ ਇਸ ਗੱਲ ਨੂੰ ਚੰਗਾ ਨਹੀਂ ਸਮਝਦੇ। ਕਿਉਂਕਿ ਪਰਉਪਕਾਰ ਨੂੰ ਬਹੁਤ ਵੱਡੀ ਚੀਜ਼ ਅਸੀਂ ਦੁਨੀਆਂ 'ਚ ਗਿਣਦੇ ਹਾਂ। ਪਰ ਪਰਉਪਕਾਰ ਦੀ ਜੋ ਵਾਸ਼ਨਾ ਹੈ, ਉਹ ਵਾਸ਼ਨਾ ਜਿਵੇਂ ਦੂਜੀਆਂ ਚੀਜ਼ਾਂ ਬੰਨ੍ਹਦੀ ਹੈ। ਉਹ ਵੀ ਬੰਨ੍ਹ ਲੈਂਦੀ ਹੈ। ਉਹਨੂੰ ਕਾਰਕ ਦੀ ਜੂਨੀ 'ਚ ਜਾਣਾ ਪੈਂਦੈ। ਕਾਰਕ ਦਾ ਪਦ ਉਹਨੂੰ ਮਿਲ ਜਾਂਦੈ, ਜਿਹੜਾ ਪਰਉਪਕਾਰ ਚਿਤਵਦੈ।

ਪਰਉਪਕਾਰ ਦੀ ਵੀ ਮੈਂ ਬੇਨਤੀ ਕਰਦਾ ਹਾਂ, ਮਾੜੀ ਚੀਜ਼ ਨਹੀਂ ਹੈ ਇਹ। ਚਿਤਵਨਾ ਵੀ ਮਾੜਾ ਨਹੀਂ ਹੈ। ਪਰ ਉਹਦੀ ਵਾਸ਼ਨਾ ਨਹੀਂ ਕਰਨੀ ਚਾਹੀਦੀ। ਸਹਿਜ ਵਿਚ ਹੋਣਾ ਚਾਹੀਦਾ ਹੈ ਜੋ ਕੁਛ ਹੋ ਰਿਹੈ, ਹੋ ਹੀ ਜਾਣੈ। ਗੁਲਾਬ ਦੇ ਫੁੱਲ ਨੇ ਖੁਸ਼ਬੂ ਦੇਣੀ ਹੀ ਦੇਣੀ ਹੈ। ਉਹਨੂੰ ਚਿਤਵਨ ਦੀ ਕੀ ਲੋੜ ਹੈ? ਉਸ ਦਾ ਉਮਾਹ, ਉਹਦੇ ਅੰਦਰ ਚਸ਼ਮਾ ਚਲਦੈ -

*ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ ਅੰਗ- ੨੭੩*

ਜਦੋਂ ਚਸ਼ਮਾ ਚਲਦੈ, ਚਸ਼ਮਾ ਚਿਤਵਦਾ ਨਹੀਂ ਹੈ ਕਿ ਮੈਂ ਚੱਲਾਂ ਤੇ ਲੋਕ ਪਾਣੀ ਪੀਣ। ਉਹਦਾ ਤਾਂ ਸੁਤੇ ਸੁਭਾਅ ਹੀ ਹੈ। ਸਹਿਜ ਸੁਭਾਅ ਹੀ ਚਲਦਾ ਹੈ। ਸੋ ਪਰਉਪਕਾਰ ਜੋ ਸਹਿਜ ਸੁਭਾਅ ਦੇ ਅੰਦਰ ਹੈ, ਉਹ ਨਹੀਂ ਬੰਨ੍ਹਿਆ ਕਰਦਾ। ਜਿਹੜਾ ਮਿੱਥ ਕੇ ਕਰਦੈ, ਉਹ ਬੰਨ੍ਹ ਲੈਂਦੈ। ਮੈਂ ਹਸਪਤਾਲ ਬਣਾ ਰਿਹਾਂ, ਮੈਂ ਸਕੂਲ ਬਣਾ ਰਿਹਾਂ, ਮੈਂ ਗੁਰਦੁਆਰਾ ਬਣਾ ਰਿਹਾਂ। ਉਸ ਮੈਂ ਨੇ ਬੰਨ੍ਹਿਆ ਜਾਣੈ। 'ਮੈਂ' ਦਾ ਕਰਮ ਨਹੀਂ ਕਦੇ ਵੀ ਜਾਂਦਾ। ਕੀਤਾ ਹੋਇਆ ਕਰਮ ਅਵੱਸ ਭੋਗਣਾ ਪੈਂਦੈ। ਜਿਹੜਾ ਬ੍ਰਹਮਗਿਆਨੀ ਹੁੰਦੈ, ਉਹਦੇ 'ਚ ਮੈਂ ਮਰ ਚੁੱਕੀ ਹੁੰਦੀ ਹੈ।ਬਿਲਕੁਲ ਨਹੀਂ ਹੁੰਦੀ। ਦਿਸਦੈ ਉਹ ਤੁਰਦਾ ਫਿਰਦਾ ਕੰਮ ਕਰਦਾ, ਲੇਕਿਨ ਉਹ ਪ੍ਰਮੇਸ਼ਰ ਆਪ ਹੀ ਹੋਇਆ ਕਰਦੈ। ਸੋ ਉਹ ਕਾਰਕ ਹੈ। ਚਾਰ ਅਰਬ 32 ਕਰੋੜ ਸਾਲ ਉਹਨੂੰ ਆਉਣਾ ਹੀ ਪੈਂਦੈ ਤੇ ਉਹ ਨੌਕਰ ਨੂੰ ਬ੍ਰਹਮਾ ਜੀ ਕੋਲ ਲੈ ਗਿਆ ਕਿ ਇਹਦੀ ਉਮਰ ਵਧਾ ਦਿਓ, ਮੇਰੇ ਜਿੰਨੀ ਕਰ ਦਿਓ। ਜਦੋਂ ਮੈਂ ਮਰਜ਼ੀ ਨਾਲ ਆਵਾਂ ਇਹ ਵੀ ਆਵੇ। ਉਹ ਕਹਿੰਦੇ, ਮੇਰੇ ਤਾ ਇਹ ਅਖਤਿਆਰ ਨਹੀਂ। ਸ਼ਿਵ ਜੀ ਕੋਲ ਜਾਹ। ਉਹ ਕਹਿੰਦੇ ਮੇਰੇ ਨਹੀਂ ਅਖਤਿਆਰ। ਇਹ ਤਾਂ ਕਾਲ ਦੇ ਅਖਤਿਆਰ ਹੈ। ਕਾਲ ਭਗਵਾਨ ਨੂੰ ਮਿਲੇ। ਉਹ ਕਹਿੰਦੇ, ਮੈਨੂੰ ਤਾਂ ਹੁਕਮ ਮਿਲਦੈ ਧਰਮਰਾਜ ਤੋਂ ਕਿ ਉਹ ਬੰਦਾ ਲਿਆ, ਉਹ ਲਿਆ, ਲਿਸਟ ਤਿਆਰ ਹੁੰਦੀ ਹੈ, ਅਸੀਂ ਲੈ ਆਉਂਦੇ ਹਾਂ। ਧਰਮਰਾਜ ਕੋਲ ਗਏ ਚਾਰੋਂ ਇਕੱਠੇ ਹੋ ਕੇ। ਨਾਲ ਉਹ ਨੌਕਰ ਹੈ। ਕਹਿਣ ਲੱਗੇ, ਮੈਨੂੰ ਤਾਂ ਚਿਤਰਗੁਪਤ ਦਾ ਸਾਰਾ ਹਿਸਾਬ ਕਿਤਾਬ ਆਉਂਦੈ ਕਿ ਉਹਦੀ ਉਮਰ ਮੁੱਕ ਗਈ। ਉਸ ਤਰ੍ਹਾਂ ਮੈਂ ਪ੍ਰਮੇਸ਼ਰ ਦੇ ਹੁਕਮ ਨੂੰ ਮੰਨਦਾ ਹਾਂ। ਕਹਿੰਦੇ ਫੇਰ ਚਿਤਰਗੁਪਤ ਨੂੰ ਪੁੱਛ ਲੈਂਦੇ ਹਾਂ। ਚਿਤਰਗੁਪਤ ਨੂੰ ਜਦੋਂ ਬੁਲਾਇਆ, ਬੁਲਾ ਕੇ ਪੁੱਛਿਆ, ਕਹਿੰਦੇ, ਖੋਲ੍ਹ ਤਾਂ ਇਹਦੀ ਉਮਰ ਕਿੰਨੀ ਹੈ?

ਕਹਿਣ ਲੱਗਿਆ, ਇਹ ਜਿਹੜਾ ਜੀਵ ਹੈ ਇਹਦੀ ਮ੍ਰਿਤੂ ਦਾ ਕਾਰਨ, ਮ੍ਰਿਤੂ ਦਾ ਥਾਂ, ਮ੍ਰਿਤੂ ਦਾ ਸਮਾਂ ਇਸ ਤਰ੍ਹਾਂ ਲਿਖਿਆ ਹੋਇਐ ਕਿ ਜਦੋਂ ਬਿਆਸ ਜੀ, ਬ੍ਰਹਮਾ ਜੀ, ਸ਼ਿਵ ਜੀ ਤੇ ਧਰਮਰਾਜ ਤੇ ਕਾਲ ਇਕੱਠੇ ਹੋ ਕੇ ਚਿਤ੍ਰਗੁਪਤਾਂ ਤੋਂ ਇਹ ਪੁੱਛਣਗੇ ਕਿ ਇਹਦੀ ਉਮਰ ਕਿੰਨੀ ਹੈ? ਉਸ ਵੇਲੇ ਉਹ ਦਰਗਾਹ ਦੇ ਵਿਚ ਹੋਵੇਗਾ ਤੇ ਆਹੀ ਸਮਾਂ ਜਿਹੜੀ ਤੁਸੀਂ ਮੇਰੇ ਨਾਲ ਗੱਲ ਕਰਦੇ ਹੋਂ, ਉਹਦੀ ਮੌਤ ਦਾ ਹੋਏਗਾ। ਕਹਿੰਦੇ, ਉਹ ਤਾਂ ਮਰ ਗਿਆ। ਉਹ ਬਾਹਰ ਹੈ, ਬਾਹਰ ਦੇਖਿਆ ਜਾ ਕੇ, ਮਰਿਆ ਪਿਆ ਹੈ।

ਮਹਾਰਾਜ ਕਹਿੰਦੇ, ਕੋਈ ਵੀ ਸੰਸਾਰ ਦੇ ਅੰਦਰ ਨਹੀਂ ਰਹਿ ਸਕਦਾ। ਆਦਮੀ ਨੂੰ ਜਾਣਾ ਹੀ ਪੈਂਦੈ। ਸੋ ਜਦੋਂ ਇਹ ਅਵਸਥਾ ਹੈ ਸਾਧਸੰਗਤ ਜੀ। ਫੇਰ ਭਜਨ ਕਿਉਂ ਨਹੀਂ ਹੁੰਦਾ?

ਗੁਰੂ ਮਹਾਰਾਜ ਨੌਵੇਂ ਪਾਤਸ਼ਾਹ ਜੀ ਨੂੰ ਪੁਛਿਆ ਕਿ ਸੱਚੇ ਪਾਤਸ਼ਾਹ! ਇਹ ਜਿਹੜਾ ਜੀਵ ਹੈ ਇਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਬੰਦਗੀ ਕਰਨ ਦੇ ਨਾਲ ਦਰਗਾਹ ਦੇ ਵਿਚ ਸਹਾਇਤਾ ਹੋਏਗੀ। ਇਥੇ ਮੈਂ ਰਹਿ ਨਹੀਂ ਸਕਦਾ। ਫੇਰ ਕੀ ਵਜ੍ਹਾ ਹੈ ਕਿ ਇਹ ਭਗਤੀ ਨਹੀਂ ਕਰਦਾ?

ਮਹਾਰਾਜ ਕਹਿਣ ਲੱਗੇ, ਪਿਆਰਿਓ! ਸਭ ਤੋਂ ਵੱਡੀ

ਵਜ੍ਹਾ ਇਹ ਹੈ ਕਿ ਇਹ ਜੀਵ ਮੰਨਦਾ ਹੀ ਨਹੀਂ ਕਿ ਮੈਂ ਸੰਸਾਰ ਤੋਂ ਜਾਣੈ। ਨਾ ਮੰਨਣ ਕਰਕੇ ਇਹ ਝੂਠੇ ਲਾਲਚਾਂ 'ਚ ਲਗ ਕੇ ਆਪਣਾ ਜੀਵਨ ਬਰਬਾਦ ਕਰ ਦਿੰਦੈ।

*ਧਾਰਨਾ - ਨਹੀਓਂ ਮਰਨ ਪਛਾਣਦਾ,*
*ਝੂਠੇ ਲਾਲਚ ਲਗ ਕੇ ਬੰਦਾ।*

*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥*
*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥ ੧ ॥*
*ਰਹਾਉ ॥ ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*
*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ ੧ ॥*
*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥*

*ਅੰਗ- ੭੨੭*

ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ ਪਿਆਰਿਓ! ਵੱਡਾ ਕਾਰਨ ਇਹ ਹੈ ਕਿ ਆਦਮੀ ਭਜਨ ਬੰਦਗੀ ਵਲ ਤਾਂ ਨਹੀਂ ਲਗਦਾ। ਉਸ ਨੂੰ ਇਹ ਭਰੋਸਾ ਨਹੀਂ ਹੈ ਕਿ ਮੈਂ ਸੰਸਾਰ ਤੋਂ ਚਲਿਆ ਜਾਣਾ ਹੈ। ਜਿਸ ਤਰ੍ਹਾਂ ਵਾਹਿਗੁਰੂ ਸਾਰਿਆਂ ਦੇ ਨਾਲ ਰਹਿੰਦੈ, ਇਹਨੂੰ ਨਹੀਂ ਭਰੋਸਾ ਆਉਂਦਾ ਕਿ ਮੇਰੇ ਨਾਲ ਹੈ। ਡਰ ਜਾਂਦੈ। ਇਸੇ ਤਰ੍ਹਾਂ ਦੇ ਨਾਲ ਮੌਤ ਦਾ ਇਸ ਨੂੰ ਨਾ ਭਰੋਸਾ ਹੋਣ ਕਰਕੇ, ਇਹ ਸਭ ਕੁਛ, ਵੱਡਾ ਅਕਲ ਵਾਲਾ ਹੁੰਦਾ ਹੋਇਆ, ਮਹਾਰਾਜ ਕਹਿੰਦੇ, ਮੂਰਖਾਂ ਦੇ ਵਿਚ ਹੈ। ***'ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥'*** ਦਿਨ ਰਾਤ ਲਗ ਕੇ ਪ੍ਰਮੇਸ਼ਰ ਦਾ ਭਜਨ ਕਰ ਲੈ। ਜੇ ਕੁਛ ਹਾਸਲ ਕਰਨੈ। ***'ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥'*** ਇਕ ਅੱਖ ਝਮਕਣ ਨੂੰ ਜਿੰਨਾਂ ਸਮਾਂ ਲਗਦੈ, ਉਸ ਤੋਂ ਪੰਦਰਾਂ ਗੁਣਾਂ ਘਟ ਛਿਨ ਹੋਇਆ ਕਰਦੈ। ਐਨੇ ਛਿਨ ਦੇ ਨਾਲ ਤੇਰੇ ਅੰਦਰ ਪਰਿਵਰਤਨ ਆ ਰਿਹੈ। ਅੱਜ ਤਾਂ ਹੁਣ ਸਾਇੰਟੇਫਿਕ ਯੁੱਗ ਹੈ। ਪਤਾ ਲਗਦੈ ਕਿ ਇਹਦੀ ਉਮਰ ਘਟ ਰਹੀ ਹੈ, ਪਰਿਵਰਤਨ ਆ ਰਿਹੈ। ਹਰ ਚੀਜ਼ 'ਚ ਪਰਿਵਰਤਨ ਆਉਂਦੈ। 'ਛਿਨ' ਤਾਂ ਬਹੁਤੀ ਵੱਡੀ ਗਿਣਤੀ ਹੈ ਛਿਨ ਦਾ ਜੇ ਲੱਖਵਾਂ ਹਿੱਸਾ ਵੀ ਕਰ ਲਓ, ਓਨੇ 'ਚ ਵੀ ਇਹ ਪਰਿਵਰਤਨਸ਼ੀਲ ਹੈ, ਜਿਹੜੀ ਪ੍ਰਕ੍ਰਿਤੀ ਹੈ। ਹਰ ਵਕਤ ਬਦਲ ਰਹੀ ਹੈ, ਕਦੇ ਵਧ ਰਹੀ ਹੈ, ਕਦੇ ਘਟ ਰਹੀ ਹੈ। ਤਿੰਨੋ ਅਵਸਥਾ ਨੇ, ਬਚਪਨ ਦੇ ਅੰਦਰ ਵਧਣਾ ਸ਼ੁਰੂ ਕਰਦੈ। ਜਵਾਨੀ ਤਕ ਵਧੀ ਜਾਂਦੈ। ਫੇਰ ਟਿਕਦੈ ਥੋੜ੍ਹੀ ਦੇਰ, ਪਤਾ ਨਹੀਂ ਲਗਦਾ ਉਸ ਸਮੇਂ ਦਾ ਲੇਕਿਨ ਉਹ ਥੱਲੇ ਨੂੰ ਆ ਰਿਹਾ ਹੁੰਦੈ। ਉਸ ਤੋਂ ਬਾਅਦ ਫੇਰ ਬੁਢਾਪਾ ਆ ਹੀ ਜਾਂਦੈ। ਉਹ ਤਾਂ ਸਭ ਨੂੰ ਪਤਾ ਹੈ ਕਿ ਮੇਰੇ ਗੋਡੇ ਦੁਖਦੇ ਨੇ, ਮੇਰੇ ਤੋਂ ਖੜ੍ਹਾ ਨਹੀਂ ਹੋ ਹੁੰਦਾ, ਮੇਰੇ ਤੋਂ ਤੁਰ ਨਹੀਂ ਹੁੰਦਾ, ਮੈਨੂੰ ਰੋਟੀ ਨਹੀਂ ਹਜ਼ਮ ਹੁੰਦੀ, ਮੇਰਾ ਕੰਨ ਦੁਖਦੈ। ਮੇਰੀ ਨਿਗ੍ਹਾ ਨਹੀਂ ਕੰਮ ਕਰਦੀ।

ਮਹਾਰਾਜ ਕਹਿੰਦੇ, ਇਸ ਅਵਸਥਾ ਨੂੰ ਯਾਦ ਰੱਖ, ਬੁਢਾਪੇ ਨੂੰ।

*ਜਬ ਲਗੁ ਜਰਾ ਰੋਗੁ ਨਹੀ ਆਇਆ ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥*
*ਜਬ ਲਗੁ ਬਿਕਲ ਭਈ ਨਹੀ ਬਾਨੀ ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ ॥ ਅੰਗ- ੧੧੫੯*

ਕਿੰਨਾ ਕੁ ਮੰਨਦੇ ਹਾਂ ਅਸੀਂ ਗੁਰੂ ਮਹਾਰਾਜ ਦੇ ਹੁਕਮ ਨੂੰ। ਬਿਲਕੁਲ ਨਹੀਂ। ਕਾਰਨ ਕੀ ਹੈ ਇਹ ਉਪਦੇਸ਼ ਸਤਿ ਹੁੰਦੇ ਹੋਏ, ਅਸੀਂ ਗੁਰੂ ਨੂੰ ਗੁਰੂ ਮੰਨਦੇ ਹਾਂ। ਸੱਚੀਂ ਮੰਨਦੇ ਹਾਂ ਲੇਕਿਨ ਕਾਰਨ ਕੀ ਹੈ ਕਿ ਉਹਦਾ ਹੁਕਮ ਕਿਉਂ ਨਹੀਂ ਮੰਨ ਹੁੰਦਾ ਸਾਡੇ ਤੋਂ।

ਉਹ ਕਹਿੰਦੇ, ਦੂਜੇ ਪਾਸੇ ਜਿਹੜੀ ਸ਼ਕਤੀ ਹੈ ਨਾ ਮਾਇਆ ਦੀ, ਅਗਿਆਨਤਾ (ignorance) ਦੀ, ਭਰਮ (illusion) ਦੀ, ਅਵਿਦਿਆ ਦੀ ਉਹ ਐਨੀ ਸਖ਼ਤ ਹੈ, ਐਨੀ ਤਕੜੀ ਹੈ, ਵਾਹਿਗੁਰੂ ਤਾਂ ਨਜ਼ਰ ਨਹੀਂ ਆਉਂਦਾ, ਵਿਚਾਰਵਾਨ ਨੂੰ ਆਉਂਦੈ। ਉਹ ਨਾਲ ਰਹਿੰਦਾ ਹੋਇਆ, ਸਾਰੇ ਕੰਮ ਕਰਦਾ ਹੋਇਆ ਆਉਂਦਾ ਨਹੀਂ ਹੈ। ਜਿਹੜਾ ਕੁਛ ਵੀ ਨਹੀਂ ਕਰਦਾ, ਉਹ ਸਤਿ ਪ੍ਰਤੀਤ ਦਿੰਦੈ। ਇਹ ਇਕ ਬਿਰਤੀ ਹੋਇਆ ਕਰਦੀ ਹੈ, ਅਭਿਨਿਵੇਸ਼ ਇਹਨੂੰ ਕਹਿੰਦੇ ਨੇ। ਇਹ ਬਿਰਤੀ ਹੁੰਦੀ ਹੈ ਸਤਿ ਨੂੰ ਸਤਿ ਨਾ ਮੰਨਣਾ। ਸਤਿ ਗੱਲਾਂ ਨੂੰ ਸਤਿ ਕਰਕੇ ਨਾ ਮੰਨਣਾ। ਕਾਰਨ ਬੱਸ ਐਨਾ ਹੀ ਹੈ। ਮਹਾਰਾਜ ਕਹਿੰਦੇ, ਜੇ ਤੂੰ ਲੱਗਣਾ ਹੈ ਤੇਰੀ ਉਮਰ ਬੀਤਦੀ ਜਾਂਦੀ ਹੈ ਜਿਵੇਂ ਟੁੱਟੇ ਹੋਏ ਘੜੇ 'ਚੋਂ ਪਾਣੀ ਨਿਕਲ ਜਾਂਦੈ, ਤੇਰੇ ਸਵਾਸ ਨਿਕਲ ਜਾਣੇ ਨੇ। ਚੌਵੀ ਹਜ਼ਾਰ ਸਵਾਸ ਦਾ ਰੋਜ਼ ਘਾਟਾ ਪੈਂਦੈ। ਐਡਾ ਵਪਾਰੀ ਕਿਹੜਾ ਹੈ ਜਿਹਨੂੰ ਚੌਵੀ ਹਜ਼ਾਰ ਦਾ ਰੋਜ਼ ਘਾਟਾ ਪੈ ਜਾਵੇ ਤਾਂ ਫੇਰ ਸਵਾਸ ਕਿੰਨਾ ਹੈ? ਵਿਚਾਰ ਕੇ ਦੇਖੋ, ਇਕ ਸਵਾਸ ਦੀ ਕੀਮਤ ਕਿੰਨੀ ਹੈ? ਗੰਭੀਰ ਧਿਆਨ (thought) ਦਿਓ ਇਹਦੇ ਉਤੇ।

ਐਸੀ ਇਕ ਕਹਾਣੀ ਆਉਂਦੀ ਹੈ ਇਤਿਹਾਸ ਦੇ ਅੰਦਰ ਕਿ ਜਦੋਂ ਸਿਕੰਦਰ-ਏ-ਆਜ਼ਮ ਅਲੈਗਜ਼ੈਂਡਰ ਦੀ ਗਰੇਟ ਨੇ ਹਿੰਦੁਸਤਾਨ ਦੇ ਉਤੋਂ ਪੋਰਸ ਰਾਜੇ ਨੂੰ ਜਿੱਤਣ ਤੋਂ ਬਾਅਦ ਬਿਆਸਾ ਦਰਿਆ ਲੰਘਣ ਲੱਗਿਆ ਤਾਂ ਅੱਗੇ ਪੰਚਾਇਤੀ ਰਾਜ ਸੀਗਾ ਪ੍ਰੈਜ਼ੀਡੈਂਟ ਰਣ ਸਿੰਘ ਦਾ। ਫੌਜ ਨੇ ਪੁਛਿਆ ਕਿ ਹੁਣ ਕਿਹੜੇ ਰਾਜੇ ਨਾਲ ਲੜਨਾ ਹੈ? ਉਨ੍ਹਾਂ ਨੇ ਕਿਹਾ ਕਿ ਰਾਜਾ ਤਾਂ ਹੈ ਨਹੀਂ ਹੁਣ ਤਾਂ ਪੰਚਾਇਤਾਂ ਦਾ ਰਾਜ ਆ ਗਿਆ। ਪੰਚਾਇਤ ਦਾ ਜੋ ਮੁਖੀ ਹੈ ਉਹ ਰਣ ਸਿੰਘ ਹੈ। ਕਹਿੰਦਾ, ਫੇਰ ਨਹੀਂ ਅਸੀਂ ਲੜਦੇ। ਕਹਿੰਦੇ, ਕਿਉਂ?

ਕਹਿੰਦੇ, ਜੇ ਉਹਨੂੰ ਫੜ ਲਿਆ, ਪੰਚਾਇਤ ਨੇ ਨਵਾਂ ਚੁਣ ਲੈਣੈ, ਫੇਰ ਫੜ ਲਿਆ, ਪੰਚਾਇਤ ਨੇ ਫੇਰ ਨਵਾਂ

ਚੁਣ ਲੈਣੈ। ਜੇ ਸਾਰੀ ਪੰਚਾਇਤ ਫੜ ਲਈ, ਲੋਕਾਂ ਨੇ ਫੇਰ ਨਵੀਂ ਪੰਚਾਇਤ ਬਣਾ ਲੈਣੀ ਹੈ। ਇਹ ਤਾਂ ਬੇਅੰਤ ਚੀਜ਼ ਹੈ, ਅਸੀਂ ਨਹੀਂ ਲੜਦੇ। ਜਵਾਬ ਦੇ ਦਿਤਾ ਸਾਰੀ ਫੌਜ ਨੇ। ਬੜਾ ਸਮਝਾਇਆ ਸਿਕੰਦਰ ਨੇ। ਅਖੀਰ ਵਾਪਸ ਤੁਰਨਾ ਪਿਆ। ਸਿੰਧ ਦਰਿਆ ਦੇ ਵਿਚੀਂ ਫੌਜ ਨੂੰ ਲੈ ਕੇ ਗਿਆ। ਸਮੁੰਦਰ ਦੇ ਵਿਚੋਂ ਜਹਾਜ਼ 'ਤੇ ਜਦੋਂ ਬਾਵਨਕੁੰਟੀ ਦੇ ਮੁਕਾਮ 'ਤੇ ਪਹੁੰਚਦਾ ਹੈ ਉਥੇ ਜਾ ਕੇ ਨਹਾ ਲਿਆ, ਗਰਮ ਸਰਦ ਹੋ ਗਿਆ। ਤਕੜਾ ਸੀ, ਬਿਮਾਰੀ ਨੂੰ ਗਿਣਿਆ ਨਾ ਕਿ ਛੇਤੀ-ਛੇਤੀ ਮੈਂ ਵਾਪਸ ਯੂਨਾਨ ਵਿਚ ਪਹੁੰਚ ਜਾਵਾਂ। ਲੇਕਿਨ ਹਾਲਤ ਖਰਾਬ ਹੁੰਦੀ ਗਈ। ਖਰਾਬ ਹੋਈ ਤਾਂ ਉਸ ਵੇਲੇ ਜੋਤਸ਼ੀਆਂ ਨੂੰ ਬੁਲਾਇਆ, ਕਹਿਣ ਲੱਗਿਆ, ਦੇਖੋ ਤਾਂ ਕਿਤੇ ਮੇਰੀ ਮੌਤ ਤਾਂ ਨਹੀਂ ਨੇੜੇ ਆਈ ਹੋਈ। ਮੌਤ ਤੋਂ ਸਭ ਨੂੰ ਡਰ ਲਗਦੈ। ਸਿਰਫ ਇਕ ਬੰਦਾ ਹੈ ਸੰਸਾਰ ਦੇ ਅੰਦਰ ਜਿਹੜਾ ਨਹੀਂ ਡਰਦਾ। ਬਾਕੀ ਸੰਸਾਰ ਮੌਤ ਤੋਂ ਡਰ ਰਿਹੈ। ਨਹੀਂ ਡਰਦਾ ਤਾਂ ਉਹ ਹੈ ਜਿਹਨੇ ਮੌਤ ਤੋਂ ਪਾਰ ਜਾ ਕੇ ਜੀਵਨ ਸ਼ੁਰੂ ਕਰ ਲਿਆ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*

*ਅੰਗ- ੧੩੬੫*

ਬਾਕੀ ਸਾਰਾ ਸੰਸਾਰ ਡਰਦੈ। ਹਨ੍ਹੇਰ ਦਿਸਦੈ ਅੱਗੇ। ਕੁਝ ਨਹੀਂ ਪਤਾ ਲਗਦਾ ਕਿ ਕਿੱਥੇ ਜਾਵਾਂਗੇ, ਕੀ ਹਾਲ ਹੋਏਗਾ। ਕੁਛ ਨਹੀਂ ਪਤਾ ਇਸ ਲਈ ਮੌਤ ਤੋਂ ਸਾਰੀ ਦੁਨੀਆਂ ਡਰਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਜੋਤਸ਼ੀਆਂ ਨੇ ਹਿਸਾਬ ਕੱਢਿਆ। ਹੈਰਾਨ ਹੋ ਗਏ। ਕਹਿਣ ਲੱਗਿਆ, ਦੱਸੋ?

ਕਹਿਣ ਲੱਗੇ, ਸਾਡੀ ਸਮਝ 'ਚ ਨਹੀਂ ਕੁਛ ਆ ਰਿਹਾ।

ਜੋ ਹਿਸਾਬ ਕਿਤਾਬ ਆਇਆ ਹੈ, ਉਹ ਦੱਸੋ?

ਕਹਿੰਦੇ, ਸਾਡਾ ਹਿਸਾਬ ਇਹ ਆਇਐ ਕਿ ਜਦੋਂ ਧਰਤੀ ਲੋਹੇ ਦੀ ਬਣ ਗਈ ਤੇ ਅਸਮਾਨ ਸੋਨੇ ਰੰਗਾ ਹੋ ਗਿਆ, ਉਸ ਵੇਲੇ ਤੇਰੀ ਮੌਤ ਆਏਗੀ। ਨਾ ਸਿਕੰਦਰ ਨੂੰ ਕੁਛ ਸਮਝ ਆਈ ਇਸ ਗੱਲ ਦੀ, ਨਾ ਜੋਤਸ਼ੀਆਂ ਨੂੰ ਸਮਝ ਵਿਚ ਪਿਆ। ਅਖੀਰ ਐਸਾ ਹੋਇਆ ਘੋੜੇ 'ਤੇ ਚੜ੍ਹਿਆ ਜ਼ਰ੍ਹਾ ਬਖਤਰ (ਲੋਹੇ ਦੀ ਵਰਦੀ) ਪਾ ਕੇ ਜਾ ਰਿਹੈ, ਜਾਂਦੇ-ਜਾਂਦੇ ਦੌਰਾ ਪੈ ਗਿਆ ਤੇ ਦਰਖਤ ਕੋਈ ਨਹੀਂ ਹੈ। ਥੱਲੇ ਧਰਤੀ ਗਰਮ ਹੈ, ਉਹਦੇ ਉਤੇ ਗਿਰਿਆ ਤਾਂ ਉਹਨਾਂ ਨੇ ਉਹਦਾ ਹੀ ਸੰਜੋਅ ਲਾਹ ਕੇ ਥੱਲੇ ਵਿਛਾ ਦਿਤੀ। ਨਾਲੇ ਦਵਾਈਆਂ ਦੇਣ ਲਗ ਗਏ ਤੇ ਇਹਨੂੰ ਹੋਸ਼ ਵਿਚ ਲੈ ਆਂਦਾ। ਹੋਸ਼ ਲਿਆਂਦਾ ਤਾਂ ਹੱਥ ਲਾਇਆ ਇਸ ਨੇ ਧਰਤੀ ਨੂੰ ਹੈਰਾਨ ਹੋ ਗਿਆ, ਮੂੰਹ ਪੀਲਾ ਹੋ ਗਿਆ ਕਿ ਮੇਰੇ ਥੱਲੇ ਤਾਂ ਲੋਹਾ ਵਿਛਿਆ ਹੋਇਐ। ਮੇਰਾ ਤਾਂ ਅੰਤ ਆ ਗਿਆ, ਆਹੀ ਗੱਲ ਸੀ ਜਿਹੜੀ ਸਮਝ 'ਚ ਨਹੀਂ ਸੀ ਆਉਂਦੀ। ਉਤੇ ਨੂੰ ਝਾਕਿਆ ਤਾਂ ਉਹਦੀ ਜਿਹੜੀ ਢਾਲ ਸੀ ਉਹ ਸਾਰੀ ਸੋਨੇ ਨਾਲ ਮੜ੍ਹੀ ਹੋਈ ਸੀ। ਚਮਕਦਾਰ ਸੀ। ਜਦੋਂ ਲੜਦਾ ਸੀ ਐਨੀ ਚਮਕ ਹੁੰਦੀ ਦੂਸਰੇ ਦੀਆਂ ਅੱਖਾਂ ਚੁੰਧਿਆ ਦਿੰਦਾ ਸੀ। ਉਹ ਬਰਛੇ ਦੇ ਉਤੇ ਖੜ੍ਹੀ ਕਰਕੇ ਛਾਂ ਕੀਤੀ ਹੋਈ ਸੀ ਇਸ ਨੂੰ। ਉਹਦੇ ਕੰਢਿਆਂ ਨਾਲ ਟਕਰਾ ਕੇ ਧੁੱਪ ਦੀਆਂ ਜਿਹੜੀਆਂ ਕਿਰਨਾਂ ਆਉਂਦੀਆਂ ਸੀ ਸਾਰੀਆਂ ਸੋਨੇ ਰੰਗੀਆਂ ਨਜ਼ਰ ਆਉਣ ਲਗ ਗਈਆਂ। ਰੋ ਪਿਆ ਉਸ ਵੇਲੇ ਸਿਕੰਦਰ। ਹਕੀਮਾਂ ਨੂੰ ਕਹਿੰਦੈ ਕਿ ਮੈਨੂੰ ਕਿਸੇ ਤਰੀਕੇ ਨਾਲ, ਮੇਰੇ ਘਰ ਤਕ ਪਹੁੰਚਾ ਦੇਵੋ। ਐਸੀ ਦਵਾਈ ਦੇਵੋ। ਮੈਂ ਆਪਣੀ ਮਾਂ ਨੂੰ ਮਿਲ ਜਾਵਾਂ, ਵੀਹ ਸਾਲ ਦੀ ਉਮਰ 'ਚ ਨਿਕਲਿਆ ਹਾਂ। ਬੱਤੀ ਸਾਲ ਦਾ ਮੈਂ ਹੋ ਗਿਆ ਤੇ ਮੈਨੂੰ ਮਾਂ ਤਕ ਪਹੁੰਚਾ ਦਿਓ। ਮੇਰੇ ਮਨ ਦੇ ਅੰਦਰ ਬੜੇ ਜਜ਼ਬੇ ਨੇ, ਮੈਂ ਉਹਦੇ ਨਾਲ ਗੱਲਾਂ ਕਰਨੀਆਂ ਚਾਹੁੰਦਾ ਹਾਂ। ਬੋਲੇ ਨਹੀਂ, ਹਕੀਮ। ਕਹਿਣ ਲੱਗਿਆ, ਮੈਂ ਤੁਹਾਨੂੰ ਅੱਧਾ ਰਾਜ ਦੇ ਦੇਵਾਂਗਾ।

ਉਹ ਫੇਰ ਨਹੀਂ ਬੋਲੇ।

ਕਹਿਣ ਲੱਗਿਆ, ਸਾਰਾ ਹੀ ਰਾਜ ਲੈ ਲਿਓ ਮੇਰੇ ਤੋਂ। ਐਨਾ ਤਾਂ ਕਰ ਦਿਓ, ਮੇਰੀ ਮਾਂ ਤਕ ਮੈਨੂੰ ਪਹੁੰਚਾ ਦਿਓ।

ਵੱਡਾ ਹਕੀਮ ਕਹਿਣ ਲੱਗਿਆ ਕਿ ਬਾਦਸ਼ਾਹ! ਇਹ ਦੁਨੀਆਂ ਦਾ ਰਾਜ ਤਾਂ ਕੁਛ ਵੀ ਨਹੀਂ, ਜੇ ਤੂੰ ਤਿੰਨਾਂ ਲੋਕਾਂ ਦਾ ਰਾਜ ਦੇਵੇਂ ਤਾਂ ਹੁਣ ਤੈਨੂੰ ਅਸੀਂ ਇਕ ਸਵਾਸ ਵੀ ਵਾਧੂ ਨਹੀਂ ਦਿਵਾ ਸਕਦੇ। ਕਿਉਂਕਿ ਤੇਰੀ ਗੰਢ ਖੁਲ੍ਹ ਚੁੱਕੀ ਹੈ ਸਵਾਸਾਂ ਦੀ ਤੇ ਹੁਣ ਨਹੀਂ ਇਕ ਸਵਾਸ ਵੀ ਵਧ ਸਕਦਾ।

ਉਸ ਵੇਲੇ ਰੋਇਆ। ਕਹਿਣ ਲੱਗਿਆ, ਮੇਰਾ ਪੰਧ ਨਾਮਾ ਲਿਖੋ। ਮੇਰੇ ਜਾਣ ਤੋਂ ਬਾਅਦ ਦੁਨੀਆਂ ਨੂੰ ਸੁਣਾਇਓ ਮੇਰੀ ਕਥਾ। ਮੈਂ ਵੀ ਗਾਫਲ ਹੋ ਕੇ ਆਪਣਾ ਸਾਰਾ ਜੀਵਨ ਬਰਬਾਦ ਕਰ ਦਿਤਾ। ਓ ਪਿਆਰਿਓ! ਜੇ ਸਵਾਸ ਦੀ ਕੀਮਤ ਤਿੰਨ ਲੋਕ ਵੀ ਨਹੀਂ ਹੈਗੇ ਤਾਂ ਫੇਰ ਮੈਂ ਤਾਂ ਸਵਾਸ ਸਾਰੇ ਹੀ ਬਰਬਾਦ ਕਰ ਦਿਤੇ।

ਸਵਾਸਾਂ ਦੀ ਕੀਮਤ ਕਿੰਨੀ ਹੈ? ਪੁੱਛੋ, ਅਜਾਮਲ ਸਾਰੀ ਜ਼ਿੰਦਗੀ ਪਾਪ ਕਰਦਾ ਰਿਹਾ -

*ਪਤਿਤ ਅਜਾਮਲੁ ਪਾਪ ਕਰਿ*
*ਜਾਇ ਕਲਾਵਤਨੀ ਦੇ ਰਹਿਆ।*

*ਭਾਈ ਗੁਰਦਾਸ ਜੀ, ਵਾਰ ੧੦/20*

ਜਾ ਕੇ ਵੇਸਵਾ ਦੇ ਰਹਿਣਾ ਸ਼ੁਰੂ ਕਰ ਦਿਤਾ। ਪੰਡਤ ਸੀ, ਵਿਦਵਾਨ ਤੇ ਉਹਨੂੰ ਸਾਰਾ ਸੰਸਾਰ ਜਾਣਦਾ ਸੀ। ਦਿਗਵਿਜਈ ਸੀ। ਸ਼ਾਸਤਰ ਅਰਥਾਂ 'ਚ -

*ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥*

*ਅੰਗ- ੬੩੨*

ਮਹਾਰਾਜ ਕਹਿੰਦੇ, ਸਾਰਾ ਸੰਸਾਰ ਜਾਣਦਾ ਸੀ। ਅਖੀਰ ਐਸੀ ਬਾਤ ਹੁੰਦੀ ਹੈ ਕਿ ਦੁਖੀ ਹੋ ਗਿਆ, ਮਹਾਂਪੁਰਸ਼ਾਂ ਨੇ ਦਿਲਾਸਾ ਦਿਤਾ, ਪੁੱਤਰ ਦਾ ਨਾਮ, ਨਰਾਇਣ ਰਖ ਦਿਤਾ। ਅੰਤ ਦਾ ਸਮਾਂ ਆਇਆ -

*ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।*

*ਭਾਈ ਗੁਰਦਾਸ ਜੀ, ਵਾਰ ੧੦/੨੦*

ਛੋਟਾ ਪੁੱਤਰ ਕੋਲ ਸੀ। ਅਵਾਜ਼ ਮਾਰੀ। ਪੁੱਤ ਨਰਾਇਣ। ਵਿਦਵਾਨ ਸੀਗਾ, ਵਿਦਿਆ ਉਘੜ ਆਈ ਉਸ ਵੇਲੇ। ਮਹਾਂਪੁਰਸ਼ਾਂ ਦੀ ਕ੍ਰਿਪਾ ਹੋ ਗਈ। ਜਿਹੜੇ ਗੁਰੂ ਦੀ ਸ਼ਰਨ ਪਿਆ ਸੀ ਜਾ ਕੇ-

*ਗੁਰੂ ਦੁਆਰੈ ਜਾਇਕੈ*
*ਗੁਰਮੁਖਿ ਨਾਉ ਨਰਾਇਣੁ ਕਹਿਆ।*

*ਭਾਈ ਗੁਰਦਾਸ ਜੀ, ਵਾਰ ੧੦/੨੦*

ਉਸ ਗੁਰਮੁਖ ਦੀ ਦਇਆ ਹੋ ਗਈ। ਉਹਦੀ ਯਾਦਦਾਸ਼ਤ ਦੇ ਵਿਚ ਆ ਗਈ ਗੱਲ ਕਿ ਮੈਂ ਹੁਣ ਪ੍ਰਮੇਸ਼ਰ ਨੂੰ ਹਾਕ ਮਾਰਾਂ। ਹੁਣ ਤਾਂ ਕੋਈ ਹੈ ਹੀ ਨਹੀਂ। ਇਧਰ ਜਮਦੂਤਾਂ ਨੇ ਫੜ ਲਿਆ ਤੇ ਮੇਰੇ ਤਾਂ ਸਵਾਸ ਨਿਕਲਣ ਵਾਲੇ ਨੇ। ਕਹਿੰਦੇ, ਇਕ ਸਵਾਸ ਰਹਿ ਗਿਆ ਸੀ ਸਿਰਫ। ਅੰਤ ਕਾਲ ਆ ਗਿਆ। ਆਵਾਜ਼ ਦਿਤੀ 'ਨਾਰਾਇਣ'। ਪੁੱਤਰ ਨੂੰ ਬੁਲਾਉਂਦਾ-ਬੁਲਾਉਂਦਾ ਰੱਬ ਵਲ ਜਾ ਪਹੁੰਚਿਆ। ਸਮੇਂ ਦੀ ਸੀਮਾ ਦੇਖ ਲਓ ਕਿੰਨੀ ਕੁ ਸੀ, ਸਾਹ ਕਿੰਨਾ ਕੁ ਚਿਰ 'ਚ ਆ ਜਾਂਦੈ। ਇਕ ਮਿੰਟ 'ਚ ਬਾਰਾਂ ਸਵਾਸ ਆਉਂਦੇ ਨੇ। ਚਲਦੇ ਨੂੰ 18 ਆਉਂਦੇ ਨੇ। ਸੁੱਤੇ ਪਏ ਨੂੰ ਚੌਵੀ ਸਵਾਸ ਆਉਂਦੇ ਨੇ। ਭੋਗਾਂ ਦੇ ਵਿਚ ਪ੍ਰਵਿਰਤ ਬੰਦੇ ਨੂੰ ਚੌਂਹਟ ਸਵਾਸ ਆਇਆ ਕਰਦੇ ਨੇ। ਇਕ ਸਵਾਸ ਰਹਿੰਦੈ, ਉਹ ਵੀ ਆਖਰੀ ਹੈ, ਅੱਧਾ ਤਾਂ ਲੰਘ ਗਿਆ ਪੁੱਤਰ ਨੂੰ ਹਾਕ ਮਾਰਨ ਵੇਲੇ। ਅੱਧੇ ਨੇ ਹੁਣ ਵਾਪਸ ਆਉਣੈ। ਮਹਾਰਾਜ ਕਹਿੰਦੇ, ਉਸ ਅੱਧੇ ਸਵਾਸ ਦੇ ਵਿਚ ਨਾਰਾਇਣ ਵਲ ਸੁਰਤ ਚਲੀ ਗਈ, ਵਾਹਿਗੁਰੂ ਵਲ ਸੁਰਤ ਚਲੀ ਗਈ। ਹੁਣ ਵਾਹਿਗੁਰੂ ਨੇ ਕਿਤੋਂ ਆਉਣੈ ਜਾਣੈ? ਇਹ ਤਾਂ ਸਾਡਾ ਵਿਸ਼ਵਾਸ਼ ਨਹੀਂ ਹੈ, ਵਾਹਿਗੁਰੂ ਤਾਂ ਹਰ ਵਕਤ ਸਾਡੇ ਨਾਲ ਹੈ। ਅੰਦਰ ਵੀ ਓਹੀ ਬਾਹਰ ਵੀ ਓਹੀ।

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥ ਅੰਗ- ੨੯੩*
*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ ॥*
*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ॥*

*ਅੰਗ- ੯੮੧*

ਅੱਧੇ ਸਵਾਸ ਦੀ ਭਾਵਨੀ ਹੀ ਰੱਬ ਦੇ ਮਨ 'ਚ ਭਾਅ ਗਈ। ਰੱਬ ਵਰਗਾ ਸਿੱਧਾ ਦੁਨੀਆਂ 'ਚ ਕੋਈ ਚੀਜ਼ ਨਹੀਂ ਹੈ। ਭੋਲਾ ਹੈ ਰੱਬ। ਦੁਨੀਆਂ ਪਾਪ ਕਰੀ ਜਾਂਦੀ ਹੈ, ਫੇਰ ਮੰਗਦੀ ਹੈ। ਮਹਾਰਾਜ ਕਹਿੰਦੇ -

*ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥*

*ਅੰਗ- ੬੮੧*

*ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥*

*ਅੰਗ- ੨*

ਕਹਿੰਦੇ, ਸੰਸਾਰ ਤੜਕੇ ਤੋਂ ਲਗ ਜਾਂਦੈ, ਰਾਤ ਤਕ, ਮੈਨੂੰ ਆਹ ਦੇ ਦੇ, ਮੈਨੂੰ ਉਹ ਦੇ ਦੇ। ਉਹ ਦਿੰਦਾ ਹੀ ਦਿੰਦਾ ਹੈ। ਲੈਣ ਵਾਲੇ ਸਭ ਥੱਕ ਜਾਂਦੇ ਨੇ। ਉਹ ਦੇਣ ਤੋਂ ਨਹੀਂ ਹਟਦਾ। ਉਹ ਦਾਤਾ ਹੈ, ਦਿਆਲੂ ਹੈ। ਸਾਡੇ ਨਾਲ ਕੋਈ ਬੰਦਾ ਚਲਾਕੀ ਕਰੇ, ਅਸੀਂ ਨਹੀਂ ਦਿੰਦੇ। ਅਸੀਂ ਕਹਿੰਦੇ ਹਾਂ ਕਿ ਬੜਾ ਚਲਾਕ ਹੈ, ਇਹਨੂੰ ਕਿਉਂ ਦੇਣੈ।

ਐਸੀ ਕਹਾਣੀ ਆਉਂਦੀ ਹੈ ਕਿ ਮੂਸਾ ਜੀ ਨੇ ਭਗਵਾਨ ਨੂੰ ਕਿਹਾ ਕਿ ਅੱਜ ਮੈਂ ਰਿਜ਼ਕ ਦੇਵਾਂਗਾ। ਕਹਿੰਦੇ, ਤੂੰ ਵੰਡ ਨਹੀਂ ਸਕਦਾ। ਕਿਉਂਕਿ ਮਨੁੱਖ ਦੇ ਅੰਦਰ ਰਾਗ ਤੇ ਦਵੈਸ਼ ਦੋ ਬੜੀਆਂ ਕਮਜ਼ੋਰੀਆਂ ਨੇ। ਜਿਹੜਾ ਆਪਣੇ ਹਿਤ ਦਾ ਹੋਵੇ ਉਹਨੂੰ ਪਿਆਰ ਕਰਦੈ, ਜਿਹੜਾ ਹਿਤ ਦਾ ਨਾ ਹੋਵੇ ਉਹਨੂੰ ਨਫਰਤ ਕਰਦੈ। ਚੰਗੇ ਤੇ ਮਾੜੇ ਦੀ ਤੁਹਾਡੇ ਅੰਦਰ ਸਮਝ ਹੈ। ਮਹਾਰਾਜ ਕਹਿੰਦੇ ਇਹ ਸਮਝ ਵੀ ਕੁਝ ਦੇਰ ਦੀ ਹੈ। ਜੇ ਗਿਆਨ ਹੋ ਜਾਵੇ, ਚੰਗੇ ਤੇ ਮਾੜੇ ਦੀ ਸਮਝ ਵੀ ਗਾਇਬ ਹੋ ਜਾਂਦੀ ਹੈ। ਪ੍ਰਮੇਸ਼ਰ ਹੀ ਦਿਸਦਾ ਹੈ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥*

*ਅੰਗ- ੬੧੦*

ਕਹਿਣ ਲੱਗੇ, ਤੇਰੇ ਅੰਦਰ ਚੰਗੇ ਤੇ ਮਾੜੇ ਦੀ ਸੂਝ ਹੈ। ਤੂੰ ਦੇ ਨਹੀਂ ਸਕਦਾ। ਤਜਰਬਾ ਕਰਨ ਲੱਗਿਆ। ਰਿਜ਼ਕ ਦੇ ਦਿਤਾ। ਕਹਿੰਦੇ, ਸਾਰਿਆਂ ਨੂੰ ਦੇ ਦਿਤਾ? ਕਹਿੰਦੇ, ਇਕ ਨੂੰ ਨਹੀਂ ਦਿਤਾ। ਕਹਿੰਦੇ, ਕਿਉਂ?

ਕਹਿੰਦੇ ਉਹ ਇਹੋ ਜਿਹਵਾ ਕੁਕਰਮ ਕਰ ਰਿਹਾ ਸੀ ਜਿਹੜਾ ਮੈਂ ਦਸ ਨਹੀਂ ਸਕਦਾ। ਬਹੁਤ ਬੁਰਾ ਕੁਕਰਮ ਸੀ। ਨਿੰਦਨੀ।

ਕਹਿਣ ਲੱਗੇ, ਫੇਰ ਰਾਜ਼ਕ ਨਹੀਂ ਬਣ ਸਕਦਾ ਮੂਸੇ। ਜਿਹੜਾ ਰਿਜ਼ਕ ਦਿੰਦੈ ਉਹ ਸਭ ਨੂੰ ਬਿਨਾਂ ਵਿਤਕਰੇ ਦਿੰਦੈ। ਸੋ ਵਾਹਿਗੁਰੂ ਭੋਲਾ ਹੈ ਸਾਧਸੰਗਤ ਜੀ। ਭੋਲਿਆਂ

ਨੂੰ ਹੀ ਲੱਭਦੈ, ਚਲਾਕਾਂ ਨਾਲ ਤਾਂ ਉਹਦਾ ਕੋਈ ਵਾਹ ਹੀ ਨਹੀਂ ਪੈਂਦਾ -

*ਚਤੁਰਾਈ ਨ ਚਤੁਰਭੁਜੁ ਪਾਈਐ ॥* *ਅੰਗ- ੩੨੪*

ਅੱਧਾ ਸਵਾਸ ਰਹਿੰਦੈ, ਕਹਿੰਦੇ ਉਹਦੇ ਵਿਚ ਪ੍ਰਮੇਸ਼ਰ ਵਲ ਧਿਆਨ ਚਲਿਆ ਗਿਆ।

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥*
*ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥*
*ਅੰਗ - ੯੦੨*

ਵੱਡੇ-ਵੱਡੇ ਜੋਗੀ ਗੁਫਾਵਾਂ 'ਚ ਬੈਠ-ਬੈਠ ਕੇ ਭਜਨ ਕਰਦੇ ਨੇ। ਸਰੀਰ ਉਤੇ ਗਰਮੀ-ਸਰਦੀ, ਭੁੱਖ-ਪਿਆਸ ਸਭ ਕੁਝ ਸਹਿੰਦੇ ਨੇ। ਕਹਿੰਦੇ, ਇਕ ਪਰਮ ਪਦ ਦੀ ਪ੍ਰਾਪਤੀ ਵਾਸਤੇ ਕਰਦੇ ਨੇ। ਉਹ ਪਦਵੀ ਉਸ ਨੂੰ ਅੱਧੇ ਸਵਾਸ 'ਚ ਮਿਲ ਗਈ। ਫੇਰ ਸਵਾਸ ਦੀ ਕਿੰਨੀ ਕੀਮਤ ਹੋਈ? ਕਹਿੰਦੇ, ਇਹਨੂੰ ਬਰਬਾਦ ਨਾ ਕਰੋ -

*ਸਾਸ ਸਾਸ ਹਰਿ ਨਾਮ ਜਪ ਬਿਰਥਾ ਸਾਸ ਮਤ ਕੋਇ।*
*ਕਿਆ ਜਾਨਹੁ ਕਿ ਅੰਤ ਕੋ ਇਹੀ ਸਾਸ ਮਤ ਹੋਇ।*

ਕੀ ਪਤਾ ਇਹੀ ਸਾਸ ਅਖੀਰਲਾ ਹੋਵੇ। ਸੋ ਮਹਾਰਾਜ ਕਹਿੰਦੇ, ਛਿਨ-ਛਿਨ ਕਰਕੇ ਤੇਰੀ ਉਮਰ ਲੰਘਦੀ ਜਾਂਦੀ ਹੈ ਪਿਆਰਿਆ! ਇਹ ਲੰਘ ਜਾਣੀ ਹੈ, ਮੁੱਕ ਜਾਣੀ ਹੈ। ਜਿਵੇਂ ਫੁੱਟੇ ਹੋਏ ਘੜੇ ਦਾ ਪਾਣੀ ਹੁੰਦੈ। ਫੇਰ ਸਾਨੂੰ ਤਾੜਨਾ ਕਰਦੇ ਨੇ ਕਿ -

*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*
*ਅੰਗ- ੨੨੬*

ਐਨਾ ਮੂਰਖ ਹੈਂ ਤੇ ਐਨਾ ਅਨਜਾਣ ਹੈਂ। ਉਹ ਹਰੀ ਦੇ ਗੁਣ ਜਿਹਨੇ ਤੇਰੀ ਸਹਾਇਤਾ ਕਰਨੀ ਹੈ, ਉਹਦੇ ਵਾਸਤੇ ਤੂੰ -

*ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ ਤੋਟੇ ਕਉ ਬੇਗਿ ਧਾਇਆ॥*
*ਅੰਗ- ੪੦੨*

ਜਿੱਥੇ ਘਾਟਾ ਪੈਣੈ ਉਥੇ ਨੱਠਿਆ ਫਿਰਦੈਂ। ਜਿਥੋਂ ਲਾਹਾ ਲੈਣੈ ਉਥੇ ਢਿੱਲ ਕਰੀ ਜਾਨੈ। ਕਹਿੰਦੇ, ਨਾਮ ਜਪਣ ਵੇਲੇ -

*ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ ॥*
*ਅੰਗ- ੫੧੮*

ਬੁਰਿਆਈ ਕਰਨ ਵੇਲੇ ਸ਼ੇਰ ਹੋ ਜਾਂਦੇ ਨੇ। ਕਹਿੰਦੇ, ਐਨਾ ਅਣਜਾਣ ਹੈਂ। ਐਨਾ ਤੂੰ ਮੂਰਖ ਹੈਂ।

ਮਹਾਂਪੁਰਸ਼ ਦਸਿਆ ਕਰਦੇ ਸੀ, ਸਮਝਾਉਣ ਵਾਸਤੇ। ਉਹ ਕਹਿੰਦੇ, ਇਕ ਰਾਜਾ ਸੀ। ਉਸ ਦੀ ਰਾਣੀ ਬੜੀ ਗਿਆਨਵਾਨ ਸੀ, ਉਹਨੇ ਕਹਿਣਾ ਕਿ ਰਾਜਨ! ਤੁਸੀਂ ਪ੍ਰਮੇਸ਼ਰ ਦਾ ਭਜਨ ਕਰਿਆ ਕਰੋ। ਪ੍ਰਮੇਸ਼ਰ ਦੇ ਭਜਨ ਕਰਨ ਦਾ ਸ਼ੁਭ ਵੇਲਾ, ਅੰਮ੍ਰਿਤ ਵੇਲਾ ਹੁੰਦੈ। ਰਾਤ ਨੂੰ ਸਾਝਰੇ ਸੌਂ ਜਾਇਆ ਕਰੋ ਤੇ ਅੰਮ੍ਰਿਤ ਵੇਲੇ ਉਠ ਕੇ ਭਜਨ ਕਰਿਆ ਕਰੋ। ਇਹੀ ਨਾਲ ਜਾਣੈ। ਸਾਰਾ ਦਿਨ ਤੁਸੀਂ ਕਾਰ-ਵਿਹਾਰ 'ਚ ਰਹਿੰਦੇ ਹੋਂ। ਫਿਕਰ ਪਿਆ ਰਹਿੰਦਾ ਹੈ ਦਿਮਾਗ 'ਤੇ। ਭਜਨ ਦਾ ਵੀ ਕੋਈ ਸਮਾਂ ਰੱਖੋ ਨਾ। ਅੰਮ੍ਰਿਤ ਵੇਲੇ ਉਠ ਕੇ ਭਜਨ ਕਰਿਆ ਕਰੋ। ਉਸ ਨੇ ਗੱਲਾਂ ਸੁਣ ਲਈਆਂ, ਕਹਿਣ ਲੱਗਿਆ, ਮੈਨੂੰ ਸਵੇਰੇ ਜਗਾ ਦੇਈਂ। ਸਵੇਰੇ ਜਦੋਂ ਹਾਕ ਮਾਰਨੀ। ਉਹਨੇ ਕੱਪੜਾ ਉੱਤੇ ਲੈ ਕੇ ਫੇਰ ਅਗਾਂਹਾਂ ਪੈ ਜਾਣਾ। ਕਰਦੇ-ਕਰਦੇ ਛੇ ਸਾਲ ਲੰਘ ਗਏ। ਉਹ ਕਹਿਣ ਤੋਂ ਹਟੀ ਨਾ, ਉਹ ਉੱਠਿਆ ਨਾ। ਰਾਣੀ ਨੂੰ ਥੋੜ੍ਹਾ ਅਫਸੋਸ ਹੋਇਆ। ਕਹਿਣ ਲੱਗੀ, ਮਹਾਰਾਜ! ਤੁਸੀਂ ਮੇਰੇ ਪਤੀ ਦੇਵ ਹੋਂ, ਮੈਨੂੰ ਕਹਿਣਾ ਤਾਂ ਨਹੀਂ ਚਾਹੀਦਾ। ਪਰ ਤੁਸੀਂ ਮੂਰਖ ਹੋਂ। ਛੇ ਸਾਲ ਲੰਘ ਗਏ, ਲੰਘਿਆ ਹੋਇਆ ਸਮਾਂ ਕਦੇ ਮੁੜ ਕੇ ਆਉਂਦੈ? -

*ਇਹ ਠਹਿਰਨ ਜਾਚ ਨ ਜਾਣਦਾ*
*ਲੰਘ ਗਿਆ ਨਾ ਮੁੜ ਕੇ ਆਂਵਦਾ। ਡਾ. ਭਾਈ ਵੀਰ ਸਿੰਘ*

ਐਨਾ ਭਜਨ ਕਰ ਲੈਂਦੇ। ਸੌਣ ਨੇ ਕੀ ਬਣਾ ਦਿਤਾ ਤੁਹਾਡਾ। ਕਹਿੰਦਾ ਕੀ ਮੈਂ ਮੂਰਖ ਹਾਂ?

ਕਹਿੰਦੀ, ਹਾਂ।

ਉੱਠ ਕੇ ਬੈਠ ਗਿਆ, ਜਦੋਂ ਸਵੇਰ ਹੋਈ। ਸਭਾ ਲਾਈ। ਵਜ਼ੀਰ ਨੂੰ ਬੁਲਾਇਆ, ਕਹਿਣ ਲੱਗਿਆ, ਵਜ਼ੀਰ ਸਾਹਿਬ! ਮੇਰੇ ਰਾਜ 'ਚ ਮੂਰਖ ਕਿੰਨੇ ਕੁ ਨੇ? ਉਹ ਕਹਿਣ ਲੱਗੇ, ਮਹਾਰਾਜ! ਜੇ ਤਾਂ ਤੁਸੀਂ ਇਹ ਸਵਾਲ ਕਰ ਦਿੰਦੇ ਕਿ ਮੇਰੇ ਰਾਜ ਵਿਚ ਅਕਲਮੰਦ ਕਿੰਨੇ ਨੇ। ਤਾਂ, ਤਾਂ ਅਸੀਂ ਲਿਸਟਾਂ ਬਣਾ ਦਿੰਦੇ। ਹੁਣ ਕਾਹਦੀ ਬਣਾਈਏ, ਮੂਰਖਾਂ ਦਾ ਤਾਂ ਕੋਈ ਅੰਤ ਹੀ ਨਹੀਂ ਹੈ। ਕੋਈ ਗਿਣਤੀ ਮਿਣਤੀ ਨਹੀਂ ਹੈ ਮੂਰਖਾਂ ਦੀ।

ਕਹਿੰਦਾ, ਹੈਂ! ਸਾਰੇ ਮੂਰਖ ਨੇ?

ਕਹਿੰਦੇ, ਹਾਂ ਮਹਾਰਾਜ! ਸਿਆਣਾ ਤਾਂ ਕੋਈ-ਕੋਈ ਹੈ। ਵਿਰਲਾ-ਵਿਰਲਾ।

ਕਹਿੰਦਾ, ਜਿਹੜੇ ਵੱਡੇ-ਵੱਡੇ ਮੂਰਖ ਨੇ ਉਹਨਾਂ ਦੀ ਲਿਸਟ ਬਣਾ ਕੇ ਦਿਓ ਮੈਨੂੰ।

ਉਹ ਲਿਸਟ ਬਣਾਉਂਦੇ ਫਿਰਦੇ ਨੇ ਤੇ ਇਕ ਪਿੰਡ 'ਚ ਆ ਗਏ। ਜਦੋਂ ਲਿਸਟਾਂ ਬਣਾਉਣ ਲੱਗੇ। ਉਹ ਇਕ ਘਰ ਸੀ ਉਥੇ ਆ ਗਏ। ਕਹਿੰਦੇ ਕਿ ਰਾਜਾ ਪੁੱਛ ਰਿਹੈ ਕਿ ਮੂਰਖ ਕਿੰਨੇ ਨੇ? ਉਹਨਾਂ ਨੇ ਸੋਚਿਆ ਕਿ ਸਾਨੂੰ ਕੀ ਪਤਾ ਕੁਛ ਦੇਣਗੇ ਹੀ, ਮੂਰਖਾਂ ਨੂੰ। ਕੋਈ ਜ਼ਮੀਨਾਂ ਹੀ ਲਾ ਦੇਣ ਨਾਂ, ਕੋਈ ਪੈਨਸ਼ਨ ਹੀ ਲਾ ਦੇਣ ਕੀ

ਪਤਾ। ਸਾਨੂੰ ਤਾਂ ਕਿਸੇ ਨੇ ਪੁੱਛਿਆ ਹੀ ਨਹੀਂ ਅੱਜ ਤਕ। ਸਾਨੂੰ ਤਾਂ ਸਾਰੀਆਂ ਸਭਾ, ਸੁਸਾਇਟੀਆਂ ਦੁਰਕਾਰਦੀਆਂ ਨੇ ਤੇ ਸਾਡਾ ਵੀ ਪੁੱਛ ਪੁਛਾਕਾ ਹੋ ਗਿਆ। ਨੱਠ-ਨੱਠ ਲੜਾਉਂਦੇ ਨੇ ਆਪਣੇ। ਇਕ ਪਰਿਵਾਰ ਆਇਆ ਕਹਿੰਦਾ ਕਿ ਸਾਡਾ ਨਾਮ ਜ਼ਰੂਰ ਲਿਖ ਲਓ। ਕਹਿੰਦੇ, ਤੁਹਾਡੇ ਵਿਚ ਕੀ ਵਿਸ਼ੇਸ਼ਤਾ ਹੈ। ਅਸੀਂ ਤਾਂ ਪਹਿਲਾਂ ਫੈਸਲਾ ਕਰਦੇ ਹਾਂ ਕਿ ਨਾਮ ਲਿਖਣਾ ਚਾਹੀਦਾ ਹੈ ਕਿ ਨਹੀਂ। ਕਹਿੰਦਾ, ਸੁਣ ਲਓ ਮੇਰੀ ਕਥਾ ਫੇਰ ਤੁਹਾਡੀ ਮਰਜ਼ੀ। ਕਹਿੰਦੇ, ਕੀ?

ਕਹਿੰਦਾ, ਨਾਲ ਦੇ ਪਿੰਡ 'ਚ ਮੇਰੇ ਸਹੁਰੇ ਨੇ। ਮੇਰਾ ਸਾਲਾ ਚੜ੍ਹਾਈ ਕਰ ਗਿਆ। ਮੈਂ ਹਲ ਚਲਾਉਂਦਾ ਸੀ, ਮੈਂ ਵੱਡੇ ਮੁੰਡੇ ਨੂੰ ਕਿਹਾ ਕਿ ਨੱਠ ਜਾ, ਨੇੜੇ ਦਾ ਸਾਕ ਹੈ, ਅਫਸੋਸ ਕਰਕੇ ਆ। ਅਫਸੋਸ ਕਰਨ ਵਾਸਤੇ ਭੇਜ ਦਿਤਾ। ਦੁਨੀਆਂ ਇਕੱਠੀ ਹੋਈ-ਹੋਈ ਸੀ ਸਾਰੀ। ਮੁੜ ਕੇ ਆ ਗਿਆ। ਮੈਂ ਕਿਹਾ, ਕਾਕਾ ਮੁੜ ਆਇਆ। ਕੁਛ ਤੂੰ ਬਚਨ ਵੀ ਕਰਿਆ, ਕੁਛ ਦਿਲਾਸਾ ਦਿਤਾ? ਕਹਿੰਦਾ, ਨਾ ਬਾਪੂ ਮੈਂ ਤਾਂ ਕੁਛ ਨਹੀਂ ਕਰਿਆ। ਜਿਹੋ ਜਿਹਾ ਗਿਆ ਸੀ ਉਹੋ ਜਿਹਾ ਵਾਪਸ ਆ ਗਿਆ। ਕਹਿੰਦਾ, ਬੜਾ ਮਾੜਾ ਕੰਮ ਕਰਿਆ। ਸੋਚਦਾ ਰਿਹਾ, ਸੋਚ-ਸੋਚ ਕੇ ਦੂਜੇ-ਤੀਜੇ ਦਿਨ ਦੂਜੇ ਮੁੰਡੇ ਨੂੰ ਭੇਜਿਆ। ਕਹਿੰਦਾ, ਆਹ ਵੱਡਾ ਤਾਂ ਮੂਰਖ ਹੈ, ਤੂੰ ਜਾਹ। ਕਹਿੰਦਾ, ਬਾਪੂ ਮੈਂ ਤਾਂ ਕਦੇ ਮਕਾਣਾਂ ਵਗੈਰਾ 'ਚ ਗਿਆ ਨਹੀਂ। ਮੈਂ ਕਹਾਂਗਾ ਕੀ?

ਕਹਿੰਦਾ, ਉਥੇ ਕਿਤੇ ਕਿਤਾਬਾਂ 'ਚ ਲਿਖਿਆ ਹੁੰਦੈ ਕਿ ਆਹ ਬੋਲਣੈ? ਜਿਵੇਂ ਲੋਕ ਗੱਲ ਕਰਦੇ ਨੇ ਰਲਦੀ-ਮਿਲਦੀ ਤੂੰ ਕਰ ਦਈਂ। ਉਹ ਜਦੋਂ ਗਿਆ ਤਾਂ ਬਾਹਰ ਉਹਦੇ ਸ਼ਰੀਕੇ ਵਾਲੇ ਖੜ੍ਹੇ ਸੀ। ਕਈ ਪਿੰਡਾਂ ਤੋਂ, ਰਿਸ਼ਤੇਦਾਰਾਂ ਦੀਆਂ ਮਕਾਣਾਂ ਆਈਆਂ ਹੋਈਆਂ ਸੀ। ਉਹ ਗੱਲਾਂ ਕਰਦੇ ਸੀ ਕਿ ਆਹ ਜਿਹੜਾ ਬੰਦਾ ਮਰ ਗਿਆ ਨਾ, ਬੜਾ ਚੰਗਾ ਹੋ ਗਿਆ, ਇਹਦਾ ਫਾਹਾ ਵੱਢ ਹੋਇਆ ਪਿੰਡ 'ਚੋਂ, ਹੁਣ ਇਹਨਾਂ ਨੂੰ ਸਵਾਦ ਆਊ। ਹੁਣ ਫਿਰਨਗੇ ਇਹ ਹਰੇਕ ਦੇ ਅੱਗੇ ਹੱਥ ਜੋੜਦੇ।

ਉਹਨੇ ਯਾਦ ਕਰ ਲਿਆ। ਨੱਠ ਕੇ ਚਲਿਆ ਗਿਆ। ਜਾ ਕੇ, ਬਾਕੀਆਂ ਦੀ ਗੱਲ ਟੋਕ ਕੇ ਕਹਿਣ ਲੱਗਿਆ ਕਿ ਮੈਂ ਫੇਰ ਭੁੱਲ ਜਾਵਾਂਗਾ, ਮੇਰੀ ਗੱਲ ਸੁਣ ਲਓ। ਕਹਿੰਦਾ, ਮਾਮਾ ਮਰ ਗਿਆ। ਇਹਦਾ ਫਾਹਾ ਵੱਢਿਆ ਗਿਆ, ਬਹੁਤ ਵਧੀਆ ਹੋ ਗਿਆ। ਕਹਿੰਦਾ, ਹੁਣ ਪਤਾ ਲੱਗੂ ਮੇਰੇ ਨਾਨਕਿਆਂ ਨੂੰ, ਜਦ ਰੋੜੀ-ਰੋੜੀ ਮੰਗਦੇ ਫਿਰਨਗੇ। ਉਹ ਉੱਠੇ। ਮੁੰਡਿਆਂ ਨੂੰ ਆਇਆ ਗੁੱਸਾ, ਉਹਨਾਂ ਨੇ ਕੁੱਟਿਆ। ਕਹਿੰਦੇ, ਤੇਰਾ ਕੀ ਅਸੀਂ ਵਿਗਾੜਿਐ। ਇਕ ਤਾਂ ਸਾਡੇ ਮੌਤ ਹੋ ਗਈ। ਦੂਜਾ ਤੂੰ ਸਾਨੂੰ ਚਿੜ੍ਹਾਉਣ ਵਾਸਤੇ ਆ ਗਿਆ। ਕੁੱਟ ਖਾ ਕੇ ਆ ਗਿਆ, ਮੂੰਹ 'ਤੇ ਨੀਲ ਪਏ ਹੋਏ ਨੇ। ਅੱਖ ਬੰਨ੍ਹੀਂ ਜਾਂਦੈ। ਬਾਪੂ ਹਲ ਚਲਾਉਂਦਾ ਸੀ। ਪੁੱਛਿਆ ਕਿ ਕੀ ਗੱਲ? ਕਹਿੰਦਾ, ਤੇਰੇ ਰਿਸ਼ਤੇਦਾਰਾਂ ਨੇ ਆਹ ਕਰਿਐ।

ਕਹਿੰਦੇ, ਬਿਨਾਂ ਕਾਰਨ ਤਾਂ ਕੋਈ ਲੜਦਾ ਹੀ ਨਹੀਂ ਹੁੰਦਾ। ਤੂੰ ਕੋਈ ਮਾੜੀ ਗੱਲ ਕਹੀ ਹੋਣੀ ਹੈ।

ਕਹਿੰਦਾ, ਮੈਂ ਕੋਈ ਮਾੜੀ ਗੱਲ ਨਹੀਂ ਕਹੀ। ਤੂੰ ਹੀ ਮੈਨੂੰ ਕਿਹਾ ਸੀ ਕਿ ਜਿਹੋ ਜਿਹੀਆਂ ਲੋਕ ਗੱਲਾਂ ਕਰਦੇ ਹੋਣ ਉਹੋ ਜਿਹੀਆਂ ਤੂੰ ਕਰ ਦੇਈਂ। ਮੈਂ ਆਹ ਗੱਲ ਕਹਿ ਦਿਤੀ। ਉਹ ਕਹਿੰਦਾ, ਤੂੰ ਤਾਂ ਮਹਾਂ ਮੂਰਖ ਹੈਂ।

ਨੱਠਿਆ-ਨੱਠਿਆ ਗਿਆ ਕਿ ਮੈਂ ਹੁਣੇ ਮਾਫੀ ਮੰਗ ਕੇ ਆਵਾਂ। ਪਰਾਣੀ ਉਵੇਂ ਜਿਵੇਂ ਹੱਥ ਵਿਚ ਹੀ ਹੈ ਬਲਦਾ ਨੂੰ ਹੱਕਣ ਵਾਲੀ। ਨਾ ਹੱਥ ਧੋਤੇ ਨਾ ਪੈਰ ਧੋਤੇ, ਉਥੇ ਜਾ ਕੇ ਗਲ 'ਚ ਪੱਲਾ ਪਾ ਲਿਆ। ਕਹਿੰਦਾ, ਭਰਾਵੋ! ਮਾਫੀ ਮੰਗਣ ਆਇਆ ਸੀ। ਵੱਡਾ ਮੁੰਡਾ ਭੇਜਿਆ ਸੀ, ਇਕ ਅੱਖਰ ਵੀ ਨਹੀਂ ਬੋਲਿਆ। ਇਹਨੂੰ ਛੋਟੇ ਨੂੰ ਭੇਜਿਆ, ਤੁਹਾਨੂੰ ਸਾਰਿਆਂ ਨੂੰ ਪਤੈ ਤੁਸੀਂ ਬੈਠੇ ਹੋਂ। ਕੁੱਟਣਾ ਹੀ ਸੀ। ਕਹਿੰਦਾ, ਹੁਣ ਤਾਂ ਮੈਨੂੰ ਦਿਓ ਮਾਫੀ। ਹੁਣ ਜਦ ਤੁਹਾਡਾ ਦੂਜਾ ਮਰੂਗਾ ਮੈਂ ਆਉਂਗਾ ਮਕਾਣ ਦੇਣ। ਕਹਿੰਦਾ, ਜਦ ਤੋਂ ਸਾਡਾ ਨਾਉਂ ਹੀ ਮੂਰਖ ਪੈ ਗਿਆ।

ਸੋ ਰਾਜੇ ਦੇ ਕੋਲ ਆ ਗਏ ਸਾਰੇ। ਕਹਿੰਦੇ ਹੁਣ ਰਾਜੇ ਦੀ ਵੀ ਪਰਖ ਕਰ ਲਉ। ਰਾਜਾ ਹੋ ਗਿਆ ਬਿਮਾਰ। ਕੋਲ ਚਲੇ ਗਏ। ਇਜਾਜ਼ਤ ਲੈ ਲਈ। ਖੂੰਡੀ ਦਿਤੀ ਹੋਈ ਸੀ ਰਾਜੇ ਨੇ ਕਿ ਮੂਰਖਾਂ ਦੇ ਪ੍ਰਧਾਨ ਨੂੰ ਆਹ ਸੋਨੇ ਦੇ ਮੁੱਠੇ ਵਾਲੀ ਖੂੰਡੀ ਦੇਣੀ ਹੈ।

ਕਹਿਣ ਲੱਗੇ, ਕੀ ਗੱਲ ਮਹਾਰਾਜ?

ਕਹਿੰਦਾ, ਹੁਣ ਤਾਂ ਆਪਾਂ ਚੱਲੇ ਹਾਂ।

ਕਹਿੰਦੇ, ਕਿੱਥੇ ਚੱਲੇ ਹੋਂ?

ਕਹਿੰਦਾ, ਇਹ ਤਾਂ ਪਤਾ ਨਹੀਂ ਕਿੱਥੇ ਜਾਣੈ। ਕਹਿੰਦੇ, ਤੁਹਾਡੇ ਨਾਲ ਕੌਣ ਜਾਏਗਾ? ਅੰਗਰੱਖਿਅਕ ਜਾਣਗੇ?

ਕਹਿੰਦਾ, ਨਹੀਂ।

ਕਹਿੰਦੇ, ਪੈਸਾ ਟਕਾ ਨਾਲ ਲਿਜਾਓਂਗੇ?

ਕਹਿੰਦਾ, ਨਹੀਂ।

ਮਹਿਲ ਮਾੜੀਆਂ ਕੋਈ?

ਕਹਿੰਦਾ, ਇਹ ਵੀ ਨਹੀਂ।

ਕਹਿੰਦੇ, ਰਾਣੀਆਂ?

ਕਹਿੰਦਾ, ਇਹ ਵੀ ਨਹੀਂ।

ਆਹ ਜਿਹੜੇ ਕੀਮਤੀ ਵਸਤਰ ਨੇ?

ਕਹਿੰਦਾ, ਇਹ ਵੀ ਨਹੀਂ ਜਾਣੇ।

ਫੇਰ ਕਹਿੰਦੇ ਮਹਾਰਾਜ! ਆਹ ਖੂੰਡੀ ਤੁਸੀਂ ਹੀ ਲੈ ਲਓ। ਕਿਉਂਕਿ ਜਦ ਕੋਈ ਚੀਜ਼ ਵੀ ਤੁਹਾਡੇ ਨਾਲ ਨਹੀਂ ਸੀ ਜਾਣੀ। ਤੁਸੀਂ ਐਨੇ ਕਿਉਂ ਖਪੇ, ਕਿੰਨੀ ਦੁਨੀਆਂ ਮਾਰ ਦਿਤੀ, ਰਾਜ ਤੇ ਰਾਜ ਅਗਾਂਹਾਂ ਫਤਹਿ ਕਰਦੇ ਚਲੇ ਗਏ ਤੇ ਨਾਲ ਤਾਂ ਤੁਹਾਡੇ ਕੁਛ ਜਾਣਾ ਹੀ ਨਹੀਂ ਹੈ। ਫੇਰ ਮਹਾਰਾਜ ਤੁਸੀਂ ਸਾਡੇ ਮੂਰਖਾਂ ਦੇ ਮਹਾਂ ਲੀਡਰ ਜਿਹੜੇ ਹੋਂ, ਤੁਸੀਂ ਹੀ ਹੋ, ਆਹ ਆਪਣੀ ਖੂੰਡੀ ਫੜ ਲਓ।

ਮਹਾਰਾਜ ਕਹਿੰਦੇ, ਗਲਤ ਚੋਣ, ਗਲਤ ਬਿਲਕੁਲ। ਮਹਾਰਾਜ ਨੂੰ ਪੁੱਛੋ ਕਿ ਸੱਚੇ ਪਾਤਸ਼ਾਹ! ਤੁਸੀਂ ਵੀ ਮੂਰਖਾਂ ਦਾ ਫੈਸਲਾ ਕਰਦੇ ਹੋਂ?

ਮਹਾਰਾਜ ਕਹਿੰਦੇ, ਹਾਂ ਪਿਆਰਿਓ! ਮੂਰਖ ਉਹ ਹੈ। ਪ੍ਰਮੇਸ਼ਰ ਦੇ ਨਾਮ ਦੀ ਕੀਮਤ ਕੋਈ ਨਹੀਂ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*
*ਅੰਗ- ੮੧*

ਐਡਾ ਕੀਮਤੀ ਨਾਮ ਜੇ ਅੰਤ ਸਮੇਂ ਲੈ ਲਿਆ ਜਾਵੇ-

*ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥*
*ਅੰਗ- ੫੨੬*

ਕਹਿੰਦੇ, ਐਸਾ ਜੇ ਨਾਮ ਜਪ ਲਿਆ ਜਾਵੇ। ਅੰਤ ਦਾ ਸਮਾਂ ਹੋਵੇ। ਕਹਿੰਦੇ, ਸਿੱਧਾ ਪ੍ਰਮੇਸ਼ਰ ਦੇ ਦਰ 'ਤੇ ਜਾਂਦੈ। ਉਸ ਨਾਮ ਦੀ ਮਹਿਮਾ ਦੇ ਉਤੇ ਜੋ ਵਿਸ਼ਵਾਸ਼ ਨਹੀਂ ਕਰਦਾ, ਕਹਿੰਦੇ, ਪਿਆਰਿਓ! ਉਹਨੂੰ ਤੁਸੀਂ ਸ਼੍ਰੋਮਣੀ ਮੂਰਖ ਮੰਨੋ।

*ਧਾਰਨਾ - ਮੂਰਖਾਂ ਸਿਰ ਮੂਰਖ ਹੈ,*
*ਜੋ ਮੰਨੇ ਨਾਹੀ ਨਾਉਂ।*

ਮਹਾਰਾਜ ਕਹਿੰਦੇ, ਜੋ ਸ਼੍ਰੋਮਣੀ ਮੂਰਖ ਹੈ ਉਹ ਹੈ ਜੋ ਨਾਮ ਦੀ ਮਹਿਮਾ ਨੂੰ ਨਹੀਂ ਮੰਨਦਾ। ਨਾਮ ਦੀ ਪਰੀਪੂਰਨਤਾ ਨੂੰ ਨਹੀਂ ਮੰਨਦਾ ਕਿ ਮੇਰੇ ਅੰਦਰ ਨਾਮ ਸ਼ਕਤੀ ਹੈ। ਨਾਮ ਸ਼ਕਤੀ ਤੋਂ ਮੈਂ ਪੈਦਾ ਹੋਇਆ ਹਾਂ, ਨਾਮ ਸ਼ਕਤੀ 'ਚ ਰਹਿੰਦਾ ਹਾਂ। ਨਾਮ ਮੇਰੇ ਅੰਦਰ ਹੈ-

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ- ੨੯੩*

ਜੋ ਇਸ ਨਾਮ 'ਤੇ ਭਰੋਸਾ ਨਹੀਂ ਲਿਆਉਂਦੇ, ਕਹਿੰਦੇ ਭਾਈ ਪ੍ਰੇਮੀਓਂ! ਉਹ ਸ਼੍ਰੋਮਣੀ ਮੂਰਖ ਹੈ। ਕਹਿੰਦੇ, ਮਹਾਰਾਜ ਪੜ੍ਹੇ ਲਿਖੇ ਵਿਦਵਾਨ, ਪੰਡਤ ਲੋਕ, ਸ਼ਾਸਤਰਾਂ ਦੇ ਗਿਆਤੇ, ਵੇਦਾਂ ਦੇ ਗਿਆਤਾ, ਵੱਡੀਆਂ-ਵੱਡੀਆਂ ਪੁਸਤਕਾਂ ਦੇ ਗਿਆਤਾ, ਉਹ ਵੀ ਇਸ ਲਿਸਟ 'ਚ ਆ ਜਾਂਦੇ ਨੇ। ਮਹਾਰਾਜ ਕਹਿੰਦੇ, ਦੇਖੋ, ਇਹਦੇ 'ਚ ਇਕ ਛੋਟ ਹੈ, ਜੇ ਤਾਂ ਪੜ੍ਹ ਕੇ ਕੁੜ ਗਿਆ, ਜੇ ਤਾਂ ਪੜ੍ਹ ਕੇ ਉਹਨੇ ਬੁਝ ਲਿਆ ਤਾਂ, ਤਾਂ ਕਹਿੰਦੇ ਉਹਦੀ ਗੱਲ ਤਾਂ ਨਹੀਂ ਅਸੀਂ ਕਰਦੇ। ਪੜ੍ਹੇ ਹੋਏ ਬੰਦੇ, ਅਕਲ ਤੇਜ਼ ਕਰ ਲਈ, ਉਸ ਅਕਲ ਤੇਜ਼ ਦੇ ਵਿਚ ਜਿਹੜੇ ਅਕਲ ਦੇ ਨੀਵੇਂ ਤਲ ਦੇ ਹਨ ਚੋਰ, ਉਹ ਵੀ ਓਨੇ ਹੀ ਤੇਜ਼ ਹੋ ਜਾਂਦੇ ਨੇ। ਉਹਨਾਂ ਦੀ ਵਰਤੋਂ ਵੀ ਓਨੀਂਓ ਤੇਜ਼ ਹੋ ਜਾਂਦੀ ਹੈ। ਕਹਿੰਦੇ, ਪਿਆਰਿਓ! -

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥*
*ਅੰਗ- ੧੪੦*

ਪੰਜ ਚੋਰਾਂ ਤੋਂ ਜਿਸ ਨੇ ਛੁਟਕਾਰਾ ਨਹੀਂ ਪਾਇਆ, ਲਭ ਦੇ ਵਿਚ ਪਿਆ ਹੈ, ਲੋਭ ਦੇ ਵਿਚ ਹੈ, ਮੋਹ 'ਚ ਹੈ, ਅਹੰਕਾਰ 'ਚ ਹੈ, ਅਭਿਮਾਨ ਉਹਦੇ ਹਿਰਦੇ 'ਚ ਗੇੜੇ ਮਾਰਦਾ ਹੈ ਕਿ ਮੈਂ ਆਹ ਹਾਂ, ਐਨਾ ਪੜ੍ਹਿਆ ਹੋਇਆ ਹਾਂ। ਕਹਿੰਦੇ, ਉਹਨੂੰ ਪੜ੍ਹਿਆ ਹੋਇਆ ਨਾ ਕਹੋ, ਕਿਉਂਕਿ ਪੜ੍ਹਨ ਦੇ ਨਾਲ ਅਸੀਂ ਇਹਨਾਂ ਚੋਰਾਂ ਤੋਂ ਬਚਣੈ। ਅਸੀਂ ਸਹੀ ਚੀਜ਼ ਨੂੰ ਪਕੜਨੈ। ਸੋ ਇਸ ਤਰ੍ਹਾਂ ਨਾਲ ਮਹਾਰਾਜ ਕਹਿੰਦੇ ਪੜ੍ਹਿਆ ਹੋਇਆ ਸਿਰਫ ਓਹੀ ਹੈ -

*ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ*
*ਜਿਸੁ ਰਾਮ ਨਾਮੁ ਗਲਿ ਹਾਰੁ ॥ ਅੰਗ- ੯੩੮*

ਜਿਸਦੇ ਅੰਦਰ ਨੂੰ ਸਾਹ ਜਾਂਦੇ ਵੀ ਵਾਹਿਗੁਰੂ, ਬਾਹਰ ਨੂੰ ਸਾਹ ਜਾਂਦੇ ਵੀ ਵਾਹਿਗੁਰੂ ਹੈ, ਕਹਿੰਦੇ ਅਸੀਂ ਉਸ ਨੂੰ ਪੜ੍ਹਿਆ ਹੋਇਆ ਕਹਿੰਦੇ ਹਾਂ। ਦੂਜੇ ਨਹੀਂ ਪੜ੍ਹੇ ਹੋਏ ਹੁੰਦੇ। ਉਹ ਤਾਂ ਕਿਤਾਬਾਂ ਪੜ੍ਹੇ ਹੋਏ ਨੇ -

*ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥ ਅੰਗ- ੧੪੮*

ਬੁੱਝਣ ਵਾਲਾ ਜਿਹੜਾ ਹੈ ਉਹ ਸਹੀ ਪੜ੍ਹਿਆ ਹੋਇਆ ਹੈ। ਸੋ ਮਹਾਰਾਜ ਕਹਿੰਦੇ ਪਿਆਰਿਆ -

*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*
*ਅੰਗ- ੨੨੬*

ਐਨਾ ਅਗਿਆਨੀ ਹੈਂ ਤੂੰ ਤੇ ਹਰੀ ਦੇ ਗੁਣ ਨਹੀਂ ਗਾਉਂਦਾ। ਪ੍ਰਭੂ ਦਾ ਭਜਨ ਨਹੀਂ ਕਰਦਾ ਤੇ ਗੁਰਸਿੱਖ

ਬਣ ਕੇ ਗੁਰਸਿੱਖੀ ਦੇ ਅਮਲ ਵਿਚ ਨਹੀਂ ਆਇਆ-

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ- ੩੦੫*

ਇਸ਼ਨਾਨ ਕਰਦੈ ਤੇ ਮਨ ਨੂੰ ਤੂੰ ਅੰਮ੍ਰਿਤ ਦੇ ਸਰੋਵਰ, ਗੁਰਬਾਣੀ ਦੇ ਰਸ ਵਿਚ ਇਸ਼ਨਾਨ ਕਰਾ -

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ- ੩੦੬*

ਜਦੋਂ ਗੁਰੁ ਦੇ ਮਨ ਭਾ ਗਿਆ, ਗੁਰੂ ਨੇ ਫਿਰ ਬ੍ਰਹਮ ਤੇ ਜੀਵ ਦੀ ਏਕਤਾ ਦਾ ਉਪਦੇਸ਼ ਦੇਣੈ-

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਅੰਗ - ੩੦੬*

ਉਹਦੇ 'ਤੇ ਨਦਰ ਕਰਨੀ ਹੈ। ਉਹਦਾ ਜੀਵ ਭਾਵ ਤੋੜ ਕੇ ਬ੍ਰਹਮ ਭਾਵ ਦੇ ਵਿਚ ਦਾਖਲ ਕਰ ਦੇਣੈ। ਕਹਿੰਦੇ ਉਹ ਜਿਹੜਾ ਸਿੱਖ ਹੈ, ਜੇ ਫੇਰ ਆਪ ਨਾਮ ਜਪਦੈ ਤੇ ਦੂਜਿਆਂ ਨੂੰ ਜਪਾਉਂਦੈ। ਉਹਦੀ ਪਦਵੀ ਕਿੱਡੀ ਹੈ-

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ- ੩੦੬*

ਸੋ ਕਹਿੰਦੇ, ਪਿਆਰਿਓ! ਪੜ੍ਹਿਆ ਉਹ ਹੈ ਜਿਹਨੇ ਇਹ ਗੱਲ ਸਮਝ ਲਈ।

ਕਾਰਨ ਇਹ ਹੈ ਕਿ ਉਸ ਨੇ ਸੰਸਾਰ ਤੋਂ ਜਾਣਾ ਨਹੀਂ ਮੰਨਿਆ। ਮਹਾਰਾਜ ਕਹਿੰਦੇ, ਅਫਸੋਸ ਨਾ ਕਰੋ, ਜੋ ਲੰਘ ਗਿਆ ਸਮਾਂ, ਲੰਘ ਗਿਆ -

*ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥*
*ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥*
*ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥*
*ਅੰਗ- ੧੩੭੮*

ਉਮਰ ਦਾ ਕੋਈ ਹਿਸਾਬ ਨਹੀਂ ਹੈ। ਜਦੋਂ ਲੱਗ ਗਏ, ਲਗ ਗਏ। ਮਹਾਰਾਜ ਕਹਿੰਦੇ, ਹੁਣ ਲਗ ਜਾ -

*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥*
*ਅੰਗ- ੭੨੬*

ਸੋ ਸਾਰਾ ਕਾਰਨ ਉਸ ਗੱਲ ਨੂੰ ਨਾ ਸਮਝਣ ਦਾ ਹੈ। ਦੂਸਰੇ ਪੜ੍ਹੇ ਹੋਏ ਕਹਿੰਦੇ ਜੀ, ਹਰ ਵਕਤ ਮੌਤ ਯਾਦ ਰੱਖ ਕੇ ਫੇਰ ਤਾਂ ਅਸੀਂ ਤਰੱਕੀ ਨਹੀਂ ਕਰ ਸਕਣੀ। ਆਦਮੀ ਦੇ ਹੱਥ ਵਿਚ ਨਹੀਂ ਕੁਛ, ਐਵੇਂ ਹੀ ਬੰਦਾ ਫਸ ਰਿਹੈ ਆਪਣੇ ਆਪ ਹੀ ਕਿ ਮੈਂ ਕਰਦਾ ਹਾਂ, ਮੈਂ ਕਰਦਾ ਹਾਂ। ਮਹਾਰਾਜ ਕਹਿੰਦੇ -

*ਜਬ ਇਹ ਜਾਨੈ ਮੈ ਕਿਛੁ ਕਰਤਾ ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥ ਅੰਗ- ੨੭੮*

ਮੰਨਿਆ ਹੈ ਮਹਾਰਾਜ ਨੇ ਇਸ ਚੀਜ਼ ਨੂੰ। ਉਹ ਕਹਿੰਦੇ, ਇਹ ਤਾਂ ਹੋਇਆ ਪਿਐ। ਸਭ ਸੰਸਾਰ ਪ੍ਰਮੇਸ਼ਰ ਦੇ ਹੁਕਮ ਦੇ ਨਾਲ ਚਲ ਰਿਹੈ -

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ਅੰਗ- ੧*

ਉਹਦਾ ਹੁਕਮ ਵਰਤ ਰਿਹੈ ਚਾਰੇ ਪਾਸੇ। ਹੁਕਮ ਦੇ ਨਾਲ ਹੀ ਉਚੇ ਨੀਚੇ ਹੋ ਰਹੇ ਨੇ। ਹੁਕਮ ਦੇ ਨਾਲ ਹੀ ਦੁਖ ਤੇ ਸੁਖ ਪੈਦਾ ਹੋ ਰਹੇ ਨੇ। ਹੁਕਮ ਨੂੰ ਬੁੱਝ ਤੂੰ। ਫੇਰ ਤੈਨੂੰ ਕਰਮ ਨਹੀਂ ਫੜ ਸਕਦਾ। ਜਿੰਨਾਂ ਚਿਰ ਤੂੰ ਹੁਕਮ ਨੂੰ ਨਹੀਂ ਬੁੱਝਦਾ, ਤੂੰ ਕਹਿੰਦਾ ਹੈਂ ਕਿ ਮੈਂ ਕਰਦਾ ਹਾਂ-ਮੈਂ ਕਰਦਾ ਹਾਂ। ਮਾੜਿਆਂ ਨੂੰ ਕਹਿ ਦਊ ਕਿ ਰੱਬ ਕਰਾਉਂਦੈ। ਚੰਗਾ ਕਹਿ ਦਊਗਾ ਕਿ ਮੈਂ ਕਰਦਾ ਹਾਂ। ਕਹਿੰਦੇ, ਜਿੰਨਾ ਚਿਰ ਤੇਰੇ ਅੰਦਰ ਇਹ ਭਾਵਨਾ ਹੈ ਓਨੀਂ ਦੇਰ ਤੱਕ ਸਤਿ ਦੀ ਜੋ ਅਵਸਥਾ ਹੈ ਉਹ ਤੇਰੇ ਅੰਦਰ ਜਾਗ੍ਰਤ ਨਹੀਂ ਹੋਈ। ਤੇਰੇ ਕੋਲ ਹੈ ਕੀ-

*ਇਸ ਕਾ ਬਲੁ ਨਾਹੀ ਇਸੁ ਹਾਥ ॥*
*ਕਰਨ ਕਰਾਵਨ ਸਰਬ ਕੋ ਨਾਥ ॥ ਅੰਗ- ੨੭੭*

ਜਦੋਂ ਬਾਕੀ ਕੰਮ ਕਰਦੈ। ਨਾਮ ਜਪਣ ਵੇਲੇ ਕਹਿੰਦੈ ਕਿ ਵਾਹਿਗੁਰੂ ਜਪਾਏਗਾ ਤਾਂ ਜਪਾਂਗੇ। ਰੋਟੀ ਵੇਲੇ ਕਦੇ ਨਹੀਂ ਕਹਿੰਦਾ ਕਿ ਜਦੋਂ ਖਲਾਏਗਾ, ਤਾਂ ਖਾਵਾਂਗੇ। ਉਹ ਤਾਂ ਕਹਿੰਦਾ ਹੈ ਕਿ ਮੈਂ ਖਾਂਦਾਂ, ਮੈਂ ਕਰਦਾਂ। ਸੋ ਇਹ ਨੁਕਸ ਹੈ ਸਾਰਾ ਸਾਡੇ ਅੰਦਰ ਸਾਧਸੰਗਤ ਜੀ।

ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ ਪਿਆਰਿਓ! ਜੀਵਨ ਦਾ ਨਹੀਂ ਹੈ ਭਰੋਸਾ। ਨਾ ਭਰੋਸਾ ਹੋਣ ਕਰਕੇ ਛੇਤੀ ਤੋਂ ਛੇਤੀ ਕਰੋ। ਕਾਹਲੀ ਕਰੋ ਇਸ ਰਸਤੇ ਲੱਗੋ ਤੇ ਦੋ ਕੰਮ ਕਰੋ, ਇਕ ਸੇਵਾ ਕਰੋ, ਇਕ ਸਿਮਰਨ ਕਰੋ। ਨਾਮ ਜਪਣ ਦੇ ਨਾਲ ਦੁਖਾਂ ਦਾ ਖਾਤਮਾ ਹੁੰਦੈ। ਸੇਵਾ ਕਰਨ ਦੇ ਨਾਲ ਇਥੇ ਵੀ ਮਾਨ ਤੇ ਦੁਨੀਆਂ ਤੋਂ ਜਦੋਂ ਜਾਵਾਂਗੇ -

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ- ੨੬*

*'ਚਲਦਾ.........।'*

# ਨਾਨਕ ਲੇਖੈ ਇਕ ਗਲ......

*ਸੰਤ ਬਾਬਾ ਹਰਪਾਲ ਸਿੰਘ ਜੀ*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।' ਪਾਤਸ਼ਾਹ ਜੀ ਦੀ ਅਪਾਰ ਬਖਸ਼ਿਸ਼ ਹੈ, ਦੁਆਬੇ ਦਾ ਇਲਾਕਾ ਸਾਰਿਆਂ ਦੇ ਚੰਗੇ ਭਾਗਾਂ ਦੀ ਨਿਸ਼ਾਨੀ ਹੈ ਕਿ ਹਰ ਮਹੀਨੇ ਵਾਰ ਸਤਿਸੰਗ ਪ੍ਰਾਪਤ ਹੁੰਦਾ ਹੈ। ਬਾਬਾ ਗੁਰਪਾਲ ਸਿੰਘ ਜੀ ਜੋ ਮਹਾਂਪੁਰਸ਼ਾਂ ਦੀ ਲਾਈ ਹੋਈ ਡਿਊਟੀ ਨਿਭਾ ਰਹੇ ਹਨ, ਹਰ ਮਹੀਨੇ ਇਥੇ ਸੰਗਤਾਂ ਨੂੰ ਨਿਹਾਲ ਕਰਦੇ ਹਨ।

*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥*
*ਅੰਗ - ੪੬੭*

ਸਾਰਿਆਂ 'ਚ ਇੱਕੋ ਹੀ ਗੱਲ ਲੇਖੇ 'ਚ ਹੈ, ਉਹ ਹੈ–

*ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥ ੧ ॥*
*ਅੰਗ- ੨੬੧*

ਜਿੰਨੇ ਵੀ ਵੇਦ ਪੁਰਾਨ ਹਨ, ਇਨ੍ਹਾਂ ਦੇ ਵਿਚ ਸ਼ੁੱਧ ਅੱਖਰ ਹਨ, ਉਨ੍ਹਾਂ ਦੀ ਵਿਚਾਰ ਜੇ ਕਰੀਏ ਤਾਂ - 'ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥' ਸੁਖਮਨੀ ਸਾਹਿਬ ਜੀ ਫੁਰਮਾ ਰਹੇ ਹਨ -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥ ਅੰਗ - ੨੬੨*

ਸਿਮਰਨ ਹੁੰਦਾ ਹੈ ਕਿ ਉਹਦੀ ਯਾਦ ਦੇ ਵਿਚ ਬੈਠ ਕੇ ਸਿਮਰਨ ਕਰੀਏ। ਸਿਮਰਨ ਦੇ ਨਾਲ ਸੁੱਖ ਦੀ ਪ੍ਰਾਪਤੀ ਹੁੰਦੀ ਹੈ।

ਜੇ ਸੁੱਖ ਹੈ ਤਾਂ ਇਹ ਸਤਿਗੁਰ ਦੀ ਚਰਨ ਸ਼ਰਨ ਦੇ ਵਿਚ ਹੈ -

*ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥*
*ਅੰਗ - ੧੪੨੭*

ਕਿਉਂਕਿ ਸੰਸਾਰ ਦੀ ਹਾਲਤ ਐਸੀ ਹੈ ਕਿ ਨਾਮ ਜੋ ਇਸ ਦੇ ਅੰਦਰ ਹੈ, ਸਾਰੀ ਬਾਣੀ ਹੀ ਨਾਮ ਨਾਲ ਜੋੜਦੀ ਹੈ। ਨਾਮ ਇਹ ਬਾਹਰ ਤੋਂ ਨਹੀਂ ਲੱਭਦਾ। ਬਾਹਰ ਤਾਂ ਹੈ ਨਹੀਂ -

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥ ਅੰਗ- ੧੦੦੨*

ਸਤਿਗੁਰ ਦੀ ਨਿਸ਼ਾਨੀ ਵੀ ਦੱਸੀ ਹੈ, ਜਿਹੜਾ ਇਸ ਘਰ ਦੇ ਵਿਚ ਸਰੀਰ ਰੂਪੀ ਘਰ ਦੇ ਅੰਦਰ, ਘਰ ਦਿਖਾ ਦੇਵੇ, ਉਹ ਹੈ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਅੰਗ- ੧੨੯੧*

ਕਿਉਂਕਿ ਗੁਰੂ ਕਦੇ ਸਰੀਰ ਨਹੀਂ ਹੋਇਆ। ਸਰੀਰ ਤਾਂ ਇਕ ਮੀਡੀਆ ਬਣਦਾ ਹੈ ਜਿਹਦੇ ਰਾਹੀਂ ਸਤਿਗੁਰ ਦੇ ਬਚਨ ਆ ਰਹੇ ਨੇ, ਬਾਣੀ ਆ ਰਹੀ ਹੈ।

*ਸਤਿਗੁਰ ਬਚਨ ਬਚਨ ਹੈ ਸਤਿਗੁਰ*
*ਪਾਧਰੁ ਮੁਕਤਿ ਜਨਾਵੈਗੋ॥ ਅੰਗ - ੧੩੦੯*

ਇਹ ਗੁਰੂ ਦੇ ਬਚਨ ਜੋ ਹਨ ਇਹ ਕੋਈ ਵੀ ਕਮਾ ਲਓ, ਇਕ ਬਚਨ ਕਮਾ ਲਓ ਉਹੀ ਪਾਰ ਲਾ ਦਿੰਦਾ ਹੈ ਤੇ -

*ਸੰਤਹੁ ਸਾਗਰੁ ਪਾਰਿ ਉਤਰੀਐ ॥ ਅੰਗ- ੭੪੭*

ਜਿਹੜਾ ਪਾਰ ਲਾਉਣਾ ਹੈ, ਉਹ ਗੁਰੂ ਦੀ ਕ੍ਰਿਪਾ ਦੇ ਨਾਲ ਲੱਗਣਾ ਹੈ ਤੇ ਬਚਨ ਕਮਾ ਕੇ ਪਾਰ ਲਗਦੇ ਹਾਂ। ਇਕ ਬਚਨ ਕਮਾ ਕੇ ਪਾਰ ਲਗਦੇ ਹਾਂ, ਉਹ ਇਕ ਬਚਨ ਜਿਹੜਾ ਹੈ ਇਕ ਅੱਖਰ 'ਤੇ ਆ ਕੇ ਸਾਰੀ ਗੱਲ ਮੁੱਕਦੀ ਹੈ। ਪ੍ਰਮੇਸ਼ਰ ਮਨ 'ਚ ਵਸ ਗਿਆ, ਕਹਿੰਦੇ, ਉਹ ਤਾਂ ਆਪੇ ਹੀ ਨਿਹਾਲ ਹੋ ਗਿਆ। ਉਸੇ ਨੂੰ ਵਸਾਉਣ ਵਾਸਤੇ ਮੰਤ੍ਰ ਲੈਂਦੇ ਹਾਂ। ਗੁਰੂ ਘਰ 'ਚ ਪੰਜ ਪਿਆਰੇ ਇਹ ਮੰਤ੍ਰ ਦਿੰਦੇ ਨੇ, ਜਿਹਦੀ ਕਮਾਈ ਕਰਕੇ, ਕਮਾਈ ਵਾਲੇ ਪੁਰਸ਼ ਜੁਗਤ ਦਸਦੇ ਨੇ। ਜਿੰਨੇ ਸਾਡੇ ਦੁਖ ਹਨ, ਰੋਗ ਹਨ, ਇਸ ਦੇ ਨਾਲ ਦੂਰ ਹੋ ਜਾਂਦੇ ਹਨ।

ਮਹਾਂਪੁਰਸ਼ ਰਤਵਾੜਾ ਸਾਹਿਬ ਜਦੋਂ ਸਤਿਸੰਗ ਹੁੰਦੇ, ਉਸ ਸਮੇਂ ਸੰਗਤਾਂ ਬਹੁਤ ਹੀ ਪਿਆਰ ਵਾਲੀਆਂ, ਜਗਿਆਸੂ ਜਨ ਜੁੜਦੇ। ਉਨ੍ਹਾਂ ਦੀ ਜਗਿਆਸਾ ਦੀ ਪੂਰਤੀ ਵਾਸਤੇ ਨਾਮ ਦੀਆਂ ਜੁਗਤੀਆਂ ਦਸਦੇ ਕਿਉਂਕਿ ਸਤਿਸੰਗ 'ਚ ਕੇਵਲ ਨਾਮ ਦੀ ਹੀ ਗੱਲ ਹੁੰਦੀ ਹੈ।

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ- ੭੨*

ਉਹ ਇਹਦੀ ਵਿਆਖਿਆ ਕਰਦੇ ਨੇ। ਹੁਣ ਵਿਆਖਿਆ ਮੂਲਮੰਤ੍ਰ, ਫੇਰ ਜਪੁਜੀ ਸਾਹਿਬ, ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਦੀ ਬਾਣੀ ਇਹ ਸਾਰੀ ਹੀ ਨਾਮ ਦੇ ਨਾਲ ਜੋੜਨ ਵਾਸਤੇ, ਨਾਮ ਦੀ ਵਿਆਖਿਆ ਹੈ। ਸੁਖਮਨੀ ਸਾਹਿਬ 'ਚ ਫੁਰਮਾਨ ਹੈ ਕਿ ਉਹਦੀ ਯਾਦ 'ਚ ਬੈਠੋ, ਸੁਖ ਮਿਲਦਾ ਹੈ। ਸੁੱਖ ਉਹਦੀ ਯਾਦ 'ਚ, ਨਾਮ 'ਚ ਅਸਥਿਤ ਹੋ ਕੇ ਹੈ। ਨਾਮ ਦੀ ਨਿਸ਼ਾਨੀ ਵੀ ਦਸ ਦਿਤੀ–

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ- ੨੯੩*

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥*
*ਅੰਗ- ੬੪੯*

ਉਹ ਨਾਮ ਬੈਖਰੀ ਬਾਣੀ 'ਚ ਆਪਾਂ ਹੁਣ ਬੋਲਿਆ, ਮਧਮਾ, ਪਸੰਤੀ, ਪਰਾ ਬਾਣੀ 'ਚ ਅਵਸਥਾ ਅੰਦਰ ਦੀਆਂ ਹਨ। ਮਹਾਂਪੁਰਸ਼ ਇਹ ਦਸ ਦਿੰਦੇ ਹਨ ਕਿਉਂਕਿ -

*ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥ ੨ ॥*
*ਅੰਗ- ੮੯੪*

ਮਹਾਂਪੁਰਸ਼ ਜਿਨ੍ਹਾਂ ਨੇ ਇਹ ਬਖਸ਼ਿਸ਼ ਕੀਤੀ।

*ਸੰਤਨ ਮੋ ਕਉ ਪੂੰਜੀ ਸਉਪੀ*
*ਤਉ ਉਤਰਿਆ ਮਨ ਕਾ ਧੋਖਾ ॥*
*ਧਰਮ ਰਾਇ ਅਬ ਕਹਾ ਕਰੈਗੋ*
*ਜਉ ਫਾਟਿਓ ਸਗਲੋ ਲੇਖਾ॥੩॥*
*ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥*
*ਕਹੁ ਨਾਨਕ ਹਰਿ ਸਿਉ ਮਨੁ ਮਾਨਿਆ*
*ਰੰਗਿ ਰਤੇ ਬਿਸਮਾਦੇ ॥*
*ਅੰਗ- ੬੧੪*

ਉਹ ਵਿਸਮਾਦ, ਕਿਉਂਕਿ ਨਾਮ ਦੀ ਜਿਹੜੀ ਪੂੰਜੀ ਹੈ ਉਹ ਹੈ ਤਾਂ ਅੰਦਰ ਤੇ ਅਨਹਦ ਬਾਣੀ ਪੂੰਜੀ, ਇਹਦੇ ਵਿਚ ਸਾਰੀ ਨਾਮ ਦੀ ਹੀ ਬਾਤ ਹੈ ਪਰ ਸੰਤਾਂ ਦੇ ਕੋਲ ਇਹਦੀ ਚਾਬੀ ਹੈ। ਮਹਾਂਪੁਰਸ਼ ਇਹ ਚਾਬੀ ਦੇ ਦਿੰਦੇ ਨੇ ਅਮੋਲਕ ਨਾਮ ਦੀ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥ ੧ ॥*
*ਅੰਗ- ੮੧*

ਉਹ ਦੇਖ ਕੇ ਕਿ ਜਗਿਆਸੂ ਹੈ, ਇਹਨੇ ਕਰਮ, ਉਪਾਸਨਾ ਕਰਕੇ ਜਦੋਂ ਗਿਆਨ ਦੀ ਅਵਸਥਾ 'ਚ ਆ ਗਿਆ, ਉਹ ਵਿਗਿਆਨ ਤੱਕ ਲਿਜਾਣ ਵਾਸਤੇ ਸਤਿਪੁਰਸ਼ ਇਹ ਕ੍ਰਿਪਾ ਕਰ ਦਿੰਦੇ ਨੇ। ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼, ਉਨ੍ਹਾਂ ਦੀ ਸੰਗਤ ਤੁਸੀਂ ਕੀਤੀ ਹੈ, ਐਨੇ ਦਿਆਲੂ, ਐਨੇ ਕ੍ਰਿਪਾਲੂ ਕਿ ਉਨ੍ਹਾਂ ਨੇ ਕੁਝ ਵੀ ਨਹੀਂ ਛੁਪਾ ਕੇ ਰੱਖਿਆ। ਨਹੀਂ ਤਾਂ ਮਹਾਤਮਾ, ਸਾਧੂ ਭੇਤ ਨਹੀਂ ਦਸਦੇ। ਪਰ ਕਿੱਡੀ ਦਿਆਲਤਾ ਉਨ੍ਹਾਂ ਦੀ, ਭੰਡਾਰੇ ਹੀ ਖੋਲ੍ਹ ਦਿਤੇ-

*ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥*
*ਤਾ ਮੇਰੈ ਮਨਿ ਭਇਆ ਨਿਧਾਨਾ ॥ ੧ ॥ ਅੰਗ- ੧੮੬*

ਕਿੰਨਾ ਹੀ ਭੰਡਾਰ ਉਨ੍ਹਾਂ ਨੇ ਖੋਲ੍ਹਿਆ। ਸੱਤਵਾਂ ਗੁਰਮਤਿ ਸਮਾਗਮ ਸੀ, ਉਥੇ ਸਵਾਸਾਂ ਰਾਹੀਂ ਸਿਮਰਨ ਦਾ ਅਭਿਆਸ, ਇਹ ਆਪ ਉਨ੍ਹਾਂ ਨੇ ਕਰਵਾਇਆ। ਬਹੁਤ ਸਾਰੇ ਸਵਾਮੀ ਜਨ, ਵੱਡੇ-ਵੱਡੇ ਮਹਾਂ-ਮੰਡਲੇਸ਼ਵਰ, ਤੱਤ ਬੇਤੇ, ਪੁੱਜੀਆਂ ਰੂਹਾਂ, ਸਾਧੂ, ਸੰਤ ਉਥੇ ਪਹੁੰਚੇ ਸਨ। ਉਹ ਕਹਿਣ ਲੱਗੇ ਕਿ ਮਹਾਂਪੁਰਸ਼ੋ! ਇਹ ਤਾਂ ਗੋਪਨੀਯ ਮੰਤ੍ਰ ਹੈ। ਨਹੀਂ ਦਸਦੇ ਖੋਲ੍ਹ ਕੇ ਕੋਈ। ਇਹ ਤਾਂ ਤੁਸੀਂ ਭੰਡਾਰਾ ਹੀ ਖੋਲ੍ਹ ਦਿਤਾ। ਉਹ ਕਹਿਣ ਲੱਗੇ ਕਿ ਜੇ ਭੰਡਾਰਾ ਖੋਲ੍ਹ ਦਿਤਾ ਫੇਰ ਆਪਣੇ ਕੋਲ ਕੁਛ ਨਹੀਂ ਰਹਿੰਦਾ।

ਮਹਾਂਪੁਰਸ਼ ਕਹਿੰਦੇ -

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਅੰਗ- ੮੨੭*

ਕਹਿੰਦੇ, ਜਦੋਂ ਮੈਂ ਹੈ ਹੀ ਕੁਝ ਨਹੀਂ, ਉਹਦਾ ਹੀ ਹੈ-

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥*
*ਅੰਗ - ੧੩੭੫*

ਕਿਉਂਕਿ ਉਹ ਅਵਸਥਾਵਾਂ, ਉਨ੍ਹਾਂ ਨੇ ਵੱਡੇ ਸੰਤ ਮਹਾਰਾਜ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਤੋਂ ਪ੍ਰਾਪਤ ਕੀਤੀਆਂ ਤੇ ਭੰਡਾਰੇ ਖੋਲ੍ਹ ਦਿਤੇ। 'ਆਤਮ ਮਾਰਗ' ਪੜ੍ਹ ਲਓ, ਪੁਸਤਕਾਂ ਹਨ। ਬੜਾ ਉਨ੍ਹਾਂ ਦੇ ਵਿਚ ਭੇਤ ਖੋਲ੍ਹਿਆ ਹੈ। ਕੋਈ ਹੋਰ ਪੜ੍ਹਨ ਦੀ ਲੋੜ ਹੀ ਨਹੀਂ ਪੈਂਦੀ। ਮਹਾਂਪੁਰਸ਼ ਵੀ ਕਿਹਾ ਕਰਦੇ ਕਿ ਮੇਰੇ ਸਰੀਰ ਤੋਂ ਬਾਅਦ ਤੁਸੀਂ ਲੱਭਣ ਜਾਓਗੇ ਕਿ ਕਿਸੇ ਕੋਲੋਂ ਪੁੱਛੀਏ, ਕੋਈ ਸਾਧੂ ਮਿਲੇ। ਨਹੀਂ ਮਿਲਦਾ। ਜੇ ਤੁਸੀਂ ਇਹ ਬਚਨ ਕਮਾ ਲਓ, ਉਹ ਬਚਨ ਕਹਿੰਦੇ ਆਪ ਹੀ ਪਾਰ ਲਾ ਦਊ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥੧॥ ਅੰਗ- ੭੪੭*

ਹੁਣ ਉਨ੍ਹਾਂ ਨੇ ਬਚਨ ਕੀ ਕੀਤਾ, ਉਨ੍ਹਾਂ ਨੇ ਅਵਸਥਾਵਾਂ ਦੇਖ ਕੇ ਕਿ ਹੁਣ ਇਨ੍ਹਾਂ ਨੂੰ ਵੀਹ-ਵੀਹ ਸਾਲ ਸਤਿਸੰਗ ਕਰਦਿਆਂ ਨੂੰ ਹੋ ਗਏ, ਕਰਮ ਸੇਵਾ ਕਰਦੇ, ਉਪਾਸਨਾ ਕਰਦੇ, ਹੁਣ ਗਿਆਨ ਦੇ ਵਿਚ ਪ੍ਰਵੇਸ਼ ਕਰਾਉਣ ਵਾਸਤੇ, ਸਤਿਪੁਰਸ਼ਾਂ ਨੇ ਆਹ ਉਪਦੇਸ਼ ਬਖਸ਼ਿਆ -

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ- ੨੯੫*

ਮਹਾਂਪੁਰਸ਼ਾਂ ਦਾ ਇਹ ਉਪਦੇਸ਼ ਕਮਾਇਆ ਹੋਇਆ, ਕਿਉਂਕਿ ਮੰਜ਼ਲ-ਦਰ-ਮੰਜ਼ਲ ਕਰਮ, ਉਪਾਸ਼ਨਾ 'ਚੋਂ ਲੰਘ ਕੇ ਗਿਆ, ਪ੍ਰਵੇਸ਼ ਕਰਾਉਣ ਲਈ, ਉਪਦੇਸ਼ ਬਖਸ਼ਿਸ਼ ਕਰਦੇ ਨੇ, ਹੈ ਤਾਂ ਗੁਰਬਾਣੀ ਦਾ ਹੀ ਉਪਦੇਸ਼ -

*ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥*
*ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ*
*ਕਾਮਾ॥੧॥ ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥*
*ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥*
*੧॥ ਰਹਾਉ ॥*
*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥੨॥ ਅੰਗ- ੭੪੯*

ਉਹ ਜੀਵਨ ਦਾਨ, ਜਿਹਨੂੰ ਨਾਮ ਦਾਨ ਕਿਹਾ ਹੈ।

ਉਹ ਸਾਧੂਆਂ ਤੋਂ ਬਗੈਰ ਨਹੀਂ ਕੋਈ ਦੇ ਸਕਦਾ। ਆਮ ਤਾਂ ਕਹਿੰਦੇ ਨੇ ਕਿ 'ਨਾਮ' ਮਿਲ ਗਿਆ। ਫਲਾਣੀ ਜਗ੍ਹਾ ਤੋਂ ਲੈ ਆਓ। ਨਾਮ ਤਾਂ ਬਾਣੀ ਕਹਿੰਦੀ ਅੰਦਰ ਹੈ ਪਰ ਸਾਧੂ ਜਨ ਨਾਮ 'ਚ ਪ੍ਰਵੇਸ਼ ਕਰਦੇ ਹਨ, ਨਾਮ 'ਚ ਅਸਥਿਤ ਹਨ, ਨਾਮ 'ਚ ਅਭੇਦ ਹਨ, ਉਹ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥* ਅੰਗ - ੨੯੩

ਉਹ ਦਸ ਦਿੰਦੇ ਨੇ।

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥*
*ਸੰਤ ਕਾ ਸੰਗੁ ਵਡਭਾਗੀ ਪਾਈਐ ॥*
*ਸੰਤ ਕੀ ਸੇਵਾ ਨਾਮੁ ਧਿਆਈਐ ॥*
*ਨਾਮ ਤੁਲਿ ਕਛੁ ਅਵਰੁ ਨ ਹੋਇ ॥*
*ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥ ੮ ॥ ੨ ॥*
ਅੰਗ- ੨੬੫

ਉਹ ਨਾਮ ਦੇ ਵਿਚ ਅਭੇਦ ਮਹਾਂਪੁਰਸ਼, ਨਾਮ ਦੇ ਨਾਲ ਹੀ ਜੋੜਦੇ ਹਨ -

*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥'*
*ਸਚਾ ਅਮਰੁ ਸਾਚੀ ਪਾਤਿਸਾਹੀ ਸਚੇ ਸੇਤੀ ਰਾਤੇ ॥*
*ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ ॥ ੩ ॥*
*ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ॥*
*ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥ ੪॥*
ਅੰਗ- ੭੪੯

ਐਸੇ ਦਿਆਲੂ, ਕ੍ਰਿਪਾਲੂ ਮਹਾਂਪੁਰਸ਼, ਜੁਗਤੀਆਂ ਦਸ ਕੇ ਇਸ ਜੀਵ ਨੂੰ ਜਿੱਥੋਂ ਇਹ ਵਿਛੜਿਆ ਉਥੇ ਮਿਲਾ ਦਿੰਦੇ ਨੇ। ਉਹ ਉਪਦੇਸ਼ ਦ੍ਰਿੜ੍ਹ ਕਰਵਾ ਦਿੰਦੇ ਹਨ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥* ਅੰਗ- ੩੦੫

ਮਹਾਂਪੁਰਸ਼ ਉਹ ਉਪਦੇਸ਼, ਦਇਆਲੂ ਹੋ ਕੇ ਦਸਦੇ ਨੇ। ਉਹ ਸਾਮ੍ਹਣੇ ਬਿਠਾ ਕੇ ਇਹ ਜਿਹੜੀ ਜੀਵ ਤੇ ਬ੍ਰਹਮ ਦੀ ਦੂਰੀ ਹੈ, ਉਹ ਮਿਟਾ ਦਿੰਦੇ ਨੇ।

ਸਮਾਗਮ ਦੇ ਉਤੇ ਬੋਲਣ ਵਾਸਤੇ ਵਿਸ਼ੇ ਦਿੰਦੇ ਪ੍ਰੋਫੈਸਰਾਂ, ਫਿਲਾਸਫਰਾਂ ਨੂੰ। ਉਨ੍ਹਾਂ ਨੂੰ ਇਹ ਵਿਸ਼ਾ ਦੇ ਦਿਤਾ ਕਿ ਤੁਸੀਂ ਇਹਦੇ ਉਤੇ ਬੋਲਣਾ ਹੈ ਕਿ ਉਹ ਕਿਹੜਾ ਉਪਦੇਸ਼ ਹੈ? ਇਕ ਵੀ ਪ੍ਰੋਫੈਸਰ ਨਹੀਂ ਬੋਲ ਸਕਿਆ, ਨਹੀਂ ਦਸ ਸਕਿਆ। ਕਿਉਂਕਿ ਇਹ -

*ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥*
ਅੰਗ- ੪੬੫

ਸਾਧੂ ਸਹਿਜ ਦੇ ਨਾਲ ਹੀ ਸਤਿਸੰਗ ਦੇ ਵਿਚ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥* ਅੰਗ- ੨੯੩

ਅੰਦਰ ਦਿਖਾ ਦਿੰਦੇ ਨੇ, ਓਹੀ ਜਿਹੜਾ 'ਨਾਮ' ਹੈ ਫੇਰ ਕਿੰਨਾ ਪਿਆਰਾ ਲਗਦਾ ਹੈ -

*ਨਾਮੁ ਪ੍ਰਭੂ ਕਾ ਲਾਗਾ ਮੀਠਾ ॥* ਅੰਗ- ੨੯੩

ਨਹੀਂ ਤਾਂ ਅੱਖਾਂ ਨਾਲ ਵੇਖਦਿਆਂ, ਕੰਨਾਂ ਨਾਲ ਸੁਣਦਿਆਂ ਕੀ ਦੇਖਦੇ ਹਾਂ -

*ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥*
*ਸਾਕਤ ਕੀ ਬਿਧਿ ਨੈਨਹੁ ਡੀਠੀ ॥* ਅੰਗ- ੮੯੨

ਇਨ੍ਹਾਂ ਅੱਖਾਂ ਨਾਲ ਦੇਖੀ। ਜਿਹੜੀ ਜ਼ਹਿਰ ਹੈ ਉਹ ਤਾਂ ਮਿੱਠੀ ਲਗਦੀ ਹੈ। ਮਾਇਆ ਦੀ ਜ਼ਹਿਰ ਚੜ੍ਹੀ ਹੈ ਸਭ ਨੂੰ ਪਰ ਸਤਿਸੰਗ ਦੇ ਵਿਚ -

*ਗੁਨ ਗਾਵਤ ਤੇਰੀ ਉਤਰਸਿ ਮੈਲੁ ॥*
*ਬਿਨਸਿ ਜਾਇ ਹਉਮੈ ਬਿਖੁ ਫੈਲੁ ॥* ਅੰਗ- ੨੮੯

ਜਿਹੜੀ ਹਉਮੈ ਹੈ ਉਹ ਪ੍ਰਮੇਸ਼ਰ ਨੂੰ ਦਿਸਣ ਨਹੀਂ ਦਿੰਦੀ। ਹੈ ਤਾਂ ਸਾਰੇ ਹੀ ਰਮਿਆ ਹੋਇਆ ਪ੍ਰਮੇਸ਼ਰ ਤੇ ਮਹਾਂਪੁਰਸ਼ ਜੁਗਤ ਦਸ ਦਿੰਦੇ ਨੇ ਕਿ ਇਸ ਤਰ੍ਹਾਂ ਦੇ ਨਾਲ ਕਰ ਲਓ। ਬੈਖਰੀ ਬੋਲ ਕੇ, ਮਧਮਾ, ਪਸੰਤੀ, ਪਰਾ ਬਾਣੀ 'ਚ। ਜਦੋਂ ਇਹ ਅਭਿਆਸ ਵਧਦਾ ਹੈ ਅੰਦਰ ਸੁਣਦਾ ਹੈ, ਫੇਰ ਉਸ ਨੂੰ ਸਾਰੇ ਰਮਿਆ ਹੋਇਆ ਪ੍ਰਮੇਸ਼ਰ ਹੀ ਨਜ਼ਰ ਆ ਜਾਂਦਾ ਹੈ। ਹਉਮੈ ਦਾ ਇਲਾਜ ਦਸਦੇ ਹਨ। ਜਿਹੜਾ ਇਹ ਦਿਸਣ ਨਹੀਂ ਦਿੰਦੀ -

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥ ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥ ੩ ॥*
ਅੰਗ- ੬੨੪

ਪੜਦਾ ਜਿਹੜਾ ਹੈ ਹਉਮੈ ਦਾ, ਇਹ ਦਿਸਣ ਨਹੀਂ ਦਿੰਦੀ, ਹੈ ਤਾਂ ਵਾਸਾ ਅੰਦਰ ਪ੍ਰਮੇਸ਼ਰ ਦਾ।

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
ਅੰਗ-੪੬੬

*ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥*
ਅੰਗ- ੯੪੩

*ਹਉਮੈ ਦੀਰਘ ਰੋਗੁ ਹੈ..................॥* ਅੰਗ- ੪੬੬

ਕਿੱਡਾ ਵੱਡਾ ਰੋਗ ਹੈ। ਪਰ ਦਾਰੂ ਵੀ ਹੈ ਇਸ ਦਾ-

*ਦਾਰੂ ਭੀ ਇਸੁ ਮਾਹਿ ॥* ਅੰਗ- ੪੬੬
*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥* ਅੰਗ - ੨੫੯

ਪਰ ਪਤਾ ਕਿਉਂ ਨਹੀਂ ਲਗਦਾ। ਗੁਰੂ ਵਾਲੇ ਨਹੀਂ ਬਣਦੇ, ਸਤਿਸੰਗ ਨਹੀਂ ਕਰਦੇ। ਅੰਤਰੰਗ ਸਾਧਨ ਨਹੀਂ ਕਰਦੇ। ਇਸ ਕਰਕੇ ਪਤਾ ਨਹੀਂ ਲਗਦਾ। ਗੁਰੂ ਕੀ ਦਸਦਾ ਹੈ? ਸੰਜਮ, ਇਹ ਮਾਨਸਿਕ ਰਹਿਤਾਂ ਹਨ, ਇਹ ਸਰੀਰਕ ਰਹਿਤਾਂ ਹਨ। ਇਹ ਰੱਖ -

*ਵਿਣੁ ਗੁਣ ਕੀਤੇ ਭਗਤਿ ਨ ਹੋਇ ॥* ਅੰਗ - ੪

ਫੇਰ ਆਸਣ ਸਿੱਧ ਕਰ, ਮਨ ਨੂੰ ਸਾਧ। ਫੇਰ ਬਾਅਦ 'ਚ ਹੁੰਦਾ ਹੈ ਪ੍ਰਾਣਾਯਾਮ, ਪ੍ਰਤਿਹਾਰ, ਮਨ ਲੋਚਦਾ ਹੈ, ਹੁਣੇ ਪੜ੍ਹਦੇ ਸੀ ਕਿ ਸ਼ਬਦ ਦੇ ਨਾਲ ਹੀ ਆਹ ਜਿਹੜਾ - ***'ਮਨੁ ਲੋਚੈ ਬੁਰਿਆਈਆ ਗੁਰ ਸਬਦੀ ਇਹੁ ਮਨੁ ਹੋੜੀਐ।'*** ਮਨ ਨੂੰ ਰੋਕ, ਕਿਉਂਕਿ ਮਨ ਦਾ ਸੁਭਾਅ ਹੈ-

*ਕਹੈ ਕਬੀਰੁ ਸੁਨਹੁ ਰੇ ਸੰਤਹੁ*
*ਇਹੁ ਮਨੁ ਉਡਨ ਪੰਖੇਰੂ ਬਨ ਕਾ ॥* ਅੰਗ- ੧੨੫੩

ਉਡਾਰੀਆਂ ਮਾਰਦਾ ਕਿੱਥੇ ਤੱਕ ਪਹੁੰਚਾ ਦਿੰਦਾ ਹੈ। ਮਨ ਵਰਗਾ ਜੇ ਦੇਖੀਏ ਮਿੱਤਰ ਵੀ ਕੋਈ ਨੀਂ, ਪਰ ਇਹਦੇ ਵਰਗਾ ਦੁਸ਼ਮਣ ਵੀ ਕੋਈ ਨਹੀਂ। 'ਮਨਿ ਜੀਤੈ, ਜਗੁ ਜੀਤੁ।'

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ੩੨ ॥* ਅੰਗ- ੩੪੨

ਉਹ ਦਵਾਈ ਇਹਦੇ ਅੰਦਰ ਪਈ ਹੈ -

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥* ਅੰਗ- ੨੫੯

ਸਵਾਸ-ਸਵਾਸ ਦੀ ਉਹ ਅਵਸਥਾ, ਕਿੱਡੀ ਵੱਡੀ ਅਵਸਥਾ ਹੈ -

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ੧ ॥*
ਅੰਗ- ੩੧੯

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥* ਅੰਗ- ੩੦੬

ਮਹਾਂਪੁਰਸ਼ਾਂ ਨੇ ਅਮਲੀ ਰੂਪ ਵਿਚ ਇਹ ਕਰਕੇ ਦਿਖਾਇਆ ਕਿ ਅੰਮ੍ਰਿਤ ਵੇਲੇ ਉਠ ਕੇ ਇਹ ਜ਼ਰੂਰ ਪ੍ਰਕ੍ਰਿਆ ਕਰੋ। ਕਿਉਂਕਿ ਕਰਨਾ ਤਾਂ ਸਦਾ ਹੀ ਚਾਹੀਦਾ ਹੈ -

*ਊਠਤ ਬੈਠਤ ਸੋਵਤ ਨਾਮ ॥*
*ਕਹੁ ਨਾਨਕ ਜਨ ਕੈ ਸਦ ਕਾਮ ॥* ਅੰਗ- ੨੮੬

ਇਹ ਸਤਿਸੰਗ ਹੈ, ਸਤਿਸੰਗ ਦੇ ਵਿਚ ਸਤਿਪੁਰਸ਼ਾਂ ਨੇ ਜੋ ਉਪਦੇਸ਼ ਦਿਤਾ ਉਹ ਦੁਹਰਾਉਂਦੇ ਹਾਂ। ਬਾਰ-ਬਾਰ ਜਦੋਂ ਕਰਦੇ ਹਾਂ ਤਾਂ -

*ਬਾਰੰ ਬਾਰ ਬਾਰ ਪ੍ਰਭੁ ਜਪੀਐ ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥* ਅੰਗ - ੨੮੬

ਬਾਰ-ਬਾਰ, ਸਵਾਸ-ਸਵਾਸ ਵਾਹਿਗੁਰੂ ਦਾ ਜਾਪ ਹੋਵੇ। ਮਹਾਂਪੁਰਸ਼ਾਂ ਨੇ ਸਾਨੂੰ ਸਬਕ ਦੇ ਦਿਤਾ, ਇਹਨੂੰ ਹਰ ਵਕਤ ਯਾਦ ਕਰਨਾ ਸਾਡੇ ਹੱਥ ਹੈ ਹੁਣ।

*ਕਹਤ ਕਬੀਰੁ ਜੀਤਿ ਕੈ ਹਾਰਿ ॥* ਅੰਗ - ੧੧੫੯

ਭਾਵੇਂ ਬਾਜੀ ਜਿੱਤ ਜਾਹ, ਭਾਵੇ ਹਾਰ ਜਾਹ, ਇਹ ਤੇਰੇ ਵਸ ਹੈ। ਮਹਾਂਪੁਰਸ਼ਾਂ ਨੇ ਤਾਂ

*ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥ ੫ ॥ ੧ ॥ ੯ ॥*
ਅੰਗ- ੧੧੫੯

ਐਨੀਆਂ ਪੁਸਤਕਾਂ ਲਿਖੀਆਂ ਮਹਾਂਪੁਰਸ਼ਾਂ ਨੇ, ਇਨ੍ਹਾਂ ਵਿਚ ਕੇਵਲ ਨਾਮ ਦੀ ਵਿਆਖਿਆ ਹੈ। ਕਿਸੇ ਨੂੰ ਨਹੀਂ ਪਤਾ ਲਗਦਾ ਕਿ ਉਸ ਅਵਸਥਾ ਤਕ ਕਿਵੇਂ ਪਹੁੰਚਣਾ ਹੈ, ਉਸ ਅਵਸਥਾ ਦੇ ਬਾਰੇ ਸਤਿਪੁਰਸ਼ਾਂ ਨੇ ਇਉਂ ਦਸਿਆ ਕਿ ਸਿੱਧੇ ਬੈਠ ਜਾਵਾਂਗੇ।

ਪਰ ਅੱਜਕੱਲ੍ਹ ਦਾ ਜੋ ਸਾਡਾ ਜ਼ਿੰਦਗੀ ਜਿਉਣ ਦਾ ਤਰੀਕਾ ਹੈ, ਉਹ ਗਲਤ ਹੈ। ਇਕ ਤਾਂ ਜਿਹੜੀ ਖ਼ੂਨ ਦੇ ਵਿਚ ਸ਼ੂਗਰ ਵਧਦੀ ਹੈ। ਖੋਜ ਹੋਈ ਹੈ ਉਨ੍ਹਾਂ ਨੇ ਕਿਹਾ ਕਿ ਚੀਨੀ ਜਿਹੜੀ ਹੈ, ਇਹ ਤਾਂ ਚਿੱਟਾ ਜ਼ਹਿਰ ਹੈ। ਇਹਦੇ ਨਾਲੋਂ ਗੁੜ ਠੀਕ ਰਹਿੰਦਾ ਹੈ। ਗੁੜ ਖਾ ਲਓ, ਪ੍ਰਸ਼ਾਦੇ ਤੋਂ ਬਾਅਦ ਖਾਧਾ ਪੀਤਾ ਹਜ਼ਮ ਹੋ ਜਾਂਦਾ ਹੈ। ਜੇ ਕਿਤੇ ਚੀਨੀ, ਰਸਗੁੱਲੇ ਵਗੈਰਾ, ਕਿਸੇ ਤਰ੍ਹਾਂ ਨਾਲ ਵੀ ਚੀਨੀ ਅੰਦਰ ਚਲੇ ਗਈ, ਅਗਿਆਨ ਵਿਚ, ਆਈਸਕਰੀਮ ਵਗੈਰਾ ਸਭ 'ਚ ਚੀਨੀ ਹੈ, ਕੈਮੀਕਲ ਅੰਦਰ ਹਜ਼ਮ ਨਹੀਂ ਹੋਣ ਦਿੰਦੇ ਚੀਜ਼ ਨੂੰ। ਦੁਸ਼-ਪ੍ਰਭਾਵ ਹੁੰਦੈ, ਅਮਲ ਤੱਤ ਵਧਦੇ ਨੇ। ਪਰ ਮਹਾਂਪੁਰਸ਼ਾਂ ਦੀ ਸੰਗਤ ਜਿਨ੍ਹਾਂ ਨੇ ਨਾਮ ਬਾਣੀ ਦੀ ਉਹ ਜੁਗਤੀ ਅਪਨਾਈ-

*ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥*
ਅੰਗ- ੬੨੭

'ਬੰਨਾ' ਕਹਿੰਦੇ ਨੇ ਰੋਕ ਲੱਗ ਗਈ। ਉਥੇ ਹੀ ਰੁਕ ਗਿਆ। ਕਿਡੇ-ਕਿੱਡੇ ਕੈਂਸਰ ਵਰਗੇ ਰੋਗ ਠੀਕ ਹੋ ਗਏ। ਆਪਾਂ ਵੀ ਏਸ ਜੁਗਤ ਨੂੰ ਅਪਨਾਈਏ। ਕਿਉਂਕਿ ਸੁਖਮਨੀ ਸਾਹਿਬ ਦੀ ਪਹਿਲੀ ਅਸਟਪਦੀ ਵਿਚ ਬਚਨ ਆਏ ਹਨ ਜੋ, ਉਨ੍ਹਾਂ ਨੂੰ ਕਮਾ ਲਓ।

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥* ਅੰਗ- ੨੬੨

ਐਨਾ ਕੁ ਹੀ ਕਮਾ ਲਓ, ਕਹਿੰਦੇ ਸਾਰੇ ਹੀ ਸੁੱਖ ਮਿਲ ਜਾਣਗੇ। ਉਹ ਮੁਕਤ ਅਵਸਥਾ ਜਿਥੇ ਜਾ ਕੇ ਸਾਰੇ ਹੀ ਦੁਖ ਮੁਕ ਜਾਣ, ਉਹ ਵੀ ਮਿਲ ਜਾਏਗੀ -

*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥* ਅੰਗ - ੨੯੫

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

# ਨੂਰਾਨੀ ਮਿਲਾਪ - 9

*(ਡਾ.) ਭਾਈ ਸੁਖਵਿੰਦਰ ਸਿੰਘ*

**(ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ)**

***ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥***
***ਗੁਰੂ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥(ਅੰਗ-612)***

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-40)*

*ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥*
*ਅੰਗ - ੧੨੭੯*

ਸਮਾਂ ਆਪਣੀ ਚਾਲ ਚਲਦਾ ਰਿਹਾ। ਅਗੰਮੀ ਰੰਗ ਵਿਚ ਰੰਗੇ ਸਤਿਗੁਰੂ ਜੀ ਦਾ ਹਰ ਪਲ 'ਬਾਤ ਅਗੰਮ ਕੀ' ਹੋ ਨਿਬੜਦਾ। ਅਸਲ ਵਿਚ ਉਹ ਹਨ੍ਹੇਰੀਆਂ ਗੁਫਾਵਾਂ ਵਿਚ ਪ੍ਰਕਾਸ਼ ਭਰਨ ਲਈ ਆਏ। ਸੂਰਜ ਦੇ ਪ੍ਰਕਾਸ਼ ਨੇ ਬਿਨਾਂ ਭੇਦ ਭਾਵ ਹਰ ਇਕ ਨੂੰ ਪ੍ਰਕਾਸ਼ ਦੇਣਾ ਹੈ। ਇਹੀ ਉਸ ਦੀ ਵਿਲੱਖਣਤਾ ਹੈ ਤੇ ਵਡੱਪਣ ਹੈ। ਸਮੇਂ ਦੇ ਬੀਤਣ ਨਾਲ ਸਤਿਗੁਰੂ ਰੱਬੀ ਰੰਗ ਵਿਚ ਹੋਰ ਗਹਿਰ ਗੰਭੀਰ ਹੁੰਦੇ ਗਏ। ਥੋੜ੍ਹਾ, ਖਾਣਾ, ਥੋੜ੍ਹਾ ਸੌਣਾ ਤੇ ਇਕਾਂਤ ਵਾਸ ਰਹਿਣਾ ਆਪ ਜੀ ਦੀ ਨਿਤਾ ਪ੍ਰਤੀ ਇਹੀ ਬ੍ਰਿਤੀ ਰਹਿੰਦੀ। ਘੰਟਿਆਂ ਬੱਧੀ ਪ੍ਰਮੇਸ਼ਰ ਦੇ ਨਾਮ ਵਿਚ ਲੀਨ ਰਹਿੰਦੇ। ਚੜ੍ਹਦੀ ਜਵਾਨ ਉਮਰ ਤੇ ਵੈਰਾਗ? ਇਨ੍ਹਾਂ ਦੋਹਾਂ ਦਾ ਸੁਮੇਲ ਕਿਵੇਂ? ਇਹ ਪ੍ਰਸ਼ਨ ਪਿਤਾ ਜੀ ਦੇ ਜ਼ਿਹਨ ਵਿਚ ਹਰ ਵਕਤ ਰਹਿੰਦਾ। ਕੀ ਕਾਰਨ ਹੈ? ਕੋਈ ਓਪਰੀ ਸ਼ੈਅ ਤਾਂ ਨਹੀਂ ਜਾਂ ਫਿਰ ਸਰੀਰ ਵਿਚ ਕਿਸੇ ਤੱਤ ਦੀ ਘਾਟ/ਵਾਧ ਤਾਂ ਨਹੀਂ? ਜ਼ਿਹਨ ਵਿਚ ਪ੍ਰਸ਼ਨ ਉਪਜਣ 'ਤੇ ਅੰਦਰ ਪ੍ਰੇਸ਼ਾਨ ਹੋਣਾ ਸੁਭਾਵਿਕ ਹੈ। ਸਮਾਧਾਨ ਲਈ ਚਾਰਜੋਈ ਸ਼ੁਰੂ ਕੀਤੀ। ਐਸਾ ਕਰਦੇ ਹੋਏ ਪਿੰਡ ਦੇ ਪ੍ਰਸਿੱਧ ਵੈਦ ਹਰਿਦਾਸ ਜੀ ਨੂੰ ਬੁਲਾਇਆ ਗਿਆ। ਅਸਲ ਵਿਚ ਰੱਬ ਦੇ ਪਿਆਰ ਵਿਚ ਰੰਗੀਆਂ ਰੂਹਾਂ ਨੂੰ ਆਮ ਮਨੁੱਖ ਰੋਗ ਗ੍ਰਸਤ ਸਮਝਦਾ ਹੈ। ਅਸਲੀਅਤ ਇਹ ਹੈ ਕਿ ਸੰਸਾਰ ਆਪ ਰੋਗ ਗ੍ਰਸਤ ਹੈ, ਮਹਾਂ ਰੋਗੀ ਹੈ। ਰੱਬੀ ਰੰਗ ਵਾਲੇ ਇਕ ਨਹੀਂ ਅਨੇਕਾਂ ਨੂੰ ਰੋਗਾਂ ਤੋਂ ਛੁਟਕਾਰਾ ਦਿਵਾਉਣ ਦੇ ਸਮਰੱਥ ਹੁੰਦੇ ਹਨ। ਉਹ ਤਾਂ ਤਮਾਮ ਦੁਖਾਂ ਦਾ ਖਾਤਮਾ ਕਰਨ ਦੇ ਸਮਰੱਥ ਹੁੰਦੇ ਹਨ। ਲੋਕ ਤੇ ਪ੍ਰਲੋਕ ਦੇ ਸੁੱਖ ਪ੍ਰਦਾਨ ਕਰਨ ਦੀ ਤਾਕਤ ਰਖਦੇ ਹਨ। ਵੈਦ ਜੀ ਪਹੁੰਚਦੇ ਹਨ। ਸਤਿਗੁਰੂ ਜੀ ਚਾਦਰ ਤਾਣ ਕੇ ਮੰਜੇ 'ਤੇ ਲੇਟੇ ਹੋਏ ਹਨ। ਵੈਦ ਨੇ ਆ ਕੇ ਕੋਲ ਬੈਠ ਕੇ ਗੁਰਦੇਵ ਦੀ ਬਾਂਹ ਪਕੜ ਕੇ ਨਬਜ਼ ਵਾਚਣੀ ਸ਼ੁਰੂ ਕੀਤੀ। ਸਤਿਗੁਰੂ ਨੇ ਵੈਦ 'ਤੇ ਦ੍ਰਿਸ਼ਟੀ ਪਾਈ ਤੇ ਫੁਰਮਾਨ ਕੀਤਾ -

*ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥*
*ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥*
*ਅੰਗ- ੧੨੭੯*

ਵੈਦ ਨੇ ਜਦੋਂ ਇਲਾਹੀ ਨੂਰ ਦੇ ਦਰਸ਼ਨ ਕੀਤੇ, ਨੂਰੀ ਚਿਹਰੇ ਵਲ ਤੱਕਿਆ। ਨੇਤਰਾਂ 'ਚ ਕਸ਼ਿਸ਼ ਹੈ, ਜੀਵਨ ਪਲਟ ਦੇਣ ਵਾਲੀ ਚਮਕ ਹੈ। ਵੈਦ ਜੀ ਸ਼ਰਧਾ 'ਚ ਆਏ। ਨਮਸ਼ਕਾਰ ਕੀਤੀ, ਭਾਗ ਜਾਗੇ, ਬਚਨ ਸੁਣ ਕੇ ਨਿਹਾਲ ਹੋਏ। ਸਤਿਗੁਰੂ ਨੇ ਫੁਰਮਾਇਆ ਕਿ ਕੀ ਦੇਖਦੇ ਹੋ ਨਬਜ਼ ਵਿਚੋਂ?

ਵੈਦ ਜੀ - ਜੀ ਮੈਂ ਕਫ, ਪਿੱਤ ਤੇ ਬੈਅ ਦਾ ਸੰਤੁਲਨ ਦੇਖਦਾ ਹਾਂ। ਇਹਨਾਂ ਤਿੰਨਾਂ ਦੇ ਵਿਗਾੜ ਨਾਲ ਸਰੀਰ ਵਿਚ ਵਿਗਾੜ ਹੋਣਾ ਸ਼ੁਰੂ ਹੁੰਦਾ ਹੈ। ਸਰੀਰ ਦਾ ਸੰਤੁਲਨ ਹਿਲਦਾ ਹੈ। ਵਿਗਾੜ ਹੋਣ ਤੇ ਇਨ੍ਹਾਂ ਤਿੰਨਾਂ ਦੇ ਸੰਤੁਲਨ ਨੂੰ ਦਰੁੱਸਤ ਕਰਨ ਲਈ ਜੜ੍ਹੀਆਂ ਬੂਟੀਆਂ ਦੇਵਾਂਗਾ। ਤੁਸੀਂ ਸਵੱਸਥ ਹੋ ਜਾਵੋਗੇ। ਵੈਦ ਦੀ ਵੈਦਗੀ ਸੁਣ ਕੇ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਵੈਦ ਜੀ! ਸਾਰਾ ਸੰਸਾਰ ਹੀ ਰੋਗੀ ਹੈ। ਜਿਵੇਂ ਬਾਣੀ ਦਾ ਫੁਰਮਾਨ ਹੈ -

*ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥*
*ਅੰਗ- ੬੮੭*

*ਜੋ ਜੋ ਦੀਸੈ ਸੋ ਸੋ ਰੋਗੀ ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ ਅੰਗ- ੧੧੪੦*

*ਜਨਮ ਜਨਮ ਕੇ ਦੂਖ ਨਿਵਾਰੈ ਸੂਕਾ ਮਨੁ ਸਾਧਾਰੈ ॥*
*ਦਰਸਨੁ ਭੇਟਤ ਹੋਤ ਨਿਹਾਲਾ ਹਰਿ ਕਾ ਨਾਮੁ ਬੀਚਾਰੈ ॥ ੧ ॥*
*ਮੇਰਾ ਬੈਦੁ ਗੁਰੂ ਗੋਵਿੰਦਾ ॥*
*ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥*
*ਅੰਗ- ੬੧੮*

ਪ੍ਰਮੇਸ਼ਰ ਦੇ ਨਾਮ ਨੂੰ ਭੁੱਲ ਕੇ ਦੁੱਖ ਹੀ ਦੁੱਖ ਹਨ। ਇਕ ਨਹੀਂ ਅਨੇਕਾਂ ਰੋਗ ਇਸ ਮਨੁੱਖ ਨੂੰ ਚਿੰਬੜੇ ਹੋਏ ਹਨ। ਕੋਈ ਮਨ ਕਰਕੇ ਰੋਗੀ ਹੈ, ਕੋਈ ਤਨ ਕਰਕੇ। ਵੈਦ ਜੀ! ਸਾਰੇ ਰੋਗ ਮਨ ਤੋਂ ਸ਼ੁਰੂ ਹੁੰਦੇ ਹਨ। ਜਿਸ ਦਾ ਮਨ ਅਰੋਗ ਹੈ, ਤਨ ਵੀ ਅਰੋਗ ਰਹੇਗਾ। ਤੁਸੀਂ ਤਨ ਦੇ ਰੋਗਾਂ ਦਾ ਇਲਾਜ ਕਰ ਸਕਦੇ ਹੋ ਪਰ ਮਨ

ਦੇ ਰੋਗਾਂ ਦੀ ਕੀ ਦਾਰੂ ਹੈ? ਮਨ ਨੂੰ ਅੱਜ ਤੋਂ ਨਹੀਂ ਜਨਮਾਂ-ਜਨਮਾਂ ਤੋਂ ਰੋਗ ਲੱਗੇ ਹੋਏ ਹਨ। ਦੁਨਿਆਵੀ ਆਹੁੜ ਪਾਹੁੜ ਇਨ੍ਹਾਂ ਰੋਗਾਂ ਤੋਂ ਨਵਿਰਤੀ ਨਹੀਂ ਦਿਵਾ ਸਕਦੇ। ਇਨ੍ਹਾਂ ਦਾ ਇਲਾਜ ਸਮਰੱਥ ਸਤਿਗੁਰੂ ਕੋਲ ਹੈ। ਉਹ ਨਾਮ ਰੂਪੀ ਦਵਾਈ ਨਾਲ ਜਨਮਾਂ-ਜਨਮਾਂ ਦੇ ਰੋਗਾਂ ਤੋਂ ਮੁਕਤ ਕਰ ਦਿੰਦੇ ਹਨ।

*ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ ॥*
*ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥*

*ਅੰਗ- ੧੨੭੯*

ਵੈਦ ਜੀ ਹੱਥ ਜੋੜ ਕੇ ਚਰਨਾਂ 'ਚ ਬੈਠ ਗਏ। ਹੈਰਾਨ ਸੀ ਕਿ ਅੱਜ ਤੱਕ ਮੈਂ ਅੰਦਰਲੇ/ਮਨ ਦੇ ਰੋਗਾਂ ਤੋਂ ਅਣਜਾਣ ਰਿਹਾ। ਹੈਰਾਨਗੀ 'ਚ ਵੈਦ ਅਜੇ ਆਪਣੇ ਮਨ ਦੇ ਰੋਗ ਬਾਰੇ ਸੋਚ ਹੀ ਰਿਹਾ ਸੀ ਕਿ ਸਤਿਗੁਰੂ ਨੇ ਹੋਰ ਬਖਸ਼ਿਸ਼ ਕੀਤੀ ਕਿ ਵੈਦ ਜੀ! ਸਭ ਤੋਂ ਖਤਰਨਾਕ ਮਨ ਦਾ ਰੋਗ 'ਹਉਮੈ' ਹੈ। ਜਦੋਂ ਤਕ ਹਉਮੈ ਦਾ ਨਾਸ ਨਹੀਂ ਹੁੰਦਾ, ਜੀਵ ਦਾ ਛੁਟਕਾਰਾ ਨਹੀਂ ਹੁੰਦਾ। ਹੋਰ ਵੀ ਬਹੁਤ ਰੋਗ ਹਨ। ਪੰਜ ਭਰਮ, ਪੰਜ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਆਸਾ, ਤ੍ਰਿਸ਼ਨਾਂ ਰੂਪੀ ਡੈਣਾਂ, ਪੰਜ ਵਿਸ਼ੇ - ਸ਼ਬਦ, ਸਪਰਸ਼, ਰੂਪ, ਰਸ ਗੰਧ, ਅਨੇਕਾਂ ਦੋਸ਼ ਇਸਦੇ ਅੰਦਰ ਪਏ ਹਨ। ਕੀ ਇਨ੍ਹਾਂ ਸਭਨਾਂ ਦਾ ਇਲਾਜ ਵੈਦ ਜੀ ਤੁਹਾਡੇ ਕੋਲ ਹੈ?

ਆਪਣੇ ਅੰਦਰ ਝਾਤੀ ਮਾਰਦਾ ਹੋਏ ਵੈਦ ਜੀ ਨਿਮਰਤਾ 'ਚ ਆਏ। ਆਪਣੇ ਮਨ ਦੀ ਤੰਦਰੁਸਤੀ ਲਈ ਅਰਜ਼ ਕੀਤੀ, ਹੇ ਸਤਿਗੁਰੂ! ਮੇਰੇ 'ਤੇ ਕ੍ਰਿਪਾ ਕਰੋ। ਮੇਰੇ ਜਨਮਾਂ-ਜਨਮਾਂ ਦੇ ਲੱਗੇ ਰੋਗ ਦੂਰ ਕਰੋ। ਦਿਆਲੂ ਸਤਿਗੁਰੂ ਨੇ ਕ੍ਰਿਪਾ ਕੀਤੀ। ਵੈਦ ਜੀ! ਸਤਿਸੰਗ ਕਰਿਆ ਕਰੋ, ਪ੍ਰਮੇਸ਼ਰ ਦੇ ਨਾਮ ਨਾਲ ਜੁੜੋ। ਇਹੀ ਨਾਮ ਹਉਮੈ ਦੇ ਰੋਗ ਤੇ ਹੋਰ ਰੋਗਾਂ ਨੂੰ ਦੂਰ ਕਰਨ ਦੇ ਸਮਰੱਥ ਹੈ। ਦਵਾਈ ਦੇਣ ਵਾਲਾ ਵੈਦ ਅੱਜ ਆਪ ਹੀ ਮਰੀਜ਼ ਬਣ ਗਿਆ ਹੈ। ਆਪਣੇ ਆਪ ਨੂੰ ਰੋਗ ਗ੍ਰਸਤ ਮਹਿਸੂਸ ਕਰਦਾ ਹੈ। ਨਾਮ ਦਾਰੂ ਦੀ ਦਵਾਈ ਲੈ ਕੇ ਨਿਹਾਲ ਹੋਇਆ। ਤੰਦਰੁਸਤ ਹੋਇਆ। ਜੈਸਾ ਕਿ ਬਾਣੀ ਦਾ ਫੁਰਮਾਨ ਹੈ -

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ- ੨੫੯*

ਵੈਦ ਨੂੰ ਤਮਾਮ ਜੀਵਾਂ ਦੇ ਰੋਗਾਂ 'ਚ ਗ੍ਰਸੇ ਹੋਣ ਬਾਰੇ ਚਾਨਣਾ ਪ੍ਰਾਪਤ ਹੋਇਆ। ਆਪਣੇ ਆਪ ਦੀ ਤੰਦਰੁਸਤੀ ਦਾ ਦਾਰੂ ਲੈ ਕੇ, ਨਿਹਾਲ ਹੋ ਕੇ ਵੈਦ ਜੀ ਵਾਪਸ ਪਰਤੇ। ਇਹ ਕਰਾਮਾਤ ਸੀ ਇਕ ਨੂਰਾਨੀ ਰੂਹਾਨੀ ਮਿਲਣੀ ਦੀ।

*(ਪੰਨਾ 24 ਦੀ ਬਾਕੀ)*

ਵੱਖਰੀ ਕਿਉਂ ਹੋ ਰਹੀ ਹੈ। ਸੱਚੇ ਪਾਤਸ਼ਾਹ! ਜੇ ਇੱਕੋ ਆਤਮਾ ਨੂੰ ਅਗਿਆਨ ਹੋਇਆ-ਹੋਇਆ ਹੈ, ਸਾਰਿਆਂ ਦੇ ਅੰਦਰ ਇਕ ਹੈ ਤਾਂ ਫੇਰ ਜੇ ਇਕ ਨੂੰ ਗਿਆਨ ਹੋ ਜਾਂਦੈ, ਤਾਂ ਫੇਰ ਸਾਰਿਆਂ ਨੂੰ ਗਿਆਨ ਕਿਉਂ ਨਹੀਂ ਹੋ ਜਾਂਦਾ। ਬੜੇ ਗਹਿਰੇ ਸੰਸੇ ਨੇ ਇਹ। ਸੋ ਕ੍ਰਿਪਾ ਕਰਕੇ ਆਪ ਮੇਰਾ ਇਹ ਸੰਸਾ ਨਵਿਰਤ ਕਰੋ।

ਦੂਸਰਾ ਇਹ ਹੈ ਕਿ ਪ੍ਰਮੇਸ਼ਰ ਨੂੰ ਅਚੱਲ ਕਹਿੰਦੇ ਨੇ, ਇਹ ਜੀਵ ਜੰਗਮ ਜਿਹੜੇ ਨੇ ਇਹ ਸਾਰੇ ਤੁਰਦੇ ਫਿਰਦੇ ਨੇ ਤੇ ਇਹ ਅਚੱਲ ਕਿਵੇਂ ਹੋਇਆ ਤੇ ਜਿਹੜਾ ਜਗਤ ਰੂਪ ਧਾਰ ਕੇ, ਇਹਦੇ ਵਿਚੋਂ ਨਿਕਲੇ ਕਿਵੇਂ? ਅਸੀਂ ਮੰਨ ਲਿਆ ਕਿ ਇਹ ਜਗਤ ਹੈ, ਨਹੀਂ ਸਾਡੇ ਸਮਝ 'ਚ ਆਉਂਦਾ? ਅਸੀਂ ਕਹਿੰਦੇ ਹਾਂ ਜਗਤ ਹੈ ਤੇ ਗਿਆਨਵਾਨ ਕਹਿੰਦੇ ਨੇ ਕਿ ਇਹ ਪ੍ਰਮੇਸ਼ਰ ਹੈ। ਹੁਣ ਇਹ ਵੱਡਾ ਭਾਰਾ ਫਰਕ ਪੈ ਗਿਆ, ਬੁੱਧੀ ਮੰਨਦੀ ਨਹੀਂ ਕਿ ਇਹ ਪ੍ਰਮੇਸ਼ਰ ਹੈ। ਬੁੱਧੀ ਕਹਿੰਦੀ ਹੈ ਨਹੀਂ। ਕਿਉਂਕਿ ਇਕ ਬੁੱਧੀ ਹੈ ਜਿਹਨੂੰ ਅਭਿਨਿਵੇਸ਼ ਕਹਿੰਦੇ ਨੇ। ਉਹ ਨਹੀਂ ਮੰਨਿਆ ਕਰਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਕਿੰਨੇ ਹੀ ਬਚਨ ਕਰੀ ਜਾਣ, ਨਹੀਂ ਮੰਨਦੇ ਅਸੀਂ ਜ਼ੋਰ ਲਾ ਲਓ। ਮੱਥੇ ਟੇਕਾਂਗੇ, ਰੌਲਾ ਪਾਵਾਂਗੇ ਸਟੇਜਾਂ 'ਤੇ ਖੜ੍ਹ ਕੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਨੇ, ਗੁਰੂ ਦਾ ਹੁਕਮ ਮੰਨੋ। ਆਪ ਹੀ ਮੰਨਣਾ ਨਹੀਂ ਹੈ। ਗੁਰੂ ਕਹਿੰਦਾ ਇਥੇ ਤਾਂ ਪ੍ਰਮੇਸ਼ਰ ਤੋਂ ਬਗੈਰ ਹੋਰ ਕੋਈ ਹੈ ਹੀ ਨਹੀਂ-

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ- ੧੨੯੧*

ਤੈਨੂੰ ਕਿਉਂ ਨਹੀਂ ਨਜ਼ਰ ਆਉਂਦਾ। ਕਹਿੰਦੇ, ਸੱਚੇ ਪਾਤਸ਼ਾਹ! ਇਹਦੇ ਵਿਚੋਂ ਨਿਕਲੀਏ ਕਿਵੇਂ? ਦੂਸਰਾ ਇਹ ਹੈ ਕਿ ਇਹਦਾ ਜਿਹੜਾ ਆਪਣਾ ਸਰੂਪ ਹੈ -

*ਆਤਮਾ ਪਰਾਤਮਾ ਏਕੋ ਕਰੈ ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ ॥ ਅੰਗ - ੬੬੧*

ਇਹ ਬ੍ਰਹਮ ਕਿਵੇਂ ਸ਼ਾਖਸ਼ਾਤਕਾਰ ਹੁੰਦੈ? ਸੋ ਇਹ ਪ੍ਰਸ਼ਨ ਨੇ, ਪਿਛਲੀ ਵਾਰ ਵੀ ਮੈਂ ਦੱਸੇ ਸੀ। ਹੁਣ ਵੀ ਮੈਂ ਬੇਨਤੀ ਕਰਦਾ ਹਾਂ। ਜਦੋਂ ਗੱਲ ਕਰਨ ਦਾ ਸਮਾਂ ਆਉਂਦੈ, ਇਧਰਲਾ ਸਮਾਂ ਮੁੱਕ ਜਾਂਦੈ, ਘੜੀ ਉਥੇ ਆ ਪਹੁੰਚਦੀ ਹੈ ਕਿ ਹੁਣ ਤੂੰ ਅਗਾਂਹਾਂ ਨਾ ਗੱਲ ਚਲਾ, ਸਮਾਂ ਬਹੁਤਾ ਹੋ ਗਿਆ। ਸੋ ਹੁਣ ਮਹਾਰਾਜ ਨੇ ਕ੍ਰਿਪਾ ਕਰੀ ਤਾਂ ਫੇਰ ਇਸ ਦੇ ਉਤੇ ਵਿਚਾਰ ਕੀਤੀ ਜਾਏਗੀ। ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ। ਸਾਰੇ ਪ੍ਰੇਮੀ ਅਨੰਦ ਸਾਹਿਬ ਤੇ ਗੁਰਸਤੋਤਰ 'ਚ ਬੋਲੋ ਭਾਈ।

ਹੁਕਮਨਾਮਾ

ਅਰਦਾਸ

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 2019 ਵਿਚ 550 ਸਾਲਾ ਮਨਾਏ ਜਾ ਰਹੇ ਅਵਤਾਰ ਪੁਰਬ ਨੂੰ ਸਮਰਪਿਤ ਗੁਰੂ ਨਾਨਕ ਬਾਣੀ ਤੇ ਆਧਾਰਤ ਲੜੀਵਾਰ ਲੇਖ

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਾਹਕਾਰ ਰਚਨਾ ਆਸਾ ਦੀ ਵਾਰ ਵਿਚ 'ਮਾਨਵ ਸੰਕਟ ਦੀ ਚੇਤਨਾ'

*ਡਾ. ਜਗਜੀਤ ਸਿੰਘ*

ਗੁਰੂ ਨਾਨਕ ਦੇਵ ਜੀ ਦੀ ਸਾਰੀ ਰਚਨਾ ਦਾ ਸਰੋਤ ਬ੍ਰਹਮ-ਅਨੁਭਵ ਹੈ ਜਿਸ ਦਾ ਜ਼ਿਕਰ ਉਨ੍ਹਾਂ ਦੀ ਰਚਨਾ ਵਿਚ ਬਾਰ-ਬਾਰ ਹੋਇਆ ਹੈ। ਆਸਾ ਦੀ ਵਾਰ ਵਿਚ ਬ੍ਰਹਮ-ਸਤਿ ਦਾ ਜੋ ਸਰੂਪ ਸਾਡੇ ਸਾਹਮਣੇ ਆਉਂਦਾ ਹੈ, ਉਹ ਮੂਲ-ਮੰਤਰ ਦੇ 'ੴ ਸਤਿ' ਅਤੇ ਜਪੁਜੀ ਦੇ 'ਆਦਿ ਸਚੁ' ਜੁਗਾਦਿ ਸਚੁ' ਨਾਲੋਂ ਥੋੜ੍ਹਾ ਵਿਲੱਖਣ ਹੈ। ਆਸਾ ਦੀ ਵਾਰ ਦਾ ਪਰਮ-ਸਤ ਸਿਰਜਨਾਤਮਕ ਹੋਂਦ-ਮਈ ਹਸਤੀ ਹੈ ਜੋ -

1. ਆਪਣੇ ਆਪ ਦੀ ਸਿਰਜਨਾ ਕਰਦੀ ਹੈ
2. ਆਪਣੇ ਨਾਮ ਦੀ ਰਚਨਾ ਕਰਦੀ ਹੈ
3. ਸਾਰੀ ਕੁਦਰਤ ਅਥਵਾ ਕਾਇਨਾਤ ਦੀ ਰਚਨਾ ਕਰਦੀ ਹੈ
4. ਜੋ ਸਾਰੀ ਰਚਨਾ ਵਿਚ ਪਰੀਪੂਰਨ ਹੋ ਕੇ ਅਨੰਦ ਮਾਣਦੀ ਹੈ

***ਆਪੀਨ੍ਹੈ ਆਪੁ ਸਾਜਿਓ (1)***
***ਆਪੀਨ੍ਹੈ ਰਚਿਓ ਨਾਉ (2)***
***ਦੁਯੀ ਕੁਦਰਤਿ ਸਾਜੀਐ (3)***
***ਕਰਿ ਆਸਣੁ ਡਿਠੋ ਚਾਉ (4)***

ਅਰਥਾਤ ਪਰਮ ਹਸਤੀ ਨਿਰਾਕਾਰ ਸ਼ੂਨ ਬ੍ਰਹਮ ਨਹੀਂ, ਸਗੋਂ, 'ਕਰਤਾ ਪੁਰਖੁ' ਰੂਪ ਵਿਚ ਜੀਵ, ਜਗਤ ਦੀ ਸਿਰਜਨਾ ਦੀ ਪਾਲਨਾ ਤੇ ਸੰਘਾਰਨ ਨਾਲ ਨਿਕਟਵਰਤੀ ਤੌਰ ਤੇ ਸਬੰਧਿਤ ਹੈ। ਪਰਮ-ਸਤਿ ਦਾ ਅਜਿਹਾ ਸੰਕਲਪ ਭਾਰਤ ਦੇ ਸਾਰੇ ਮਤ-ਮਤਾਂਤਰਾਂ ਤੋਂ ਵਿਲੱਖਣ ਹੈ ਜੋ ਜੈਨ ਅਤੇ ਬੁੱਧ ਮਤ ਵਾਂਗ ਜਾਂ ਤਾਂ ਨਿਰੰਕਾਰ ਦੀ ਹੋਂਦ ਵਿਚ ਯਕੀਨ ਹੀ ਨਹੀਂ ਰਖਦੇ, ਜਾਂ ਨਿਯਾਯ ਅਤੇ ਸਾਂਖ ਵਾਂਗ ਦਵੈਤਵਾਦੀ ਸਿਧਾਂਤ 'ਪੁਰਸ਼' ਅਤੇ ਪ੍ਰਕ੍ਰਿਤੀ ਨੂੰ ਪਰਮੇਸ਼ਰ ਵਾਂਗ ਸਦੀਵੀ ਹਸਤੀ ਮੰਨਦੇ ਹਨ। ਸ਼ੰਕਰਾਚਾਰੀਆ ਦਾ ਨਿਰਾਕਾਰ ਅਦਵੈਤ-ਬ੍ਰਹਮ ਕਠੋਰ, ਨਿਰਇੱਛਤ ਜਾਨ-ਪ੍ਰਾਨ-ਹੀਨ, ਪ੍ਰਭਾਵਹੀਨ, ਪ੍ਰੇਰਨਾਹੀਨ ਰੱਬ ਹੈ ਜਿਸ ਦੀ ਉਪਾਸ਼ਨਾ ਜਾਂ ਪੂਜਾ ਕਰਨ ਨਾਲ ਕੋਈ ਉਤਸ਼ਾਹ ਨਹੀਂ ਪੈਦਾ ਹੁੰਦਾ। ਇਹ ਨਿਰਾਕਾਰ ਬ੍ਰਹਮ ਬੜੀ ਸੁੰਦਰ ਬੋਧਿਕ ਘਾੜਤ ਹੈ ਜਿਸ ਦੀ ਬੁਨਿਆਦੀ ਕਲਪਨਾ ਵਿਚ ਭੁੱਲ ਹੈ। ਉਸ ਅਨੁਸਾਰ ਸੰਸਾਰ ਰਚਨਾ ਇਕ ਭੁਲੇਖਾ ਹੈ, ਛੱਲ ਹੈ, ਰੱਸੀ ਦਾ ਸੱਪ ਹੈ। ਇਸ ਲਈ ਤਿਆਗ ਹੀ ਜੀਵਨ ਦਾ ਅਸਲ ਆਦਰਸ਼ ਹੈ। ਇਸ ਦੇ ਵਿਪਰੀਤ ਗੁਰੂ ਨਾਨਕ ਦੇਵ ਜੀ ਦਾ 'ਕਰਤਾ ਪੁਰਖੁ' ਕੁਦਰਤ ਨੂੰ ਸਾਜਨ ਸਵਾਰਣ ਵਾਲਾ ਹੈ (ਦੁਯੀ ਕੁਦਰਤਿ ਸਾਜੀਐ) ਅਤੇ ਉਸ ਵਿਚ ਪਰੀਪੂਰਨ ਹੋ ਕੇ ਰੰਗਾ ਰੰਗ ਕੁਦਰਤ ਦਾ ਅਨੰਦ ਮਾਣਦਾ ਹੈ (ਕਰਿ ਆਸਣੁ ਡਿਠੋ ਚਾਉ)। ਅਜਿਹੀ ਕਰਤਾਰ ਕਿਰਤ ਮਾਇਆ ਜਾਂ ਭਰਮ ਨਹੀਂ ਸਗੋਂ ਹੋਂਦ ਵਾਲੀ ਹੈ, ਸੱਚੀ ਹੈ, ਧਰਮਸ਼ਾਲ ਹੈ। ਇਸ ਦੇ ਖੰਡ ਬ੍ਰਹਿਮੰਡ, ਲੋਕ, ਕਿਰਤਾਂ, ਆਕਾਰ ਸਭ ਸੱਚੇ ਹਨ -

*ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥*
*ਸਚੇ ਤੇਰੇ ਲੋਅ ਸਚੇ ਆਕਾਰ ॥*
*ਸਚੇ ਤੇਰੇ ਕਰਣੇ ਸਰਬ ਬੀਚਾਰ ॥*
*ਸਚਾ ਤੇਰਾ ਅਮਰੁ ਸਚਾ ਦੀਬਾਣੁ ॥*
*ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥ ........॥ ਅੰਗ - ੪੬੩*

ਪਰਮਾਤਮਾ ਦੀ ਸਿਰਜੀ ਇਹ ਕੁਦਰਤ ਵਿਸਮਾਦਜਨਕ ਹੈ। ਇਸ ਦੀ ਵੰਨ ਸੁਵੰਨਤਾ ਵਿਚ ਅਨੇਕਾਂ ਪ੍ਰਕਾਰ ਦੀ ਸੰਗੀਤਕ ਮਧੁਰ ਧੁਨੀਆਂ, ਬੌਧਿਕ ਗਿਆਨ, ਕਈ ਤਰ੍ਹਾਂ ਦੇ ਜੀਅ ਜੰਤ, ਸੁੰਦਰ ਘਾੜਤਾਂ, ਅਨੂਪਮ ਰੰਗ ਪਉਣ, ਪਾਣੀ, ਅੱਗ ਦੀ ਵਚਿੱਤਰ ਲੀਲਾ, ਧਰਤੀ ਦੀਆਂ ਕਰਾਮਾਤਾਂ, ਅੰਡਜ, ਜੇਰਜ, ਸੇਤਜ ਅਤੇ ਉਤਭੁਜ ਰਾਹੀਂ ਨਿਤ ਨਵੀਂ ਸਿਰਜਨਾ ਸਭ ਕੁਝ ਵਿਸਮਾਦੀ ਮਸਤੀ ਵਾਲਾ ਹੈ -

***ਵਿਸਮਾਦੁ ਨਾਦ ਵਿਸਮਾਦੁ ਵੇਦ ॥ ਵਿਸਮਾਦੁ ਜੀਅ ਵਿਸਮਾਦੁ ਭੇਦ ॥ ਵਿਸਮਾਦੁ ਰੂਪ ਵਿਸਮਾਦੁ ਰੰਗ ॥ ਵਿਸਮਾਦੁ ਨਾਗੇ ਫਿਰਹਿ ਜੰਤ ॥ ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥ ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥ ਵਿਸਮਾਦੁ ਸਾਦਿ ਲਗਹਿ ਪਰਾਣੀ ॥ ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥ ਵਿਸਮਾਦੁ ਭੁਖ ਵਿਸਮਾਦੁ ਭੋਗੁ ॥ ਵਿਸਮਾਦੁ ਸਿਫਤਿ***

***ਵਿਸਮਾਦੁ ਸਾਲਾਹ ॥ ਵਿਸਮਾਦੁ ਉਝੜ ਵਿਸਮਾਦੁ ਰਾਹ ॥ ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥ ਵਿਸਮਾਦੁ ਦੇਖੈ ਹਾਜਰਾ ਹਜੂਰਿ ॥ ਵੇਖਿ ਵਿਡਾਣੁ ਰਹਿਆ ਵਿਸਮਾਦੁ ॥ ਨਾਨਕ ਬੁਝਣੁ ਪੂਰੈ ਭਾਗਿ॥***

*ਅੰਗ- ੪੬੩*

ਇਸ ਸੰਕਲਪ ਨੂੰ ਬਾਰ-ਬਾਰ ਸਪੱਸ਼ਟ ਕੀਤਾ ਹੈ ਕਿ ਸਾਰੀ ਕੁਦਰਤ ਦਾ ਸਿਰਜਣਹਾਰ ਪਰਮਾਤਮਾ ਹੈ। ਕਾਦਰ ਨੂੰ ਉਸ ਦੀ ਕਿਰਤ ਵਿਚੋਂ ਭਾਲਿਆ, ਵੇਖਿਆ ਤੇ ਅਨੁਭਵ ਕੀਤਾ ਜਾ ਸਕਦਾ ਹੈ। ਉਹ ਕੁਦਰਤ ਵਿਚੋਂ ਦਿਸਦਾ ਹੈ। ਸਾਰੇ ਪਾਤਾਲ, ਅਕਾਸ, ਪਉਣ, ਪਾਣੀ, ਅੱਗ ਉਸੇ ਦੀ ਸਿਰਜਨਾ ਹਨ ਤੇ ਉਹ ਇਨ੍ਹਾਂ ਵਿਚ ਆਪ ਵਿਦਮਾਨ ਹੋ ਕੇ ਵਰਤ ਰਿਹਾ ਹੈ ਤੇ ਸੁਚੇਤ ਹੋ ਕੇ ਵੇਖ ਰਿਹਾ ਹੈ -

***ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥ ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥ ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥ ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ ॥ ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥ ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥ ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥ ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥ ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥***

*ਅੰਗ- ੪੬੪*

ਗੁਰੂ ਨਾਨਕ ਦੇਵ ਦਾ ਜਗਤ-ਸਤਿ ਦਾ ਇਹ ਸਿਧਾਂਤ ਉਸ ਸਮੇਂ ਦੇ ਧਰਮ-ਸਿਧਾਂਤਾਂ ਨਾਲੋਂ ਵਖਰਾ ਤੇ ਨਿਵੇਕਲਾ ਹੈ। ਇਹ ਸਤਿ ਦੀ ਪਛਾਣ ਦਾ ਸਿਧਾਂਤ ਹੈ, ਸਤਿ ਜੋ ਸਰਬ ਵਿਆਪਕ ਹੈ, ਹਰੇਕ ਜੀਵ ਵਿਚ ਵਿਦਮਾਨ ਹੈ ਤੇ ਜਿਸ ਦੀ ਸੋਝੀ ਦਾ ਸਿੱਧਾ ਮਾਰਗ ਹੈ-

*ਨਾਨਕ ਸਚੁ ਧਿਆਇਨਿ ਸਚੁ ॥* *ਅੰਗ- ੪੬੩*

ਜਪੁਜੀ ਵਿਚ ਵੀ ਸ੍ਰੀ ਗੁਰੂ ਨਾਨਕ ਦੇਵ ਨੇ ਇਸੇ ਸਮੱਸਿਆ ਨੂੰ ਮੁੱਖ ਰੂਪ ਵਿਚ ਵਿਦਮਾਨ ਕੀਤਾ ਹੈ -

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥*

*ਅੰਗ- ੧*

ਇਸ ਮੂਲ ਸਮੱਸਿਆ ਦਾ ਸਮਾਧਾਨ ਸਪੱਸ਼ਟ ਸ਼ਬਦਾਂ ਵਿਚ 'ਹੁਕਮ' ਦੀ ਪਾਲਨਾ ਹੈ -

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥*

*ਅੰਗ - ੧*

'ਹੁਕਮ' ਜੋ ਮਨੁੱਖ ਦੇ ਅੰਤਹਕਰਣ ਵਿਚ ਵਿਦਮਾਨ ਹੈ। 'ਹੁਕਮ' ਅਤੇ 'ਨਾਮ' ਪ੍ਰਾਯਵਾਚੀ ਸ਼ਬਦ ਹਨ। 'ਹੁਕਮ' ਦੀ ਸੋਝੀ 'ਨਾਮ' ਦੀ ਸੋਝੀ ਹੈ। 'ਨਾਮ' ਸਾਰੀ ਰਚਨਾ ਦਾ ਤੱਤ, ਸਾਰ ਤੇ ਆਧਾਰ ਹੈ (ਜੇਤਾ ਕੀਤਾ ਤੇਤਾ ਨਾਉ) ਗੁਰੂ ਨਾਨਕ ਦੇਵ ਦਾ ਧਰਮ-ਸੰਕਲਪ ਨਾਮ ਰਾਹੀਂ ਸਤਿ ਦਾ ਅਨੁਭਵ ਹੈ -

*ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥*

*ਅੰਗ - ੪*

ਨਾਮ-ਮਾਰਗ ਹੀ ਸਚੁ ਦਾ ਮਾਰਗ ਹੈ। ਸਚੁ ਨੂੰ ਆਰਾਧਣ ਵਾਲੇ ਹੀ ਸਚੇ ਸਚਿਆਰੇ ਮਨੁੱਖ ਹੋ ਸਕਦੇ ਹਨ। ਪਰ ਸ੍ਰੀ ਗੁਰੂ ਨਾਨਕ ਦੇਵ ਦੇ ਸਮੇਂ ਧਰਮ ਦਾ ਅਜਿਹਾ ਸੰਕਲਪ ਪਰ ਲਾ ਕੇ ਉੱਡ ਚੁੱਕਾ ਸੀ -

***ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥ ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥*** *ਅੰਗ- ੧੪੫*

ਸਮੇਂ ਦਾ ਧਰਮ ਇਕ ਰਸਮ ਤਕ ਸੀਮਤ ਸੀ ਜੋ ਨੈਤਿਕ ਅਤੇ ਅਧਿਆਤਮਕ ਦੋਹਾਂ ਗੁਣਾਂ ਤੋਂ ਰਹਿਤ ਸੀ। ਸ੍ਰੀ ਗੁਰੂ ਨਾਨਕ ਦੇਵ ਦਾ ਨਾਮ ਮਾਰਗ ਸੱਚੇ ਪਰਮਾਤਮਾ ਦੀ ਸੱਚੀ ਸਿਰਜਨਾ ਵਿਚ ਨੈਤਿਕ ਜੀਵਨ ਰਾਹੀਂ ਸਤਿ ਦੀ ਪਹਿਚਾਣ ਕਰਾਉਂਦਾ ਹੈ। ਇਸ ਮਾਰਗ ਤੋਂ ਖੁੰਝ ਕੇ ਭਾਰਤੀ ਸਮਾਜ ਅੰਦਰੋਂ ਬਾਹਰੋਂ ਖੋਖਲਾ ਹੋ ਚੁੱਕਾ ਸੀ। ਬਾਹਰਮੁਖੀ ਪੱਖ ਤੋਂ ਵਿਦੇਸ਼ੀ ਹਮਲਿਆਂ ਨੇ ਪਰਾਧੀਨਤਾ ਦਾ ਜੀਵਨ ਦਿਤਾ, ਸਵੈਮਾਨ ਖਤਮ ਹੋਇਆ ਅਤੇ ਸਭਿਆਚਾਰ ਨੂੰ ਤਿਲਾਂਜਲੀ ਦਿਤੀ ਗਈ। ਧਾਰਮਿਕ ਜੀਵਨ ਕੇਵਲ ਪਾਖੰਡ ਦਾ ਜੀਵਨ ਬਣ ਗਿਆ ਸੀ। ਆਸਾ ਦੀ ਵਾਰ ਦੇ ਬਹੁਤ ਸ਼ਲੋਕਾਂ ਵਿਚ ਉਸ ਸਮੇਂ ਦੀ ਸਮਾਜਿਕ ਅਤੇ ਧਾਰਮਿਕ ਸਥਿਤੀ ਦਾ ਜੋ ਯਥਾਰਥਕ ਚਿੱਤਰ ਖਿਚਿਆ ਗਿਆ ਹੈ, ਉਹ ਹੋਰ ਰਚਨਾਵਾਂ ਵਿਚ ਘੱਟ ਹੀ ਉਪਲਬਧ ਹੁੰਦਾ ਹੈ। ਧਰਮ ਦਾ ਆਦਰਸ਼ 'ਸੱਚ ਦੀ ਭਾਲ' ਹੈ, ਸੱਚ ਨਾਲ ਜੋੜਨਾ ਹੈ, ਆਦਰਸ਼ ਮਨੁੱਖ ਤੇ ਆਦਰਸ਼ ਸਮਾਜ ਪੈਦਾ ਕਰਨਾ ਹੈ। ਉਹ ਵੀ ਕੋਈ ਧਰਮ ਹੈ ਜੋ ਵਹਿਮਾਂ, ਭਰਮਾਂ ਪਾਖੰਡਾਂ, ਧੋਖੇਬਾਜ਼ੀਆਂ ਦੁਰਾਚਾਰੀਆਂ ਜ਼ੁਲਮਾਂ, ਮਕਰ-ਫਰੇਬਾਂ ਅਤੇ ਕੁਕਰਮਾਂ ਤੇ ਪਲਦਾ ਹੈ? ਜਦੋਂ ਧਰਮ ਦੀ ਸਿਖਿਆ ਦੇਣ ਵਾਲੇ ਆਗੂ ਹੀ ਝੂਠ ਬੋਲਣ ਵਾਲੇ, ਮਨੁੱਖਤਾ ਦਾ ਗਲਾ ਘੋਟਣ ਵਾਲੇ, ਕਾਤਲ ਅਤੇ ਘੋਰ ਅਗਿਆਨੀ ਹੋਣ, ਤਾਂ ਜਨਤਾ ਦਾ ਕਲਿਆਨ ਕਿਵੇਂ ਹੋ ਸਕਦਾ ਹੈ। ਗੁਰੂ ਜੀ ਨੇ ਧਰਮ ਅਤੇ ਸਮਾਜ ਦੇ ਤਿੰਨਾਂ ਆਗੂਆਂ-ਕਾਜ਼ੀ, ਬ੍ਰਾਹਮਣ ਅਤੇ ਜੋਗੀਆਂ ਦਾ ਵਿਸ਼ਲੇਸ਼ਣ ਕਰਦਿਆਂ ਕਿਹਾ ਹੈ -

*ਕਾਦੀ ਕੂੜੁ ਬੋਲਿ ਮਲੁ ਖਾਇ ॥*

*ਬ੍ਰਾਹਮਣੁ ਨਾਵੈ ਜੀਆ ਘਾਇ ॥*
*ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥*
*ਅੰਗ- ੬੬੨*

ਬ੍ਰਾਹਮਣ ਹਿੰਦੂ ਧਰਮ ਅਤੇ ਸਮਾਜ ਦਾ ਆਗੂ ਸੀ। ਉਸ ਨੇ ਅੰਦਰਲੇ 'ਸਚੁ' ਨੂੰ ਤਿਆਗ ਕੇ ਬਾਹਰੀ ਫੋਕਟ 'ਸੁਚ' ਨੂੰ ਧਰਮ ਕਰਮ ਬਣਾ ਰਖਿਆ ਸੀ ਤੇ ਜਾਤੀ ਅਭਿਮਾਨ, ਹੋਛਾ ਅਹੰਕਾਰ, ਝੂਠ, ਫਰੇਬ, ਲੋਭ, ਲਾਲਚ ਤੇ ਬਾਹਰੀ ਦਿਖਾਵਾ ਉਸ ਦੀ ਜ਼ਿੰਦਗੀ ਬਣ ਚੁੱਕੀ ਸੀ। ਇਸ ਤੋਂ ਹੀ ਸਮਾਜ ਦਾ ਚਲਨ ਬਣਨਾ ਸੀ। ਹਿੰਦੂ ਸਮਾਜ ਇਕ ਪਾਸੇ ਬਾਹਰਲੇ ਜਰਵਾਣਿਆਂ ਦੇ ਜ਼ੁਲਮ ਅਤੇ ਘਿਰਣਾ ਦਾ ਸ਼ਿਕਾਰ ਸੀ, ਦੂਜੇ ਬੰਨੇ ਬ੍ਰਾਹਮਣਵਾਦ ਦੇ ਪਾਖੰਡ ਜਾਲ ਨੇ ਉਸ ਦਾ ਜੀਵਨ ਘੋਰ ਨਰਕ ਬਣਾ ਰਖਿਆ ਸੀ। ਉਚ ਜਾਤੀਆਂ ਦੇ ਲੋਕ ਨੀਵੀਆਂ ਜਾਤੀਆਂ ਨੂੰ ਸ਼ੂਦਰ, ਚੰਡਾਲ, ਪਸ਼ੂ, ਢੋਰ ਕਹਿ ਕੇ ਨਫਰਤ ਕਰਦੇ ਤੇ ਦੁਰਕਾਰਦੇ ਸਨ ਹਾਲਾਂਕਿ ਆਪ ਬ੍ਰਾਹਮਣ ਤੇ ਖੱਤਰੀ ਘੋਰ ਪਾਖੰਡ ਦਾ ਜੀਵਨ ਜੀ ਰਹੇ ਸਨ। ਉਸ ਸਮੇਂ ਦੇ ਭਾਰਤੀ ਜੀਵਨ ਵਿਚ ਗੁਰੂ ਜੀ ਅਨੁਸਾਰ 'ਸਚਿ' ਦਾ ਕਾਲ ਪੈ ਚੁੱਕਾ ਸੀ ਤੇ ਸਭ ਪਾਸੇ ਕੂੜ ਦਾ ਵਰਤਾਰਾ ਸੀ।

*ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥*
*ਅੰਗ- ੪੬੮*

ਰਾਜਸੀ ਹਾਕਮ ਭਾਰਤੀ ਜਨਤਾ ਉਪਰ ਨਾ ਕੇਵਲ ਇਸ ਲਈ ਜ਼ੁਲਮ ਕਰਦੇ ਸੀ ਕਿ ਉਹ ਮੁਸਲਮਾਨ ਨਹੀਂ, ਹਿੰਦੂ ਧਰਮ ਦੇ ਧਾਰਨੀ ਹਨ, ਸਗੋਂ ਇਸ ਲਈ ਵੀ ਕਿ ਅਚਾਰਣਕ ਤੌਰ ਤੇ ਉਹ ਆਪ ਵੀ ਨੀਵੀਂ ਕਿਸਮ ਦੇ ਮਨੁੱਖ ਸਨ। ਲਾਲਚੀ, ਪਾਪੀ, ਝੂਠੇ ਅਤੇ ਕਾਮੀ ਅਹਿਲਕਾਰਾਂ ਤੋਂ ਕਿਵੇਂ ਨਿਆਂ ਦੀ ਆਸ ਕੀਤੀ ਜਾ ਸਕਦੀ ਹੈ? ਇਕ ਪਾਸੇ ਹਾਕਮ ਸ਼੍ਰੇਣੀ ਦਾ ਇਹ ਹਾਲ ਹੈ। ਦੂਜੇ ਬੰਨੇ ਧਰਮ ਓਤੇ ਸਮਾਜ ਦੇ ਬਾਨੀ ਕਾਜ਼ੀ, ਬ੍ਰਾਹਮਣ ਅਤੇ ਯੋਗੀਆਂ ਦਾ ਨੀਵਾਂ ਕਿਰਦਾਰ ਅਤੇ ਤੀਜੀ ਥਾਵੇਂ ਹਾਕਮਾਂ ਅਤੇ ਕਾਜ਼ੀ ਬ੍ਰਾਹਮਣਾਂ ਵਲੋਂ ਨਪੀੜੀ ਜਨਤਾ ਅਗਿਆਨਤਾ ਦੇ ਘੋਰ ਹਨ੍ਹੇਰੇ ਵਿਚ ਪਸੂ ਢੋਰਾਂ ਵਾਲਾ ਜੀਵਨ ਜੀਉਣ ਤੇ ਮਜਬੂਰ ਹੈ। ਇਹ ਸਾਰਾ ਚਿੱਤਰ ਨਿਮਨ ਸਲੋਕ ਵਿਚ ਵਿਅਕਤ ਹੋ ਰਿਹਾ ਹੈ -

*ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥*
*ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥*
*ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥*
*ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥*
*ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥*
*ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥*
*ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥*
*ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥*
*ਅੰਗ- ੪੬੯*

ਇਸ ਤਰ੍ਹਾਂ ਦੇ ਦਵੰਦ ਅਤੇ ਪਾਖੰਡ ਭਰੇ ਜੀਵਨ ਦਾ ਨਕਸ਼ਾ ਆਸਾ ਦੀ ਵਾਰ ਦੇ ਸ਼ਲੋਕਾਂ ਵਿਚ ਵਿਦਮਾਨ ਹੈ। ਕੁਝ ਕੁ ਪ੍ਰਮੁੱਖ ਝਲਕਾਂ ਹੇਠ ਦਿਤੀਆਂ ਜਾਂਦੀਆ ਹਨ -

1. ਬ੍ਰਾਹਮਣ - ਕਦੀ ਬ੍ਰਾਹਮਣ ਹਿੰਦੂ ਧਰਮ ਦਾ ਸਭ ਤੋਂ ਵੱਧ ਸਤਿਕਾਰਯੋਗ ਵਿਅਕਤੀ ਸੀ ਪਰ ਗੁਰੂ ਜੀ ਦੇ ਸਮੇਂ ਬ੍ਰਾਹਮਣੀ ਤਹਿਜ਼ੀਬ, ਕਰਮ ਧਰਮ ਅਤੇ ਕਿਰਦਾਰ ਕੇਵਲ ਝੂਠ ਦੀ ਨੁਮਾਇਸ਼ ਬਣ ਚੁੱਕੀ ਸੀ। ਉਹ ਸਚੁ ਦੇ ਰਸਤੇ ਤੋਂ ਭਟਕ ਚੁੱਕਾ ਸੀ ਅਤੇ ਦਿਖਾਵੇ ਦੇ ਅਡੰਬਰ ਵਿਚ ਵਿਲੀਨ ਸੀ। ਉਹ ਦੋ ਧੋਤੀਆਂ, ਦੋ ਪਰਨੇ ਪਾਸ ਰਖਦਾ ਹੈ, ਬਗਲ ਵਿਚ ਧਰਮ ਪੁਸਤਕਾਂ ਰਖਦਾ ਹੈ, ਬਗਲੇ ਦੀ ਤਰ੍ਹਾਂ ਅੱਖਾਂ ਬੰਦ ਕਰਦੇ ਲੋਕਾਂ ਸਾਹਮਣੇ ਸੰਧਿਆ ਵੀ ਕਰਦਾ ਹੈ, ਮੂਰਤੀ ਨੂੰ ਜਲ ਦਿੰਦਾ, ਫੁੱਲ ਚੜ੍ਹਾਉਂਦਾ ਅਤੇ ਪੂਜਾ ਕਰਦਾ ਹੈ। ਮੱਥੇ ਅਤੇ ਬਾਹਾਂ ਤੇ ਤਿਲਕ ਵੀ ਲਗਾਉਂਦਾ ਹੈ। ਪਰ ਇਹ ਸਭ ਕੁਝ ਲੋਕਾਂ ਨੂੰ ਠੱਗਣ ਅਤੇ ਪੈਸੇ ਬਟੋਰਨ ਲਈ ਝੂਠ ਅਤੇ ਫਰੇਬ ਦਾ ਅਡੰਬਰ ਰਚਦਾ ਹੈ। ਇਸ ਤਰ੍ਹਾਂ ਉਹ ਆਪਣੀ ਆਤਮਾ ਅਤੇ ਪਰਮਾਤਮਾ ਦੋਹਾਂ ਨਾਲ ਧੋਖਾ ਕਰਦਾ ਹੈ। ਅੰਦਰ ਦੀ ਸੁਚ ਅਤੇ ਸੱਚ ਤੋਂ ਕੋਰਾ ਬਾਹਰੀ ਭੇਖ ਨਿਰਾ ਪਾਖੰਡ-ਜਾਲ ਹੈ -

*ਪੜਿ ਪੁਸਤਕ ਸੰਧਿਆ ਬਾਦੰ ॥*
*ਸਿਲ ਪੂਜਸਿ ਬਗੁਲ ਸਮਾਧੰ ॥*
*ਮੁਖਿ ਝੂਠ ਬਿਭੂਖਣ ਸਾਰੰ ॥*
*ਤ੍ਰੈਪਾਲ ਤਿਹਾਲ ਬਿਚਾਰੰ ॥*
*ਗਲਿ ਮਾਲਾ ਤਿਲਕੁ ਲਿਲਾਟੰ ॥*
*ਦੁਇ ਧੋਤੀ ਬਸਤ੍ਰ ਕਪਾਟੰ ॥*
*ਜੇ ਜਾਣਸਿ ਬ੍ਰਹਮੰ ਕਰਮੰ ॥*
*ਸਭਿ ਫੋਕਟ ਨਿਸਚਉ ਕਰਮੰ ॥*
*ਕਹੁ ਨਾਨਕ ਨਿਹਚਉ ਧਿਆਵੈ ॥*
*ਵਿਣੁ ਸਤਿਗੁਰ ਵਾਟ ਨ ਪਾਵੈ ॥* *ਅੰਗ- ੪੭੦*

ਮਲੀਨ ਮਨ ਬ੍ਰਾਹਮਣ ਇਕ ਪਾਸੇ ਧੋਤੀ, ਟਿਕਾ ਅਤੇ ਮਾਲਾ ਆਸਰੇ ਬਾਹਰੀ ਸੁਚ ਦਾ ਪਾਖੰਡ ਰਚਦਾ ਹੈ ਪਰ ਅੰਦਰ ਖਾਤੇ ਮੁਸਲਮਾਨ ਹਾਕਮਾਂ ਦੀ ਖੁਸ਼ੀ ਲੈਣ ਲਈ ਉਨ੍ਹਾਂ ਦੀਆਂ ਕਤੇਬਾਂ ਪੜ੍ਹਦਾ ਹੈ, ਤੁਰਕਾਂ ਦੇ ਅਮਲ ਧਾਰਨ ਕਰਦਾ ਹੈ, ਇਕ ਪਾਸੇ ਉਹ ਮੁਸਲਮਾਨਾਂ ਨੂੰ ਨਫਰਤ ਸਹਿਤ ਮਲੇਛ ਕਹਿੰਦਾ ਹੈ ਤੇ ਦੂਜੇ ਪਾਸੇ ਉਨ੍ਹਾਂ ਮਲੇਛਾਂ ਤੋਂ ਧਨ ਮੰਗਣ ਵਿਚ ਸ਼ਰਮ ਨਹੀਂ ਮਹਿਸੂਸ ਕਰਦਾ। ਉਪਰੋਂ ਸੁਚ ਦਾ ਪ੍ਰਚਾਰ ਕਰਦਾ ਹੈ, ਲੋਕਾਂ ਨੂੰ ਮਾਸ ਖਾਣ ਤੋਂ ਰੋਕਦਾ ਹੈ, ਮਾਸਾਹਾਰੀਆਂ ਨੂੰ ਰਾਖਸ਼ ਕਹਿੰਦਾ ਹੈ ਪਰ ਆਪ ਚੋਰੀ ਛੁਪੇ ਮੁਸਲਮਾਨਾਂ ਦਾ ਕਲਮਾ ਪੜ੍ਹ ਕੇ ਤਿਆਰ ਕੀਤਾ ਕੁੱਠਾ ਬਕਰਾ ਬੇਸ਼ਰਮੀ ਨਾਲ ਖਾ ਜਾਂਦਾ ਹੈ। ਐਸਾ ਫਰੇਬੀ ਲੋਕਾਂ ਨੂੰ ਮਕਰ ਜਾਲ ਵਿਚ ਫਾਹੁਣ ਲਈ ਆਪਣੇ ਚਉਕੇ ਉਪਰ ਗਊ

ਦੇ ਗੋਬਰ ਦਾ ਪੋਚਾ ਫੇਰਦਾ ਹੈ, ਆਸ ਪਾਸ ਲਕੀਰਾਂ ਕਢਦਾ ਹੈ ਤੇ ਉਸ ਉਪਰ ਆਪ ਜੋ ਝੂਠ ਫਰੇਬ ਦੀ ਮੂਰਤ ਹੈ, ਬਿਰਾਜਮਾਨ ਹੋ ਜਾਂਦਾ ਹੈ। ਲੋਕਾਂ ਨੂੰ ਨੇੜੇ ਆਉਣ ਤੋਂ ਵਰਜਦਾ ਹੈ, ਇਹ ਕਹਿ ਕੇ ਕਿ ਉਸ ਦਾ ਚੌਂਕਾ ਭਿੱਟ ਜਾਵੇਗਾ ਤੇ ਇਸ ਤਰ੍ਹਾਂ ਤਿਆਰ ਕੀਤਾ ਅੰਨ ਬਰਬਾਦ ਹੋ ਜਾਵੇਗਾ। ਝੂਠੇ, ਫਰੇਬੀ, ਕਾਲਖ ਭਰੇ ਮਨ ਵਾਲਾ ਬ੍ਰਾਹਮਣ ਬਾਹਰਲੀ ਸੁੱਚ ਦਰਸਾਉਣ ਲਈ ਚੁਲੀਆਂ ਭਰਦਾ ਹੈ -

*ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥*
*ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥*
*ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥*
*ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥ ੧ ॥*
*ਅੰਗ- ੪੭੧*

***ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥ ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥ ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥ ਦੇ ਕੈ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ ॥ ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥ ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥ ਕਹੁ ਨਾਨਕ ਸਚੁ ਧਿਆਈਐ॥ ਸੁਚਿ ਹੋਵੈ ਤਾ ਸਚੁ ਪਾਈਐ ॥ ਅੰਗ- ੪੭੨***

ਕੀ ਅੱਜ ਦਾ ਸਮਾਜ ਤੇ ਰਸਮੀ ਧਰਮ ਇਸ ਨੀਵਾਣ ਵਲ ਤਾਂ ਨਹੀਂ ਜਾ ਰਹੇ?

## ਬ੍ਰਾਹਮਣਵਾਦ ਦਾ ਪਾਖੰਡ ਜਾਲ -

1. ਜਾਤ, ਵਰਨ - ਬ੍ਰਾਹਮਣਵਾਦ ਕਾਰਨ ਜਾਤ ਅਭਿਮਾਨ ਸਿਖਰਾਂ ਤੇ ਪੁੱਜ ਚੁੱਕਾ ਸੀ। ਬ੍ਰਾਹਮਣ, ਖੱਤਰੀ, ਵੈਸ ਅਤੇ ਸ਼ੂਦਰ ਦਾ ਆਪਸੀ ਮੇਲ ਜੋਲ ਉੱਕਾ ਨਹੀਂ ਸੀ। ਨੀਵੀਆਂ ਜਾਤਾਂ ਨੂੰ ਚੰਡਾਲ, ਅਛੂਤ ਕਹਿ ਕੇ ਦੁਰਕਾਰਿਆ ਜਾਂਦਾ ਸੀ। ਗੁਰੂ ਜੀ ਦਾ ਕੋਮਲ ਹਿਰਦਾ ਨੀਵੀਆਂ ਜਾਤੀਆਂ ਲਈ ਹਮਦਰਦੀ ਨਾਲ ਭਰ ਗਿਆ ਤੇ ਗੁਰੂ ਜੀ ਨੇ ਉਹਨਾਂ ਨੂੰ ਆਪਣਾ ਸੰਗੀ ਸਾਥੀ ਬਣਾਇਆ -

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥*
*ਅੰਗ- ੧੫*

ਗੁਰੂ ਜੀ ਅਨੁਸਾਰ ਸਮੁੱਚੀ ਮਾਨਵ ਜਾਤੀ ਦਾ ਇਕੋ ਧਰਮ ਹੈ, ਸਭ ਮਨੁੱਖ ਇਕੋ ਅਕਾਲ ਪੁਰਖ ਦੀ ਕਿਰਤ ਹਨ। ਜਾਤਾਂ ਦੀ ਵੰਡ ਅਣਮਨੁੱਖੀ ਹੈ। ਸਭ ਵਿਚ ਇਕੋ ਪ੍ਰਮਾਤਮਾ ਦੀ ਜੋਤ ਵਿਚਰ ਰਹੀ ਹੈ -

***ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ॥ ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ ॥ ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ 3 ॥ ਮਃ 2 ॥ ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ ॥ ਆਤਮਾ ਬਾਸੁਦੇਵਸਿ੍ ਜੇ ਕੋ ਜਾਣੈ ਭੇਉ ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ 4 ॥ ਅੰਗ- ੪੬੯***

ਪਰਮਾਤਮਾ ਦੀ ਦਰਗਾਹ ਵਿਚ 'ਜਾਤਿ' ਨੂੰ ਨਹੀਂ ਪੁਛਿਆ ਜਾਣਾ, ਸਗੋਂ ਮਨੁੱਖ ਦੇ ਕਰਮ ਹੀ ਉਸ ਦਾ ਸਾਥ ਦੇਣਗੇ। ਅਸਲ ਜਾਤ ਮਨੁੱਖ ਦੇ ਚੰਗੇ ਮਾੜੇ ਕਰਮ ਹਨ -

*ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥*
*ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥ ਅੰਗ- ੪੬੯*

## ਇਸਤ੍ਰੀ ਜਾਤੀ ਨਾਲ ਬਦਸਲੂਕੀ -

ਬ੍ਰਾਹਮਣਵਾਦ ਕਾਰਨ ਇਸਤ੍ਰੀ ਨੂੰ ਸ਼ੂਦਰ ਤੇ ਵਿਭਚਾਰਣ ਕਹਿ ਕੇ ਅੰਤ ਨੀਵਾਂ ਦਰਜਾ ਦਿਤਾ ਗਿਆ। ਪਰੰਪਰਾ ਹੀ ਨਾਰੀ ਨੂੰ ਭੰਗਿਆ ਜਾ ਰਿਹਾ ਹੈ। ਤੁਲਸੀ ਰਾਮਾਇਣ ਵਿਚ ਲਿਖਿਆ ਹੈ -

*ਢੋਲ ਗੰਵਾਰ ਸੂਦਰ ਪਸ਼ੂ ਨਾਰੀ,*
*ਪਾਂਚੋ ਤਾੜਨਾ ਕੋ ਅਧਿਕਾਰੀ।*

ਗੁਰੂ ਜੀ ਨੇ ਇਸ ਪਰੰਪਰਾ ਨੂੰ ਤੋੜਿਆ। ਇਸਤ੍ਰੀ ਨੂੰ ਬ੍ਰਾਹਮਣਵਾਦ ਦੇ ਪਾਖੰਡ ਜਾਲ ਵਿਚੋਂ ਕੱਢ ਕੇ ਸਤਿਕਾਰਯੋਗ ਰੁਤਬਾ ਪ੍ਰਦਾਨ ਕੀਤਾ। ਗੁਰੂ ਜੀ ਅਨੁਸਾਰ ਇਸਤ੍ਰੀ ਮਹਾਂਪੁਰਖਾਂ ਦੀ ਜਨਨੀ ਹੈ। ਉਹ ਸਮਾਜ ਦਾ ਮਹੱਤਵਪੂਰਣ ਅੰਗ ਹੈ, ਮੁਕਤੀ ਵਿਚ ਰੋੜਾ ਨਹੀਂ, ਸਗੋਂ ਮੁਕਤੀ ਦੇ ਰਾਹ ਦੀ ਰਹਿਨੁਮਾ ਹੈ -

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਅੰਗ- ੪੭੩*

ਜੈਨ ਮੱਤ ਵਿਚ ਇਸਤ੍ਰੀ ਮੁਕਤੀ ਦੀ ਹਕਦਾਰ ਨਹੀਂ। ਬੁੱਧ ਮਤ ਵਿਚ ਇਸਤ੍ਰੀ ਦਾ ਕੋਈ ਰੁਤਬਾ ਨਹੀਂ। ਸਮਾਜ ਦਾ ਅੱਧਾ ਅੰਗ ਇਸਤ੍ਰੀ ਹੈ ਜੋ ਨਫਰਤ ਤੇ ਵਿਤਕਰੇ ਦਾ ਸ਼ਿਕਾਰ ਸੀ। ਸਮਾਜਿਕ ਚਲਨ ਨੂੰ ਸੁਧਾਰਨ ਲਈ ਜ਼ਰੂਰੀ ਸੀ ਕਿ ਇਸਤ੍ਰੀ ਨੂੰ ਸਤਿਕਾਰਯੋਗ ਸਥਾਨ ਪ੍ਰਦਾਨ ਕੀਤਾ ਜਾਂਦਾ। ਅੱਜ ਵੀ ਦੱਖਣੀ ਭਾਰਤ ਦੇ ਕਈ ਮੰਦਰਾਂ ਵਿਚ ਵਿਸ਼ੇਸ਼ ਉਮਰ ਦੀਆਂ ਇਸਤ੍ਰੀਆਂ ਦਾ ਜਾਣਾ ਵਰਜਿਤ ਹੈ। ਇਸ ਪੁਰਾਤਨ ਪਰੰਪਰਾ ਨੂੰ ਭੰਗ ਕਰਨ ਤੇ ਵੱਡੀ ਪੱਧਰ ਤੇ ਫਸਾਦ ਹੋਏ ਹਨ।

*'ਚਲਦਾ...........।'*

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-45)*

**ਸਿਰੀਰਾਗੁ ਮਹਲਾ ੩**
**ਸੁਖ ਸਾਗਰੁ ਹਰਿ ਨਾਮੁ ਹੈ**
**ਗੁਰਮੁਖਿ ਪਾਇਆ ਜਾਇ॥**

ਹੇ ਭਾਈ! ਸੁੱਖਾਂ ਦੇ ਸਾਗਰੁ=ਸਮੁੰਦਰ ਹਰਿ ਨਾਮੁ=ਪ੍ਰਭੂ ਦਾ ਨਾਮ ਹੈ ਭਾਵ ਦੁਨੀਆਂ ਸੰਸਾਰ ਦੇ ਵਿਸ਼ੇ ਭੋਗ, ਖਾਣ, ਪੀਣ ਤੇ ਧਨ ਸੰਗ੍ਰਹਿ ਆਦਿ 'ਚੋਂ ਲੱਭਦੇ ਹਨ, ਪਰ ਅਸਲ ਵਿਚ ਸੁੱਖਾਂ ਦਾ ਸਾਗਰ ਹਰਿ ਨਾਮਹੀ ਹੈ, ਜੋ ਗੁਰਮੁਖਾਂ ਦੀ ਸੰਗਤ ਕਰਕੇ ਹੀ ਪਾਇਆ=ਪ੍ਰਾਪਤ ਕੀਤਾ ਜਾਇ=ਜਾਂਦਾ ਹੈ।

**ਅਨ ਦਿਨੁ ਨਾਮੁ ਧਿਆਈਐ**
**ਸਹਜੇ ਨਾਮਿ ਸਮਾਇ॥**

ਜੋ ਅਨ ਦਿਨੁ=ਹਰ ਰੋਜ਼ ਦਿਨ ਰਾਤ ਪ੍ਰਮੇਸ਼ਰ ਦਾ ਨਾਮ ਧਿਆਈਐ=ਧਿਆਉਂਦੇ ਹਨ ਅਤੇ ਨਾਮ ਜਪਦੇ ਹੋਏ ਸਹਜੇ=ਸੁਤੇ ਹੀ ਵਾਹਿਗੁਰੂ ਦੇ ਨਾਮ 'ਚ ਸਮਾਇ=ਲੀਨ ਹੋ ਜਾਂਦੇ ਹਨ।

**ਅੰਦਰੁ ਰਚੈ ਹਰਿ ਸਚ ਸਿਉ;**
**ਰਸਨਾ ਹਰਿ ਗੁਣ ਗਾਇ॥**

ਅੰਦਰੁ=ਹਿਰਦੇ ਕਰਕੇ ਉਹ ਸੱਚੇ ਪਰਮੇਸ਼ਰ ਨਾਲ ਰਚੈ=ਮਿਲ ਜਾਦੇ ਹਨ ਅਤੇ ਰਸਨਾ ਦੁਆਰਾ ਵੀ ਹਰਿ=ਪ੍ਰਭੂ ਦੇ ਗੁਣਾਂ ਨੂੰ ਗਾਇ=ਗਾਉਂਦੇ ਹਨ। ਉਹ ਗੁਰਮੁਖ ਹਨ।

**ਭਾਈ ਰੇ ਜਗੁ ਦੁਖੀਆ ਦੂਜੈ ਭਾਇ॥**

ਹੇ ਭਾਈ! ਦਵੈਤ-ਭਾਵ ਕਰਕੇ ਸਾਰਾ ਸੰਸਾਰ ਹੀ ਦੁਖੀ ਹੋ ਰਿਹਾ ਹੈ ਅਰਥਾਤ ਦਵੈਤ ਭਾਵ ਭਾਇ 'ਚ ਲੱਗੇ ਹੋਏ ਜੀਵ ਆਸਾ, ਤ੍ਰਿਸ਼ਨਾ, ਕਾਮ, ਕ੍ਰੋਧ ਆਦਿ ਵਿਚ ਲੱਗੇ ਹੋਏ ਹਨ।

**ਗੁਰ ਸਰਣਾਈ ਸੁਖੁ ਲਹਹਿ**
**ਅਨ ਦਿਨੁ ਨਾਮੁ ਧਿਆਇ॥੧॥ ਰਹਾਉ॥**

ਉਹ ਗੁਰ=ਗੁਰਾਂ ਦੀ ਸਰਣਾਈ=ਸ਼ਰਨ ਵਿਚ ਪੈ ਕੇ ਆਤਮਿਕ ਸੁਖ ਨੂੰ ਪਾ ਲਹਹਿ=ਲੈਂਦੇ ਹਨ, ਭਾਵ ਪ੍ਰਾਪਤ ਕਰ ਲੈਂਦੇ ਹਨ ਵਾ: ਜਿਹੜੇ ਅਨ ਦਿਨੁ=ਦਿਨ ਰਾਤ ਵਾ: ਹਰ ਰੋਜ਼ ਨਾਮ ਨੂੰ ਧਿਆਇ=ਧਿਆਨ ਦੁਆਰਾ ਧਿਆਉਂਦੇ ਹਨ।

**ਸਾਚੇ ਮੈਲੁ ਨ ਲਾਗਈ**
**ਮਨੁ ਨਿਰਮਲੁ ਹਰਿ ਧਿਆਇ॥**

ਉਹ ਸੱਚੇ ਪੁਰਸ਼ ਬ੍ਰਹਮ 'ਚ ਅਭੇਦ ਹੋ ਗਏ ਹਨ। ਫਿਰ ਉਨ੍ਹਾਂ ਨੂੰ ਸੰਸਾਰ ਦੇ ਵਿਕਾਰਾਂ ਦੀ ਮੈਲ ਨਹੀਂ ਲਾਗਈ=ਲੱਗਦੀ, ਜਿਨ੍ਹਾਂ ਨੇ ਪ੍ਰਭੂ ਨੂੰ ਧਿਆ ਕੇ ਆਪਣਾ ਮਨ ਨਿਰਮਲੁ=ਉਜਲਾ ਕਰ ਲਿਆ ਹੈ।

**ਗੁਰਮੁਖਿ ਸਬਦੁ ਪਛਾਣੀਐ**
**ਹਰਿ ਅੰਮ੍ਰਿਤ ਨਾਮਿ ਸਮਾਇ॥**

ਹੇ ਭਾਈ! ਗੁਰਮੁਖਾਂ ਦੀ ਸੰਗਤ ਕਰ ਕੇ ਸਬਦੁ=ਬ੍ਰਹਮ ਦੀ ਪਛਾਣ ਕਰੀਏ। ਜਦੋਂ ਅੰਮ੍ਰਿਤ ਰੂਪੀ ਹਰਿ=ਪ੍ਰਭੂ ਦਾ ਨਾਮ ਪ੍ਰਾਪਤ ਹੋ ਜਾਵੇ ਤਾਂ ਨਾਮਿ=ਨਾਮੀ ਵਾਹਿਗੁਰੂ 'ਚ ਸਮਾਇ=ਅਭੇਦ ਹੋ ਜਾਈਦਾ ਹੈ।

**ਗੁਰ ਗਿਆਨੁ ਪ੍ਰਚੰਡੁ ਬਲਾਇਆ**
**ਅਗਿਆਨੁ ਅੰਧੇਰਾ ਜਾਇ॥੨॥**

ਜਦੋਂ ਸਤਿਗੁਰਾਂ ਨੇ ਪ੍ਰਚੰਡੁ=ਅਤੀ ਤੇਜ ਵਾਲਾ ਅਪਰੋਖ ਗਿਆਨ ਰੂਪੀ ਦੀਪਕ ਹਿਰਦੇ 'ਚ ਬਲਾਇਆ=ਜਗਾ ਦਿਤਾ ਭਾਵ ਬਾਲ ਦਿਤਾ, ਜਿਸ ਦਾ ਸਦਕਾ ਹਿਰਦੇ ਵਿਚੋਂ ਅਗਿਆਨਤਾ ਰੂਪੀ ਅੰਧੇਰਾ=ਅੰਧਕਾਰ ਚਲਿਆ ਜਾਂਦਾ ਹੈ।

**ਮਨਮੁਖ ਮੈਲੇ ਮਲੁ ਭਰੇ**
**ਹਉਮੈ ਤ੍ਰਿਸਨਾ ਵਿਕਾਰੁ॥**

ਜਿਹੜੈ ਮਨਮੁਖ ਪੁਰਸ਼ ਵਿਸ਼ਿਆਂ ਕਰਕੇ ਮੈਲੇ=ਅਸ਼ੁੱਧ ਹੋ ਰਹੇ ਹਨ ਤੇ ਸਰੀਰ ਕਰਕੇ ਵੀ ਪਾਪਾਂ ਦੀ ਮੈਲ ਨਾਲ ਭਰੇ ਹੋਏ ਹਨ ਅਤੇ ਹਉਮੈ=ਤਨ ਹੰਗਤਾ, ਤ੍ਰਿਸ਼ਨਾ=ਰਸਾਂ ਕਸਾਂ ਤੇ ਪਦਾਰਥਾਂ ਦੀ ਭੁੱਖ ਅਤੇ ਕਾਮਾਦਿਕ ਵਿਕਾਰਾਂ 'ਚ ਫਸੇ ਹੋਏ ਹਨ।

**ਬਿਨੁ ਸਬਦੈ ਮੈਲੁ ਨ ਉਤਰੈ**
**ਮਰਿ ਜੰਮਹਿ ਹੋਇ ਖੁਆਰੁ॥**

ਉਨ੍ਹਾ ਦੀ ਬਿਨਾਂ ਗੁਰ ਸਬਦੈ=ਉਪਦੇਸ਼ ਤੋਂ ਮੈਲ ਨਹੀਂ ਉਤਰਦੀ ਤੇ ਉਹ ਮਨਮੁਖ ਮਰਦੇ ਤੇ ਜੰਮਦੇ ਹੋਏ ਦੁਨੀਆਂ 'ਚ ਖੁਆਰੁ=ਦੁਖੀ ਤੇ ਖਰਾਬ ਹੁੰਦੇ ਹਨ।

**ਧਾਤਰੁ ਬਾਜੀ ਪਲਚਿ ਰਹੇ**
**ਨਾ ਉਰਵਾਰੁ ਨ ਪਾਰੁ॥**

ਇਹ ਦੁਨੀਆਂ ਧਾਤੁਰ ਬਾਜੀ=ਧਾ ਜਾਣ ਵਾਲੀ ਮਾਇਆ ਦੀ ਬਾਜ਼ੀ, ਬਣਾਈ ਹੋਈ ਹੈ। ਸਭ ਜੀਵ ਇਸੇ ਵਿਚ ਪਲਚਿ ਰਹੇ=ਫਸ ਰਹੇ ਹਨ ਵਾ: ਧਾਤੁਰ ਬਾਜੀ=ਜੋ ਨਸ਼ਟ ਹੋਣ ਵਾਲੀ ਸੰਸਾਰ ਰੂਪੀ ਬਾਜ਼ੀ ਹੈ, ਸਾਰੇ ਜੀਵ ਇਸੇ ਵਿਚ ਇੰਦ੍ਰਜਾਲ ਦੀ ਨਿਆਈਂ ਫਸੇ ਹੋਏ ਹਨ ਵਾ: ਜਿਵੇਂ ਧਾਤਰ ਬਾਜ਼ੀ 'ਚ ਪਰਚ ਰਹੇ ਹੁੰਦੇ ਹਨ, ਉਵੇਂ ਹੀ ਸਭ ਪਰਚ ਰਹੇ ਹਨ।

**ਗੁਰਮੁਖਿ ਜਪ ਤਪ ਸੰਜਮੀ**
**ਹਰਿ ਕੈ ਨਾਮਿ ਪਿਆਰੁ॥**

ਗੁਰਮੁਖਾਂ ਦਾ ਕੀਤਾ ਹੋਇਆ ਜਪ, ਤਪ ਤੇ ਸੰਜਮੀ=ਇੰਦ੍ਰੀਆਂ ਦਾ ਦਮਨ, ਸਭ ਸਫਲਾ ਹੈ ਕਿਉਂਕਿ ਉਹ ਹਰਿ=ਪ੍ਰਭੂ ਦੇ ਨਾਮਿ=ਨਾਮ ਨਾਲ ਪਿਆਰੁ=ਸਨੇਹ ਕਰਦੇ ਹਨ ਵਾ: ਗੁਰਮੁਖਾਂ ਦਾ ਜਪ, ਤਪ ਸੇਵਾ ਤੇ ਸੰਜਮੀ=ਇੰਦ੍ਰੀਆਂ ਦਾ ਰੋਕਣਾ ਆਦਿ ਇਹੋ ਹੀ ਹੈ, ਜੋ ਉਹ ਪਰਮੇਸ਼ਰ ਨਾਲ ਪਿਆਰ ਕਰਦੇ ਹਨ।

**ਗੁਰਮੁਖਿ ਸਦਾ ਧਿਆਈਐ**
**ਏਕੁ ਨਾਮੁ ਕਰਤਾਰੁ॥**

ਇਸ ਲਈ ਗੁਰਮੁਖਿ=ਗੁਰਮੁਖਾਂ ਦੀ ਸੰਗਤ 'ਚ ਮਿਲ ਕੇ ਵਾ: ਗੁਰਮੁਖ ਹੋ ਕੇ ਸਦਾ ਹੀ ਉਸ ਨੂੰ ਧਿਆਉਣਾ ਕਰੀਏ, ਜੋ ਇਕ ਕਰਤਾਰ ਦਾ ਨਾਮ ਹੈ, ਭਾਵ ਇਕ ਕਰਤਾਰ ਦੇ ਨਾਮ ਨੂੰ ਹੀ ਧਿਆਈਏ।

**ਨਾਨਕ ਨਾਮੁ ਧਿਆਈਐ**
**ਸਭਨਾ ਜੀਆ ਕਾ ਆਧਾਰੁ॥**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਭਾਈ! ਉਸ ਪ੍ਰਭੂ ਦੇ ਨਾਮ ਨੂੰ ਧਿਆਨ ਦੁਆਰਾ ਧਿਆਉਣਾ ਕਰੀਏ, ਜੋ ਸਾਰੇ ਜੀਵਾਂ ਕਾ=ਦਾ ਆਧਾਰੁ=ਆਸਰਾ ਹੈ ਵਾ: ਜੋ ਸਾਰੇ ਜੀਵਾਂ ਦੇ ਹਿਰਦਿਆਂ ਦਾ ਬ੍ਰਹਮ ਰੂਪ ਚੇਤਨ ਹੈ।

**ਸ੍ਰੀ ਰਾਗੁ ਮਹਲਾ ੩**
**ਮਨਮੁਖੁ ਮੋਹਿ ਵਿਆਪਿਆ**
**ਬੈਰਾਗੁ ਉਦਾਸੀ ਨ ਹੋਇ॥**

ਹੇ ਭਾਈ! ਮਨਮੁਖੁ=ਮਨ ਨੂੰ ਮੁਖੀ ਰੱਖਣ ਵਾਲੇ ਪੁਰਖ ਸਦਾ ਹੀ ਪਦਾਰਥਾਂ ਦੇ ਮੋਹਿ=ਮੋਹ ਵਿਚ ਵਿਆਪਿਆ=ਲੱਗੇ ਰਹਿੰਦੇ ਹਨ, ਜਿਸ ਕਰਕੇ ਉਨ੍ਹਾਂ ਨੂੰ ਬੈਰਾਗੁ=ਵੈਰਾਗਵਾਨ ਵਾਲੀ ਤੇ ਉਦਾਸੀ=ਉਦਾਸੀਨ, ਉਪਰਾਮਤਾ ਵਾਲੀ ਅਵਸਥਾ ਪ੍ਰਾਪਤ ਨਾ=ਨਹੀਂ ਹੋਇ=ਹੁੰਦੀ। ਭਾਵ ਉਹ ਮਨਮੁਖ ਜੇਕਰ ਉਦਾਸੀਆਂ ਜਾਂ ਅਤੀਤਾਂ ਵਾਲਾ ਭੇਖ ਵੀ ਧਾਰ ਲੈਣ ਤਾਂ ਵੀ ਉਨ੍ਹਾਂ ਦੇ ਮਨ ਵਿਚ ਵੈਰਾਗ ਜਾਂ ਉਪਰਾਮਤਾ ਪੈਦਾ ਨਹੀਂ ਹੁੰਦੀ, ਸਗੋਂ ਪਦਾਰਥਾਂ ਦਾ ਮੋਹ ਲੱਗਿਆ ਹੀ ਰਹਿੰਦਾ ਹੈ।

**ਸਬਦੁ ਨ ਚੀਨੈ ਸਦਾ ਦੁਖੁ**
**ਹਰਿ ਦਰਗਹਿ ਪਤਿ ਖੋਇ॥**

ਉਹ ਮਨਮੁਖ ਸਬਦੁ=ਗੁਰ ਉਪਦੇਸ ਵਾ: ਬ੍ਰਹਮ ਦੇ ਸਰੂਪ ਨੂੰ ਨਹੀਂ ਚੀਨੈ=ਜਾਣਦੇ, ਜਿਸ ਕਰਕੇ ਉਨ੍ਹਾਂ ਨੂੰ ਸਦਾ ਜੰਮਣ ਮਰਣ ਦਾ ਦੁਖ ਬਣਿਆ ਰਹਿੰਦਾ ਹੈ ਅਤੇ ਹਰਿ=ਪ੍ਰਭੂ ਦੀ ਦਰਗਹਿ=ਦਰਬਾਰ ਵਿਚ ਆਪਣੀ ਪਤਿ=ਇੱਜ਼ਤ ਖੋਇ=ਗਵਾ ਲੈਂਦੇ ਹਨ ਵਾ: ਸੰਸਾਰ ਰੂਪੀ ਦਰਗਹ 'ਚ ਵੀ ਕਾਮਾਦਿ ਵਿਕਾਰਾਂ ਦਾ ਸ਼ਿਕਾਰ ਹੋਏ ਆਪਣੀ ਇੱਜ਼ਤ ਖੋਇ=ਖਰਾਬ ਕਰ ਲੈਂਦੇ ਹਨ।

**ਹਉਮੈ ਗੁਰਮੁਖਿ ਖੋਈਐ**
**ਨਾਮਿ ਰਤੇ ਸੁਖੁ ਹੋਇ॥੧॥**

ਗੁਰਮੁਖ ਜਨ ਹਉਮੈ=ਤਨ ਹੰਗਤਾ ਨੂੰ ਖੋਈਐ=ਮੇਟ ਲੈਂਦੇ ਹਨ ਤੇ ਨਾਮ 'ਚ ਰਤੇ=ਰੰਗੇ ਹੋਣ ਕਰਕੇ ਉਨ੍ਹਾਂ ਨੂੰ ਸੁੱਖ ਸਰੂਪ ਦੀ ਪ੍ਰਾਪਤੀ ਹੋਇ=ਹੁੰਦੀ ਹੈ।

**ਮੇਰੇ ਮਨ; ਅਹਿ ਨਿਸਿ ਪੂਰਿ ਰਹੀ ਨਿਤ ਆਸਾ॥**

ਹੇ ਮੇਰੇ ਮਨ! ਮਨਮੁਖਾਂ ਦੇ ਹਿਰਦੇ ਵਿਚ ਤਾਂ ਅਹਿ ਨਿਸਿ=ਦਿਨ ਰਾਤ ਨਿਤ=ਨਿਤਾਪ੍ਰਤੀ ਪਦਾਰਥਾਂ ਦੀ ਆਸਾ ਪੂਰਿ=ਪਰੀਪੂਰਨ ਹੋ ਰਹੀ ਹੈ, ਭਾਵ ਭਰ ਰਹੀ ਹੈ।

**ਸਤਗੁਰੁ ਸੇਵਿ ਮੋਹੁ ਪਰਜਲੈ**
**ਘਰ ਹੀ ਮਾਹਿ ਉਦਾਸਾ॥੧॥ਰਹਾਉ॥**

ਪਰ ਗੁਰਮੁਖਾਂ ਦਾ ਸਤਿਗੁਰਾਂ ਦੀ ਸੇਵਾ ਕਰਕੇ ਮੋਹ ਪਰਜਲੈ=ਵਿਸ਼ੇਸ਼ ਕਰਕੇ ਜਲੈ=ਸੜ ਜਾਂਦਾ ਹੈ ਤੇ ਉਹ ਘਰ ਹੀ ਭਾਵ ਗ੍ਰਿਹਸਤ ਦੇ ਮਾਹਿ=ਵਿਚ ਰਹਿੰਦੇ ਹੋਏ ਹੀ ਦੇਹ ਅਧਿਆਸ ਤੋਂ ਉਦਾਸਾ=ਉਪਰਾਮ ਹੋ ਜਾਂਦੇ ਹਨ ਵਾ: ਘਰ=ਅੰਤਹਕਰਣ ਰੂਪੀ ਘਰ 'ਚ ਉਦਾਸੀਨ ਹੋ ਕੇ ਰਹਿੰਦੇ ਹਨ।

**ਗੁਰਮੁਖਿ ਕਰਮ ਕਮਾਵੈ ਬਿਗਸੈ**
**ਹਰਿ ਬੈਰਾਗੁ ਅਨੰਦੁ॥**

ਗੁਰਮੁਖ ਜਨ ਨਿਸ਼ਕਾਮ ਕਰਮ ਕਮਾਉਂਦੇ ਹੋਏ ਅੰਦਰੋਂ ਬਿਗਸੈ=ਖਿੜੇ ਰਹਿੰਦੇ ਹਨ।

**ਅਹਿ ਨਿਸਿ ਭਗਤਿ ਕਰੇ ਦਿਨੁ ਰਾਤੀ**
**ਹਉਮੈ ਮਾਰਿ ਨਿਚੰਦੁ॥**

ਉਹ ਅਹਿ ਨਿਸਿ=ਦਿਨ ਰਾਤ ਵਾ: ਇਕ ਰਸ ਪ੍ਰਭੂ

ਦੀ ਭਗਤਿ=ਭਗਤੀ ਕਰੇ=ਕਰਦੇ ਹਨ ਜਿਸ ਦੁਆਰਾ ਉਨ੍ਹਾਂ ਨੂੰ ਅਗਿਆਨ ਰੂਪੀ ਰਾਤ ਤੋਂ ਗਿਆਨ ਰੂਪੀ ਦਿਨ ਦਾ ਪ੍ਰਕਾਸ਼ ਹੋਇਆ ਹੈ ਵਾ: ਉਹ ਦਿਨ ਰਾਤ ਜੀਵਨ ਮੁਕਤੀ ਦਾ ਅਨੰਦ ਮਾਣਦੇ ਹਨ ਤੇ ਦਿਨ ਰਾਤ ਪਰਮੇਸ਼ਰ 'ਚ ਮਿਲ ਜਾਣ ਰੂਪੀ ਭਗਤੀ ਕਰਦੇ ਹਨ ਅਤੇ ਹਉਮੈ=ਤਨ ਹੰਗਤਾ ਨੂੰ ਮਾਰ ਕੇ ਨਿਚੰਦੁ=ਨਿਸਚਿੰਤ ਹੋ ਜਾਂਦੇ ਹਨ ਭਾਵ ਉਨ੍ਹਾਂ ਨੂੰ ਫਿਰ ਕਿਸੇ ਪ੍ਰਕਾਰ ਦੀ ਚਿੰਤਾ ਜਾਂ ਫਿਕਰ ਨਹੀਂ ਰਹਿੰਦਾ।

**ਵਡੈ ਭਾਗਿ ਸਤਿਸੰਗਤਿ ਪਾਈ**
**ਹਰਿ ਪਾਇਆ ਸਹਜਿ ਅਨੰਦੁ॥**

ਹੇ ਭਾਈ! ਜਿਨ੍ਹਾਂ ਦੇ ਵੱਡੇ ਭਾਗ ਜਾਗੇ ਹਨ, ਉਨ੍ਹਾਂ ਨੇ ਸਤਿਗੁਰਾਂ ਦੀ ਸਤਿਸੰਗਤ ਪਾਈ ਹੈ ਭਾਵ ਸਤਿਸੰਗਤ ਦੀ ਪ੍ਰਾਪਤੀ ਕੀਤੀ ਹੈ। ਸਤਿਗੁਰਾਂ ਦੀ ਸੰਗਤ ਕਰਕੇ ਉਨ੍ਹਾਂ ਨੇ ਸਹਜ ਸਰੂਪ ਅਨੰਦ ਜੋ ਹਰਿ=ਪ੍ਰਭੂ ਹੈ, ਉਸ ਨੂੰ ਪਾ ਲਿਆ ਹੈ।

**ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ॥**

ਹੇ ਭਾਈ! ਸੋ=ਉਹੋ ਹੀ ਸਾਧੂ=ਸਾਧਨਾ ਕਰਨ ਵਾਲਾ ਪੁਰਖ ਹੈ ਅਤੇ ਸੋਈ=ਉਹੋ ਹੀ ਬੈਰਾਗੀ=ਵੈਰਾਗਵਾਨ ਹੈ ਜਿਸ ਨੇ ਆਪਣੇ ਹਿਰਦੇ ਵਿਚ ਪਰਮੇਸ਼ਰ ਦਾ ਨਾਮ ਵਸਾ ਰੱਖਿਆ ਹੈ, ਭਾਵ ਕਿਸੇ ਭੇਖ ਜਾਂ ਮੱਤ ਧਾਰਨ ਨਾਲ ਸਾਧੂ ਜਾਂ ਵੈਰਾਗੀ ਨਹੀਂ ਬਣ ਜਾਂਦਾ। ਸਾਧੂ ਤਾਂ ਨਾਮ ਰਸੀਆ ਤੇ ਨਿਰਮਲ ਕਰਮਾਂ ਵਾਲਾ ਹੀ ਹੋ ਸਕਦਾ ਹੈ।

**ਅੰਤਰਿ ਲਾਗਿ ਨ ਤਾਮਸੁ ਮੂਲੇ**
**ਵਿਚਹੁ ਆਪੁ ਗਵਾਏ॥**

ਉਨ੍ਹਾਂ ਗੁਰਮੁਖਾਂ ਦੇ ਅੰਤਹਕਰਨ ਵਾ: ਹਿਰਦੇ ਰੂਪੀ ਭਾਂਡੇ ਵਿਚ ਲਾਗਿ ਭਾਵ ਉੱਲੀ ਵਾ: ਲੇਸ ਜੋ ਵਿਕਾਰਾਂ ਆਦਿ ਦੀ ਹੈ, ਉਹ ਨਹੀਂ ਰਹਿੰਦੀ ਤੇ ਮੂਲੇ=ਕਦਾਚਿਤ ਤਾਮਸੁ=ਤਮੋ ਬ੍ਰਿਤੀ ਵੀ ਨਹੀਂ ਹੁੰਦੀ ਭਾਵ ਜਿਵੇਂ ਕਿਸੇ ਭਾਂਡੇ 'ਚ ਉੱਲੀ ਆਦਿ ਲੱਗੀ ਹੋਵੇ ਤਾਂ ਉਸ ਵਿਚ ਪਾਏ ਚੰਗੇ ਪਦਾਰਥ ਦੁੱਧ, ਘਿਉ ਆਦਿ ਵੀ ਖਰਾਬ ਹੋ ਜਾਂਦੇ ਹਨ। ਇਸੇ ਤਰ੍ਹਾਂ ਹਿਰਦੇ ਰੂਪੀ ਭਾਂਡੇ 'ਚ ਸ਼ੁਭ ਗੁਣ ਨਹੀਂ ਸਮਾਉਂਦੇ, ਪਰ ਗੁਰਮੁਖਾਂ ਦਾ ਹਿਰਦਾ ਜਾਂ ਅੰਤਹਕਰਨ ਰੂਪੀ ਭਾਂਡਾ ਸਵੱਛ ਹੁੰਦਾ ਹੈ ਤੇ ਤਮੋਬ੍ਰਿਤੀ ਤੋਂ ਰਹਿਤ ਹੁੰਦਾ ਹੈ ਕਿਉਂਕਿ ਉਨ੍ਹਾਂ ਗੁਰਮੁਖਾਂ ਨੇ ਵਿਚਹੁ=ਮਨ ਅੰਦਰੋਂ ਆਪੁ ਗਵਾਏ=ਆਪਾ ਭਾਵ ਵਾ: ਦੇਹ ਅਭਿਮਾਨ ਨੂੰ ਗਵਾ ਦਿਤਾ ਹੈ।

**ਨਾਮੁ ਨਿਧਾਨੁ ਸਤਗੁਰੂ ਦਿਖਾਲਿਆ**
**ਹਰਿ ਰਸੁ ਪੀਆ ਅਘਾਏ॥**

ਉਨ੍ਹਾਂ ਗੁਰਮੁਖਾਂ ਦੇ ਹਿਰਦੇ ਵਿਚ ਸਤਿਗੁਰਾਂ ਨੇ ਕ੍ਰਿਪਾ ਕਰਕੇ ਨਾਮ ਦਾ ਨਿਧਾਨੁ=ਖਜ਼ਾਨਾ ਦਿਖਾਲਿਆ=ਦਿਖਾ ਦਿਤਾ ਹੈ। ਉਹ ਹਰਿ ਰਸੁ=ਪ੍ਰਭੂ ਦੇ ਨਾਮ ਰਸ ਨੂੰ ਪੀ ਕੇ ਅਘਾਏ=ਰੱਜ ਗਏ ਹਨ ਭਾਵ ਉਨ੍ਹਾਂ ਨੂੰ ਤ੍ਰਿਪਤੀ ਆ ਗਈ ਹੈ। ਉਹ ਇਸ ਸੰਸਾਰ ਦੇ ਪਦਾਰਥ ਤਾਂ ਕੀ ਬਲਕਿ ਸਵਰਗ ਜਾਂ ਬ੍ਰਹਮ ਲੋਕ ਦੇ ਪਦਾਰਥਾਂ ਦੀ ਵੀ ਇੱਛਾ ਨਹੀਂ ਰੱਖਦੇ।

**ਜਿਨਿ ਕਿਨੈ ਪਾਇਆ ਸਾਧਸੰਗਤੀ**
**ਪੂਰੈ ਭਾਗਿ ਬੈਰਾਗਿ॥**

ਜਿਸ ਕਿਸੇ ਨੇ ਵੀ ਪਾਇਆ ਹੈ, ਉਸ ਨੇ ਸਾਧਸੰਗਤ ਦੁਆਰਾ ਹੀ ਪਾਇਆ ਹੈ ਤੇ ਇਹ ਵੈਰਾਗ ਪੂਰੇ ਭਾਗਾਂ ਨਾਲ ਹੀ ਪ੍ਰਾਪਤ ਹੋਇਆ ਹੈ, ਭਾਵ ਪੂਰੇ ਭਾਗਾਂ ਨਾਲ ਜਿਨ੍ਹਾਂ ਨੂੰ ਗੁਰੂ ਦੀ ਸੰਗਤ ਪ੍ਰਾਪਤ ਹੁੰਦੀ ਹੈ, ਉਹੋ ਹੀ ਮਾਇਆ ਤੋਂ ਉਪਰਾਮਤਾ ਆਦਿ ਸ਼ੁਭ ਗੁਣ ਨੂੰ ਪਾਉਂਦੇ ਹਨ।

**ਮਨਮੁਖ ਫਿਰਹਿ ਨ ਜਾਣਹਿ ਸਤਗੁਰੁ**
**ਹਉਮੈ ਅੰਦਰਿ ਲਾਗਿ॥**

ਮਨਮੁਖ ਲੋਕ ਅਨੇਕਾਂ ਭੇਖ ਧਾਰ ਕੇ ਫਿਰਹਿ=ਫਿਰਦੇ ਹਨ, ਜੋ ਸਤਿਗੁਰਾਂ ਦੀ ਮਹਿਮਾ ਨੂੰ ਨਹੀਂ ਜਾਣਦੇ, ਭਾਵ ਉਹ ਗੁਰੂ ਵਿਹੂਣੇ ਸੰਸਾਰ 'ਚ ਵਾ: ਜੂਨੀਆਂ 'ਚ ਭਟਕਦੇ ਹਨ। ਉਨ੍ਹਾਂ ਦੇ ਅੰਦਰ ਹਉਮੈ=ਹੰਗਤਾ ਰੂਪੀ ਲਾਗਿ ਲੱਗੀ ਹੋਈ ਹੈ। ਜਿਵੇਂ ਕਿਸੇ ਭਾਂਡੇ ਅੰਦਰ ਕੋਈ ਮੰਦੀ ਲਾਗ ਲੱਗੀ ਹੋਵੇ, ਉਸ ਵਿਚ ਚੰਗੇ ਪਦਾਰਥ ਨਹੀਂ ਪਾਏ ਜਾਂਦੇ, ਉਵੇਂ ਮਨਮੁਖਾਂ ਦੇ ਹਿਰਦੇ ਰੂਪੀ ਭਾਂਡਿਆਂ ਵਿਚ ਹੰਕਾਰ ਦੀ ਲਾਗਿ ਲੱਗੀ ਹੁੰਦੀ ਹੈ ਜਿਸ ਕਰਕੇ ਨਾਮ ਵਾ: ਸ਼ੁਭ ਗੁਣ ਰੂਪੀ ਪਦਾਰਥ ਟਿਕਦੇ ਨਹੀਂ ਹਨ।

**ਨਾਨਕ ਸਬਦਿ ਰਤੇ ਹਰਿ ਨਾਮਿ ਰੰਗਾਏ**
**ਬਿਨੁ ਭੈ ਕੇਹੀ ਲਾਗਿ॥੪॥੮॥੪੧॥**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਜਿਹੜੇ ਸਬਦਿ ਰਤੇ=ਗੁਰਾਂ ਦੇ ਉਪਦੇਸ਼ ਵਾ: ਪ੍ਰੇਮ 'ਚ ਰੰਗੇ ਹੋਏ ਹਨ, ਉਨ੍ਹਾਂ ਨੂੰ ਪ੍ਰਭੂ ਨੇ ਆਪਣੇ ਨਾਮ ਰੰਗ 'ਚ ਰੰਗ ਲਿਆ ਹੈ। ਜਿੰਨਾ ਚਿਰ ਸਤਿਗੁਰਾਂ ਦਾ ਭੈ ਨਹੀਂ ਧਾਰਨ ਕਰਦੇ ਤਾਂ ਪ੍ਰਭੂ ਦੀ ਭਗਤੀ ਦੀ ਲਾਗਿ=ਲਗਨ ਕਿਵੇਂ ਲੱਗ ਸਕਦੀ ਹੈ? ਭਾਵ ਨਹੀਂ ਲਗ ਸਕਦੀ। ਜਿੰਨਾਂ ਚਿਰ ਸਤਿਗੁਰੂ ਦਾ ਭੈ ਧਾਰਨ ਨਹੀਂ ਕੀਤਾ, ਓਨਾ ਚਿਰ ਲੱਗੀ ਹੋਈ ਲਾਗ ਕਿਵੇਂ ਉਤਰ ਸਕਦੀ ਹੈ? ਭਾਵ ਨਹੀਂ ਉਤਰ ਸਕਦੀ।

*'ਚਲਦਾ........।'*

# ਖਾਲਸਾਈ ਜਾਹੋ-ਜਲਾਲ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ : ਹੋਲਾ-ਮਹੱਲਾ

*ਡਾ. ਗੁਰਵਿੰਦਰ ਕੌਰ*

'ਹੋਲਾ' ਤੇ 'ਮਹੱਲਾ' ਦੋ ਸ਼ਬਦਾਂ ਦੇ ਜੋੜ ਤੋਂ ਬਣਿਆ ਹੈ 'ਹੋਲਾ-ਮਹੱਲਾ'। ਵਿਦਵਾਨਾਂ ਅਨੁਸਾਰ, 'ਹੋਲਾ' ਅਰਬੀ ਭਾਸ਼ਾ ਤੇ 'ਮਹੱਲਾ' ਫਾਰਸੀ ਭਾਸ਼ਾ ਦਾ ਸ਼ਬਦ ਹੈ। ਹੋਲ, ਹੂਲ ਤੇ ਹੌਲਾ ਮਹੱਲਾ, ਆਦਿ ਰਲਦੇ-ਮਿਲਦੇ ਸ਼ਬਦ ਹਨ। ਹੂਲ ਦੇ ਅਰਥ ਨੇਕ ਅਤੇ ਭਲੇ ਕੰਮਾਂ ਲਈ ਜੂਝਣਾ, ਸੀਸ ਤਲੀ 'ਤੇ ਧਰ ਖੇਡਣਾ, ਤਲਵਾਰ ਦੀ ਧਾਰ 'ਤੇ ਚੱਲਣਾ ਕੀਤੇ ਗਏ ਹਨ। 'ਮਹਾਨ ਕੋਸ਼ ਵਿਚ ਹੋਲਾ-ਮਹੱਲਾ ਦੇ ਅਰਥ 'ਹਮਲਾ ਅਤੇ ਜਾਯ ਹਮਲਾ' ਕੀਤੇ ਹੋਏ ਹਨ। ਹੋਲੇ ਤੋਂ ਭਾਵ ਹੈ - 'ਹੱਲਾ ਜਾਂ ਹਮਲਾ ਕਰਨਾ' ਅਤੇ ਮਹੱਲਾ ਦੇ ਅਰਥ ਹਨ, ਹਮਲੇ ਦੀ ਥਾਂ। ਇਸ ਤਰ੍ਹਾਂ ਹੋਲਾ-ਮਹੱਲਾ ਦਾ ਸਮੁੱਚਾ ਅਰਥ ਹੈ - "ਕਿਸੇ ਨਿਸ਼ਚਿਤ ਸਥਾਨ 'ਤੇ ਹਮਲਾ ਕਰਕੇ ਫਤਿਹ ਦਾ ਨਗਾਰਾ ਵਜਾਉਣਾ ਅਤੇ ਖੁਸ਼ੀਆਂ ਦੇ ਜਸ਼ਨ ਮਨਾਉਣੇ।

ਇਤਿਹਾਸ ਗਵਾਹ ਹੈ ਕਿ ਹੋਲੇ-ਮਹੱਲੇ ਦਾ ਪਾਵਨ ਪੁਰਬ ਸਾਹਿਬ-ਏ-ਕਮਾਲ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਨੂੰ ਹੋਲੀ ਦੀ ਥਾਂ ਬਖਸ਼ਿਸ਼ ਕੀਤਾ ਹੈ।

ਹੋਲੀ ਭਾਰਤ ਦਾ ਇਕ ਮੌਸਮੀ ਤਿਉਹਾਰ ਹੈ, ਜੋ ਪ੍ਰਾਚੀਨ ਕਾਲ ਤੋਂ ਹਰ ਸਾਲ, ਵੱਖ-ਵੱਖ ਇਲਾਕਿਆਂ ਵਿਚ, ਕਿਸੇ-ਨਾ-ਕਿਸੇ ਰੂਪ ਵਿਚ, ਬਹੁਤ ਚਾਅ ਤੇ ਉਮਾਹ ਨਾਲ ਮਨਾਇਆ ਜਾਂਦਾ ਹੈ। ਇਹ ਬਸੰਤ ਰੁੱਤ ਦੇ ਆਗਮਨ, ਖੇੜੇ ਤੇ ਖੁਸ਼ੀਆਂ ਦਾ ਤਿਉਹਾਰ ਹੈ, ਜਿਸ ਦਾ ਸੰਬੰਧ ਫੱਗਣ ਮਹੀਨੇ ਦੀ ਸੁਹਾਵਣੀ ਰੁੱਤ ਨਾਲ ਹੈ। ਹੋਲੀ ਦੇ ਤਿਉਹਾਰ ਨਾਲ ਪਰਮਾਤਮਾ ਦੇ ਸੱਚੇ ਭਗਤ ਪ੍ਰਹਿਲਾਦ, ਉਸ ਦੇ ਪਿਤਾ ਹਰਨਾਖਸ਼ (ਜਿਸ ਨੇ ਪੁੱਤਰ ਨੂੰ ਮਰਵਾਉਣ ਦੇ ਕਈ ਯਤਨ ਕੀਤੇ) ਅਤੇ ਭੂਆ ਹੋਲਿਕਾ (ਮਾੜੀ ਨੀਅਤ ਵਾਲੀ) ਦਾ ਪਰਸੰਗ ਜੁੜਿਆ ਹੋਇਆ ਹੈ। ਪਰ ਪ੍ਰਭੂ ਨੇ ਨਰਸਿੰਘ ਰੂਪ ਵਿਚ ਆ ਕੇ ਭਗਤ ਪ੍ਰਹਿਲਾਦ ਦੀ ਰੱਖਿਆ ਕੀਤੀ। ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿਚ ਇਸ ਦਾ ਵਰਨਣ ਕੀਤਾ ਹੈ -

*ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦ।*
*ਪੜ੍ਹਨ ਪਠਾਇਆ ਚਾਟਸਾਲ ਪਾਂਧੈ ਚਿਤਿ ਹੋਆ ਅਹਿਲਾਦ।*
*ਸਿਮਰੈ ਮਨ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦ ਨਾਦ।*
*ਭਗਤਿ ਕਰਨਿ ਸਭ ਚਾਟੜੈ ਪਾਂਧੇ ਹੋਇ ਰਹੇ ਵਿਸਮਾਦੁ।*
*ਰਾਜੇ ਪਾਸਿ ਰੂਆਇਆ ਦੋਖੀ ਦੈਤਿ ਵਧਾਇਆ ਵਾਦੁ।*
*ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।*
*ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ।*
*ਥੰਮ੍ਹ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ।*
*ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ।*
*ਜੈ ਜੈ ਕਾਰ ਕਰਨਿ ਬ੍ਰਹਮਾਦਿ।*

*ਭਾਈ ਗੁਰਦਾਸ ਜੀ, ਵਾਰ ੧੦/੨*

ਭਾਰਤੀ ਪਰੰਪਰਾ ਅਨੁਸਾਰ ਭਗਤ ਪ੍ਰਹਿਲਾਦ ਨੇਕੀ ਦਾ ਚਿੰਨ੍ਹ ਹੈ ਅਤੇ ਹਰਨਾਖਸ਼ ਤੇ ਹੋਲਿਕਾ ਬੁਰਾਈ ਦਾ। ਨੇਕੀ ਦੀ ਬੁਰਾਈ 'ਤੇ ਜਿੱਤ ਲਈ ਇਕ ਦੂਜੇ 'ਤੇ ਰੰਗ ਪਾ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਜਾਣ ਲੱਗਾ। ਇਸ ਤਰ੍ਹਾਂ ਭਾਰਤ ਵਿਚ ਹੋਲੀ ਦਾ ਤਿਉਹਾਰ ਰੰਗਾਂ ਦੇ ਤਿਉਹਾਰ ਦੇ ਰੂਪ ਵਿਚ ਵਿਕਸਿਤ ਹੋਇਆ। ਪਰ ਸਮਾਂ ਬੀਤਣ 'ਤੇ ਇਸ ਵਿਚ ਕਈ ਕੁਰੀਤੀਆਂ ਆ ਗਈਆਂ, ਜਿਸ ਕਾਰਨ ਇਸ ਪਵਿੱਤਰ ਤਿਉਹਾਰ ਨੇ ਕੋਝਾ ਰੂਪ ਧਾਰਨ ਕਰ ਲਿਆ। ਹੋਲੀ ਮਨਾਉਣ ਦੇ ਬਹਾਨੇ ਮੂਰਖ ਲੋਕ ਨਸ਼ੇ ਪੀ ਕੇ ਟੋਲੀਆਂ ਦੇ ਰੂਪ ਵਿਚ ਬਜ਼ਾਰਾਂ ਤੇ ਗਲੀਆਂ ਵਿਚੋਂ ਲੰਘਣ ਵਾਲੇ ਲੋਕਾਂ 'ਤੇ ਰੰਗ ਤੇ ਗੰਦ ਸੁੱਟ ਕੇ ਉਨ੍ਹਾਂ ਨੂੰ ਤੰਗ ਕਰਦੇ ਤੇ ਹੋਰ ਸ਼ਰਾਰਤਾਂ ਵੀ ਰਕਦੇ ਹਨ। ਅੱਜਕਲ ਤਾਂ ਹੋਲੀ ਮੌਕੇ ਅਤਿਅੰਤ ਹਾਨੀਕਾਰਕ ਰਸਾਇਣਕ ਰੰਗਾਂ ਦਾ ਪ੍ਰਯੋਗ ਵੀ ਹੋਣ ਲੱਗ ਪਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੁਨਿਆਵੀ ਮੌਜ-ਮਸਤੀ ਕਰਨ ਦੀ ਥਾਂ ਪਰਮਾਰਥਿਕ ਅਨੰਦ ਦੇਣ ਵਾਲੀ ਹੋਲੀ ਖੇਡਣ ਦੀ ਪ੍ਰੇਰਨਾ ਕੀਤੀ ਹੈ -

*ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥*
*ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ॥੧ ॥*
*ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ*
*॥ ੧ ॥ ਰਹਾਉ ॥*
*ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ॥*
*ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ*
*॥੨॥ ਮਨੁ ਤਨੁ ਮਉਲਿਓ ਅਤਿ ਅਨੂਪ ॥*
*ਸੂਕੈ ਨਾਹੀ ਛਾਵ ਧੂਪ ॥ ਸਗਲੀ ਰੂਤੀ ਹਰਿਆ ਹੋਇ ॥*
*ਸਦ ਬਸੰਤ ਗੁਰ ਮਿਲੇ ਦੇਵ ॥੩॥*
*ਬਿਰਖੁ ਜਮਿਓ ਹੈ ਪਾਰਜਾਤ ॥ ਫੂਲ ਲਗੇ ਫਲ ਰਤਨ ਭਾਂਤਿ॥*
*ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥*
*ਜਨ ਨਾਨਕ ਹਰਿ ਹਰਿ ਹਰਿ ਧਿਆਇ ॥ ਅੰਗ- ੧੧੮੦*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਅਨੰਦਪੁਰ ਸਾਹਿਬ ਵਿਚ ਖੇਡੀ ਜਾਣ ਵਾਲੀ ਹੋਲੀ ਦੀ ਸ਼ਾਨੋ-ਸ਼ੌਕਤ ਦਾ ਵਰਣਨ ਭਾਈ ਨੰਦ ਲਾਲ ਗੋਯਾ ਜੀ ਨੇ ਕੀਤਾ ਹੈ -

*ਗੁਲਿ ਹੋਲੀ ਬਬਾਗਿ ਦਹਿਰ ਬੂ ਕਰਦ,*
*ਲਬਿ ਚੂੰ ਗੁੰਚਾ ਰਾ ਫ਼ਰਖ਼ੰਦਾ ਖ਼ੂ ਕਰਦ।*

*ਗੁਲਾਬੋ ਅੰਬਰੋ ਮਸ਼ਕੋ ਅਬੇਰੀ,*
*ਚੁ ਬਾਰਾਨਿ ਬਾਰਿਸ਼ ਅਜ਼ ਸੁ ਬਸੂ ਕਰਦ।*
*ਜ਼ਹੇ ਪਿਚਕਾਰੀਏ ਪੁਰ ਜ਼ਾਅਫ਼ਰਾਨੀ,*
*ਕਿ ਹਰ ਬੇਰੰਗ ਰਾ ਖੁਸ਼ਰੰਗੋ ਬੂ ਕਰਦ।*
*ਗੁਲਾਲਿ ਅਫ਼ਸ਼ਾਨੀਇ ਦਸਤਿ ਮੁਬਾਰਿਕ,*
*ਜ਼ਮੀਨੋ ਆਮਾਂ ਰਾ ਸੁਰਖਰੂ ਕਰਦ।*
*ਦੋ ਆਲਮ ਗਸ਼ਤ ਰੰਗੀਂ ਅਜ਼ ਤੁਫ਼ੈਲਸ਼,*
*ਚੁ ਸ਼ਾਹਮ ਜਾਮਾ ਰੰਗੀਨ ਦਰ ਗੁਲੂ ਕਰਦ।*
*ਕਸੇ ਕੂ ਦੀਦ ਦੀਦਾਰਿ ਮੁਕੱਦਸ,*
*ਮੁਰਾਦਿ ਉਮਰ ਰਾ ਹਾਸਿਲ ਨਿਕੋ ਕਰਦ।*
*ਸ਼ਵਦ ਕੁਰਬਾਨ ਖ਼ਾਕਿ ਰਾਹਿ ਸੰਗਤ,*
*ਦਿਲਿ ਗੋਯਾ ਹਮੀਂ ਰਾ ਆਰਜ਼ੂ ਕਰਦ।*

ਅਰਥਾਤ 'ਹੋਲੀ ਦਾ ਫੁੱਲ ਖਿੜਿਆ ਅਤੇ ਸੁਗੰਧੀ ਨਾਲ ਸਾਰਾ ਬਾਗ ਮਹਿਕ ਪਿਆ ਤੇ ਪ੍ਰੀਤਮ ਦਾ ਮੂੰਹ ਕਲੀ ਵਾਂਗ ਖਿੜ ਪਿਆ। ਗੁਲਾਬ, ਅੰਬਰ, ਕਸਤੂਰੀ ਅਤੇ ਸੁਗੰਧੀਆਂ ਚਾਰੇ ਪਾਸੇ ਮੀਂਹ ਵਾਂਗ ਵਸਣ ਲਗ ਪਏ। ਕੇਸਰ ਨਾਲ ਭਰੀ ਹੋਈ ਪਿਚਕਾਰੀ ਨੇ, ਸਭ ਦੇ ਸੋਹਣੇ ਚਿੱਟੇ ਕੱਪੜਿਆਂ ਨੂੰ ਰੰਗ ਦਿਤਾ। ਸਤਿਗੁਰੂ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਗੁਲਾਲ ਉਡਾ ਕੇ ਧਰਤੀ ਅਤੇ ਅਕਾਸ਼ ਨੂੰ ਵੀ ਰੰਗ ਦਿਤਾ। ਜਦੋਂ ਦਸ਼ਮੇਸ਼ ਜੀ ਨੇ ਰੰਗਿਆ ਹੋਇਆ ਚੋਲਾ (ਕੁੜਤਾ) ਪਾਇਆ ਹੋਇਆ ਸੀ ਤਾਂ ਮਾਨੋਂ ਉਹਨਾਂ ਦੀ ਕ੍ਰਿਪਾ ਨਾਲ ਲੋਕ-ਪ੍ਰਲੋਕ (ਦੋਵੇਂ ਲੋਕ) ਹੀ ਰੰਗੇ ਗਏ ਹਨ। ਜਿਸ ਵਿਅਕਤੀ ਨੇ ਵੀ ਇਸ ਸਮੇਂ ਸਤਿਗੁਰੂ ਜੀ ਦੇ ਦਰਸ਼ਨ ਕੀਤੇ, ਸਾਰੀ ਉਮਰ ਭਰ ਦੀਆਂ ਆਸਾਂ ਪੂਰੀਆਂ ਕਰ ਲਈਆਂ। ਮੈਂ ਸਤਿਗੁਰੂ ਜੀ ਦੇ ਚਰਨਾਂ ਦੀ ਧੂੜੀ ਤੋਂ ਕੁਰਬਾਨ ਜਾਂਦਾ ਹਾਂ। ਮੇਰੇ ਮਨ ਦੀ ਇਹ ਰੀਝ ਹੈ ਕਿ ਸਤਿਗੁਰਾਂ ਦੇ ਦਰਸ਼ਨ ਕਰਦਾ ਹੀ ਰਹਾਂ।

ਸਿੱਖ ਇਤਿਹਾਸ ਨੂੰ ਗਹੁ ਨਾਲ ਵਿਚਾਰਿਆਂ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਸਾਰੇ ਗੁਰੂ ਸਾਹਿਬਾਨ ਦਾ ਉਦੇਸ਼ ਨਰੋਏ ਸਮਾਜ ਦੀ ਉਸਾਰੀ ਸੀ। ਇਸ ਲਈ ਉਨ੍ਹਾਂ ਨੇ ਉਸ ਸਮੇਂ ਪ੍ਰਚਲਿਤ ਤਿਉਹਾਰਾਂ ਨੂੰ ਮਨਾਉਣ ਦੇ ਢੰਗਾਂ ਵਿਚ ਵੀ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਨੂੰ ਨਵੇਂ ਅਰਥ ਦਿਤੇ ਤੇ ਮਨਾਉਣ ਲਈ ਨਿਆਰੇ ਢੰਗ ਤਰੀਕੇ ਅਪਣਾਏ। ਗੁਰੂ ਜੀ ਨੇ ਹੋਲੀ ਦਾ ਨਾਂ 'ਹੋਲਾ' ਰੱਖਿਆ ਤੇ ਨਾਲ 'ਮਹੱਲਾ' ਸ਼ਬਦ ਜੋੜ ਕੇ ਸ਼ਬਦਾਵਲੀ ਵਿਚ ਵੀ ਇਨਕਲਾਬੀ ਤਬਦੀਲੀ ਲਿਆ ਦਿਤੀ। ਉਸ ਸਮੇਂ ਤੋਂ ਹੋਲਾ-ਮਹੱਲਾ ਖਾਲਸਾ ਪੰਥ ਦੀ ਬਹਾਦਰੀ ਦਾ ਪੁਰਬ/ਤਿਉਹਾਰ ਬਣ ਗਿਆ। ਕਵੀ ਸੁਮੇਰ ਸਿੰਘ ਨੇ ਦਸ਼ਮੇਸ਼ ਪਿਤਾ ਜੀ ਦੇ ਆਦੇਸ਼ ਨੂੰ ਇਸ ਤਰ੍ਹਾਂ ਕਲਮਬੰਦ ਕੀਤਾ ਹੈ -

*ਔਰਨ ਕੀ ਹੋਲੀ ਮਮ ਹੋਲਾ।*
*ਕਹਿਯੋ ਕ੍ਰਿਪਾਨਿਧ ਬਚਨ ਅਮੋਲਾ।*

ਹੋਰ ਕਵੀਆਂ ਨੇ ਇਸ ਕ੍ਰਾਂਤੀਕਾਰੀ ਤਬਦੀਲੀ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕੀਤਾ ਹੈ -

*ਚਢਯੋ ਚਾਰੁ ਚੇਤਨ ਬਸੰਤ ਰਿਦੈ ਸੰਤਨ ਕੇ,*
*ਹ੍ਰਿਦੈ ਕੇ ਹੁਲਾਸ ਬੋਲੈਂ ਸ਼ੁਧ ਬ੍ਰਹਿਮ ਬੋਲਾ ਹੈ।*
*ਨਿਜਾਨੰਦ ਖੇਲਬੇ ਕੋ ਪ੍ਰੇਮ ਕੇ ਗੁਲਾਬ ਬੀਚ,*
*ਮਹਾਵਾਕ ਕੇਸਰੀ ਅਨੂਪ ਰੰਗ ਘੋਲਾ ਹੈ।*
*ਛਿਰਕਯੋ ਨਿਹਾਲ ਸਿੰਘ ਉਤਮ ਜਗਯਾਸੂੰਓ ਪੈ,*
*ਗਯਾਨ ਕੋ ਗੁਲਾਲ ਫੈਂਕਯੋ ਨੀਕੋ ਜੁ ਅਮੋਲਾ ਹੈ।*
*ਸੁਨੋ ਸਾਧਸੰਗਤਿ ਸਰਬਤ ਅਜ ਖਾਲਸਾ ਜੀ!*
*ਜਗਤ ਕੀ ਹੋਲੀ ਔਰ ਸੰਤਨ ਕਾ ਹੋਲਾ ਹੈ।*

*(ਸੰਤ ਨਿਹਾਲ ਸਿੰਘ ਸੋਹਲਾਂ)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਹੋਲੀ ਦੇ ਤਿਉਹਾਰ ਨੂੰ ਖਾਲਸਾ ਪੰਥ ਲਈ ਹੋਲਾ-ਮਹੱਲਾ ਵਿਚ ਬਦਲਣ ਦੀ ਪ੍ਰਕਿਰਿਆ, ਉਸ ਸਮੇਂ ਦੀ ਲੋੜ ਅਨੁਸਾਰ ਇਕ ਬਹੁਤ ਹੀ ਢੁਕਵਾਂ ਕਦਮ ਸੀ। ਸਮਝਣ ਵਾਲੀ ਗੱਲ ਇਹ ਹੈ ਕਿ ਇਹ ਕੇਵਲ ਸ਼ਬਦ ਜੋੜ ਦੀ ਤਬਦੀਲੀ ਨਹੀਂ ਹੈ, ਸਗੋਂ ਦੱਬੇ-ਕੁਚਲੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਬਲਵਾਨ ਬਣਾਉਣ ਅਰਥਾਤ ਗੁਲਾਮ ਮਾਨਸਿਕਤਾ ਤੋਂ ਅਜ਼ਾਦ ਸੋਚ ਦੀ ਤਬਦੀਲੀ ਦਾ ਪ੍ਰਗਟਾਵਾ ਹੈ। ਮੁਗਲ ਰਾਜ ਸਮੇਂ ਘੋੜੇ ਦੀ ਸਵਾਰੀ ਕਰਨੀ, ਫੌਜ ਰੱਖਣੀ, ਨਗਾਰਾ ਵਜਾਉਣਾ ਤੇ ਯੁੱਧ ਸਮੇਂ ਫੌਜ ਦੁਆਰਾ ਵੱਖਰਾ ਨਿਸ਼ਾਨ ਲੈ ਕੇ ਚੜ੍ਹਨਾ, ਆਦਿ ਦੀ ਸਖਤ ਮਨਾਹੀ ਸੀ ਪਰ ਕਲਗੀਧਰ ਪਾਤਸ਼ਾਹ ਨੇ ਇਨ੍ਹਾਂ ਮਨਾਹੀਆਂ ਦੀ ਵਿਰੋਧਤਾ ਕਰਦੇ ਹੋਏ ਸਾਰੀਆਂ ਚੀਜ਼ਾਂ ਨੂੰ ਹੋਲੇ-ਮਹੱਲੇ ਦਾ ਲਾਜ਼ਮੀ ਅੰਗ ਬਣਾ ਦਿਤਾ। ਇਸੇ ਕਰਕੇ, ਜਿੱਥੇ ਹੋਲਾ-ਮਹੱਲਾ ਸਮਾਜ ਵਿਚ ਪ੍ਰਚਲਿਤ ਹੋਲੀ ਦੀਆਂ ਕੁਰੀਤੀਆਂ ਤੋਂ ਮੁਕਤ ਹੈ, ਉੱਥੇ ਇਸ ਨੂੰ ਮਨਾਉਣ ਲਈ ਅਰੰਭ ਕੀਤਾ ਗਿਆ ਢੰਗ-ਤਰੀਕਾ ਵੀ ਖਾਲਸੇ ਵਿਚ ਚੜ੍ਹਦੀ ਕਲਾ ਅਤੇ ਬੀਰ-ਰਸੀ ਭਾਵਨਾ ਦਾ ਸੰਚਾਰ ਕਰਨ ਵਾਲਾ ਹੈ।

ਇਤਿਹਾਸਕਾਰਾਂ ਅਨੁਸਾਰ ਹੋਲਾ-ਮਹੱਲਾ 'ਖਾਲਸਾ ਪੰਥ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਉਤੇ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਆਪਣੀ ਦੂਰ ਅੰਦੇਸ਼ੀ ਭਰੀ ਅਗਵਾਈ ਹੇਠ ਸੰਮਤ 1757 (ਸੰਮਤ ਨਾਨਕਸ਼ਾਹੀ 231 ਮੁਤਾਬਿਕ ਚੇਤ ਵਦੀ ਏਕਮ) ਵਿਚ ਮਨਾਇਆ ਜਾਣਾ ਆਰੰਭ ਹੋਇਆ। ਭਾਈ ਕਾਨ੍ਹ ਸਿੰਘ ਦੇ ਸ਼ਬਦਾਂ ਵਿਚ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਸ਼ਸਤਰ ਅਤੇ ਯੁੱਧ ਵਿਦਿਆ ਵਿਚ ਨਿਪੁੰਨ ਕਰਨ ਲਈ ਇਹ ਰੀਤਿ ਚਲਾਈ ਸੀ। ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੀ ਅਗਵਾਈ ਹੇਠ

ਇਕ ਖਾਸ ਸਥਾਨ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ, ਕਲਗੀਧਰ ਆਪ ਇਸ ਮਨਸੂਈ ਜੰਗ ਦਾ ਕਰਤਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖਿਆ ਦਿੰਦੇ ਸੇ, ਅਰ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿਚ ਸਿਰੋਪੇ ਬਖਸ਼ਦੇ ਸਨ। ਇਸ ਮਸਨੂਈ ਜੰਗ ਬਾਰੇ ਡਾ. ਰਤਨ ਸਿੰਘ (ਜੱਗੀ) ਲਿਖਦੇ ਹਨ, ਇਹ ਅਸਲ ਵਿਚ, ਸਿੱਖ ਸੈਨਿਕਾਂ ਨੂੰ ਅਭਿਆਸ ਕਰਾਉਣ ਲਈ ਇਕ ਬਣਾਵਟੀ ਯੁੱਧ ਹੁੰਦਾ ਸੀ। ਸੈਨਿਕਾਂ ਨੂੰ ਦੋ ਦਲਾਂ ਵਿਚ ਵੰਡ ਕੇ ਇਕ ਦਲ ਨੂੰ ਸਫੈਦ ਅਤੇ ਦੂਜੇ ਨੂੰ ਕੇਸਰੀ ਬਸਤਰ ਪਾਉਣ ਲਈ ਕਿਹਾ ਜਾਂਦਾ ਸੀ। ਬਣਾਵਟੀ ਜੰਗ ਦੇ ਵੀ ਕਈ ਰੂਪ ਹੁੰਦੇ ਸਨ। ਮੁੱਖ ਤੌਰ 'ਤੇ ਦੋਹਾਂ ਦਲਾਂ ਨੂੰ ਲੋਹਗੜ੍ਹ ਉਤੇ ਕਬਜ਼ਾ ਕਰਨ ਲਈ ਪ੍ਰੇਰਿਆ ਜਾਂਦਾ ਸੀ। ਜੋ ਦਲ ਪਹਿਲਾਂ ਕਬਜ਼ਾ ਕਰਦਾ ਉਸ ਨੂੰ ਇਨਾਮ ਅਤੇ ਸਿਰੋਪੇ ਦਿਤੇ ਜਾਂਦਾ ਜਾਂ ਫਿਰ ਇਕ ਦਲ ਨੂੰ ਲੋਹਗੜ੍ਹ ਉਤੇ ਕਾਬਜ਼ ਦਸਿਆ ਜਾਂਦਾ ਅਤੇ ਦੂਜੇ ਦਲ ਵਾਲੇ ਕਾਬਜ਼ ਦਲ ਤੋਂ ਕਿਲ੍ਹਾ ਖੋਹਣ ਦਾ ਉੱਦਮ ਕਰਦੇ। ਜਿੱਤਣ ਵਾਲੇ ਦਲ ਨੂੰ ਖੂਬ ਇਨਾਮ ਦਿਤੇ ਜਾਂਦੇ। ਇਸ ਸਮੇਂ ਵਿਸ਼ੇਸ਼ ਮੰਤਵ ਨਾਲ ਤਿਆਰ ਕਰਵਾਏ ਗਏ ਕਿਲ੍ਹਾ ਹੋਲਗੜ੍ਹ ਦੇ ਸਥਾਨ 'ਤੇ ਜੰਗੀ ਅਭਿਆਸ ਦਾ ਨਜ਼ਾਰਾ ਪ੍ਰਤੱਖ ਹੋ ਜਾਂਦਾ ਸੀ। ਕਿਹਾ ਜਾਂਦਾ ਹੈ ਕਿ ਸਤਿਗੁਰਾਂ ਵਲੋਂ ਇਸ ਅਭਿਆਸੀ-ਯੁੱਧ ਵਿਚ ਤੀਰ ਅਤੇ ਬੰਦੂਕ ਚਲਾਉਣ ਦੀ ਆਗਿਆ ਨਹੀਂ ਸੀ।

ਖਾਲਸਾ ਪੰਥ ਨੇ ਤਿੰਨ ਸਦੀਆਂ ਬੀਤਣ ਤੋਂ ਬਾਅਦ ਵੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅਰੰਭ ਕੀਤੇ ਹੋਲੇ-ਮਹੱਲੇ ਦੀ ਰਵਾਇਤ ਨੂੰ ਕਾਇਮ ਰੱਖਿਆ ਹੋਇਆ ਹੈ। ਵਰਤਮਾਨ ਸਮੇਂ ਤਕ ਸਿੱਖ ਸੰਗਤਾਂ ਹਰ ਸਾਲ ਮਾਰਚ ਮਹੀਨੇ ਵਿਚ, ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ-ਮਹੱਲਾ ਉਸੇ ਹੀ ਸ਼ਾਨ ਨਾਲ ਮਨਾਉਂਦੀਆਂ ਆ ਰਹੀਆਂ ਹਨ। ਤਿੰਨ ਦਿਨ ਕੀਰਤਪੁਰ ਸਾਹਿਬ ਦੇ ਸਮਾਗਮਾਂ ਤੋਂ ਬਾਅਦ ਹੋਲੀ ਤੋਂ ਇਕ ਦਿਨ ਪਹਿਲਾਂ ਅਤੇ ਇਕ ਦਿਨ ਬਾਅਦ (ਫੱਗਣ ਸੁਦੀ ਚੌਦਾਂ ਤੋਂ ਚੇਤਰ ਵਦੀ ਇਕ ਤਕ) ਲਈ ਹੋਲੇ-ਮਹੱਲੇ ਦੇ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਵਿਚ ਹੁੰਦੇ ਹਨ। ਸ੍ਰੀ ਅਨੰਦਪੁਰ ਸਾਹਿਬ ਨੂੰ ਜਾਣ ਵਾਲੇ ਸਾਰੇ ਰਸਤਿਆਂ 'ਤੇ ਅਤੇ ਗੁਰੂ ਕੀ ਨਗਰੀ ਵਿਚ ਸੰਗਤਾਂ ਵਲੋਂ, ਯਾਤਰੂਆਂ ਲਈ ਅਣਗਿਣਤ ਗੁਰੂ ਕੇ ਲੰਗਰ ਲੱਗੇ ਹੁੰਦੇ ਹਨ, ਜਿੱਥੇ 24 ਘੰਟੇ ਅਟੁੱਟ ਲੰਗਰ ਵਰਤਦਾ ਹੈ। ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਨਤਮਸਤਕ ਹੁੰਦੀਆਂ ਹਨ। ਇਕੱਲੇ ਪੰਜਾਬ ਵਿਚੋਂ ਹੀ ਨਹੀਂ, ਸਗੋਂ ਸਮੁੱਚੇ ਭਾਰਤ ਅਤੇ ਵਿਦੇਸ਼ਾਂ ਤੋਂ ਆਈਆਂ ਸਿੱਖ ਸੰਗਤਾਂ ਦਾ ਠਾਠਾਂ ਮਾਰਦਾ ਸਮੁੰਦਰ, ਇਸ ਅਸਥਾਨ ਦੀ ਸ਼ੋਭਾ ਨੂੰ ਅਰਸ਼ਾਂ ਤਕ ਪਹੁੰਚਾ ਦਿੰਦਾ ਹੈ। ਇਸ ਮੌਕੇ 'ਤੇ ਅੱਡ-ਅੱਡ ਧਾਰਮਿਕ ਜਥੇਬੰਦੀਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿਚ ਦੀਵਾਨ ਸਜਾਏ ਜਾਂਦੇ ਹਨ, ਜਿੱਥੇ ਲਗਾਤਾਰ ਗੁਰਬਾਣੀ-ਕੀਰਤਨ ਗੁਰੂ-ਕਥਾ ਤੇ ਗੁਰਮਤਿ ਵਿਚਾਰ ਦੇ ਪ੍ਰਵਾਹ ਨਿਰੰਤਰ ਚਲਦੇ ਰਹਿੰਦੇ ਹਨ। ਢਾਡੀ ਜੱਥਿਆਂ ਵਲੋਂ ਵੀ ਬੀਰ-ਰਸੀ ਵਾਰਾਂ ਦਾ ਗਾਇਨ ਹੁੰਦਾ ਹੈ। ਦੂਰ-ਦੁਰਾਡੇ ਤੋਂ ਹੁੰਮ-ਹੁੰਮਾ ਕੇ ਆਈਆਂ ਸੰਗਤਾਂ ਗੁਰ-ਚਰਨਾਂ ਨਾਲ ਜੁੜ ਕੇ ਗੁਰਬਾਣੀ ਕੀਰਤਨ, ਗੁਰ-ਇਤਿਹਾਸ ਤੇ ਗੁਰਮਤਿ ਵਿਚਾਰਾਂ ਨੂੰ ਸਰਵਣ ਕਰ ਕੇ ਨਿਹਾਲ ਹੁੰਦੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਖਾਲਸਾ ਪੰਥ ਦੇ ਧਾਰਮਿਕ ਪੁਰਬ ਨੂੰ ਸੁਚੱਜੇ ਢੰਗ ਨਾਲ ਮਨਾਉਣ ਲਈ ਅਨੇਕਾਂ ਪ੍ਰੋਗਰਾਮ ਉਲੀਕੇ ਜਾਂਦੇ ਹਨ। ਵਿਸ਼ੇਸ਼ ਤੌਰ 'ਤੇ ਸ੍ਰੀ ਕੇਸਗੜ੍ਹ ਸਾਹਿਬ ਦੇ ਪਾਵਨ ਸਥਾਨ 'ਤੇ (ਤਿੰਨ ਰਾਤਾਂ ਨੂੰ) ਮਹਾਨ ਕੀਰਤਨ ਦਰਬਾਰ, ਕਵੀ ਦਰਬਾਰ ਤੇ ਢਾਡੀ ਦਰਬਾਰ ਦਾ ਆਯੋਜਨ ਕੀਤਾ ਜਾਂਦਾ ਹੈ।

ਹੋਲੇ-ਮਹੱਲੇ ਦੇ ਤੀਸਰੇ ਦਿਨ (ਪਵਿੱਤਰ ਗੁਰੂ ਕੀ ਨਗਰੀ ਵਿਚ) ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਅਰਦਾਸ ਕਰਨ ਉਪਰੰਤ, ਜੈਕਾਰਿਆਂ ਦੀਆਂ ਅਸਮਾਨ ਨੂੰ ਛੋਂਹਦੀਆਂ ਗੂੰਜਾਂ ਨਾਲ ਮਹਾਨ ਨਗਰ ਕੀਰਤਨ/ਮਹੱਲਾ ਆਰੰਭ ਹੁੰਦਾ ਹੈ। ਇਸ ਦੀ ਅਗਵਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਪੰਜ ਪਿਆਰੇ ਕਰਦੇ ਹਨ। ਇਸ ਮੌਕੇ 'ਤੇ ਜਦੋਂ ਅਨੰਦਗੜ੍ਹ ਕਿਲ੍ਹੇ ਵਲੋਂ, ਸ਼ਹੀਦੀ ਬਾਗ ਵਿਚੋਂ ਨਿਕਲ ਕੇ ਘੋੜਿਆਂ, ਹਾਥੀਆਂ ਅਤੇ ਗੱਡੀਆਂ ਵਿਚ ਸਵਾਰ ਹੋ ਕੇ ਹਜ਼ਾਰਾਂ ਦੀ ਗਿਣਤੀ ਵਿਚ ਨਿਹੰਗ ਸਿੰਘ, ਪੁਰਾਤਨ ਹਥਿਆਰਾਂ/ਸ਼ਸਤਰਾਂ ਨਾਲ ਲੈਸ ਹੋ ਕੇ, ਸੱਜ-ਧੱਜ ਨਾਲ, ਮਹੱਲੇ ਵਿਚ ਸ਼ਾਮਲ ਹੁੰਦੇ ਹਨ ਤਾਂ ਇਉਂ ਜਾਪਦਾ ਹੈ ਕਿ ਪ੍ਰਤੱਖ 'ਖਾਲਸਾ ਅਕਾਲ ਪੁਰਖ ਕੀ ਫੌਜ' ਕਿਤੇ ਚੜ੍ਹਾਈ ਕਰਨ ਲਈ ਜਾ ਰਹੀ ਹੈ। ਨਗਾਰਿਆਂ ਤੇ ਨਰਸਿੰਗਿਆਂ ਦੀਆਂ ਅਕਾਸ਼-ਛੋਂਹਦੀਆਂ ਅਵਾਜ਼ਾਂ ਤੇ ਨਿਹੰਗ ਸਿੰਘਾਂ ਦੇ ਉੱਚ ਦੁਮਾਲੇ ਆਪਣੇ ਆਪ ਵਿਚ ਅਜਬ ਦ੍ਰਿਸ਼ ਪੇਸ਼ ਕਰਦੇ ਹਨ। ਨੀਲੀਆਂ, ਕੇਸਰੀ ਤੇ ਰੰਗ-ਬਰੰਗੀਆਂ ਦਸਤਾਰਾਂ ਨਾਲ ਸਜੇ ਸਿੰਘ ਅਤੇ ਸਿੰਘਣੀਆਂ ਇਸ ਨਗਰ ਕੀਰਤਨ ਦੀ ਸੁੰਦਰਤਾ ਨੂੰ ਚਾਰ-ਚੰਦ ਲਗਾ ਦਿੰਦੀਆਂ ਹਨ। ਖੁਸ਼ੀ ਵਿਚ ਆ ਕੇ ਨਿਹੰਗ ਸਿੰਘਾਂ ਤੇ ਸੰਗਤਾਂ ਵਲੋਂ ਇਕ-ਦੂਜੇ ਉੱਤੇ ਗੁਲਾਲ, ਕੇਸਰ ਆਦਿ ਰੰਗ ਪਾਏ ਜਾਂਦੇ ਹਨ ਤੇ ਅਤਰ ਵਰਗੀਆਂ ਸੁਗੰਧੀਆਂ ਦਾ ਛਿੜਕਾਅ ਕੀਤਾ ਜਾਂਦਾ ਹੈ, ਜਿਸ ਨਾਲ ਵਾਤਾਵਰਨ ਹੋਰ ਵੀ ਰੰਗੀਨ ਤੇ ਖੁਸ਼ਬੂਦਾਰ ਹੋ ਜਾਂਦਾ ਹੈ।

ਇਹ ਅਦੁੱਤੀ ਨਗਰ ਕੀਰਤਨ/ਮਹੱਲਾ ਕਿਲ੍ਹਾ ਹੋਲਗੜ੍ਹ ਤੇ ਮਾਤਾ ਜੀਤੋ ਜੀ ਦੇ ਗੁਰਦੁਆਰੇ ਦੀ ਯਾਤਰਾ ਕਰਦਾ ਹੋਇਆ ਸ਼ਾਮ ਤਕ ਚਰਨ ਗੰਗਾ ਦੇ ਖੁਲ੍ਹੇ ਮੈਦਾਨ

*(ਬਾਕੀ ਪੰਨਾ 55 'ਤੇ)*

# ਭਾਈ ਨੰਦ ਲਾਲ ਜੀ
# ਗਜ਼ਲਾਂ

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-49)*

**ਬਾ-ਚਸ਼ਮਿ ਖ਼ਾਬਨਾਕ ਚੂੰ ਬੀਰੂੰ ਬਰ ਆਮਦੀ,**
**ਸ਼ਰਮਿੰਦਾ ਗਸ਼ਤ ਅਜ਼ ਰੁਖ਼ਿ ਤੂ ਆਫ਼ਤਾਬਿ ਸੁਬਹਾ।**

ਜਦ ਤੂੰ ਉਨੀਂਦੀਆਂ ਅੱਖਾਂ ਨਾਲ ਬਾਹਰ ਆਇਆ, ਤਾਂ ਤੇਰੇ ਮੁਖੜੇ ਨੂੰ ਵੇਖ ਕੇ ਸਵੇਰ ਦਾ ਸੂਰਜ ਸ਼ਰਮਿੰਦਾ ਹੋ ਗਿਆ।

**ਅਜ਼ ਮਕਦਮਿ ਸ਼ਰੀਫ਼ ਜਹਾਂ-ਰਾ ਦਿਹਦ ਫ਼ਰੋਗ**
**ਚੂੰ ਬਰ-ਕਸ਼ਦ ਨਕਾਬ ਜ਼ਿ ਰੁਖ਼ਿ ਆਫ਼ਤਾਬਿ ਸੁਬਹਾ।**

ਜਦ ਸਵੇਰ ਦਾ ਸੂਰਜ ਆਪਣੇ ਮੁਖੜੇ ਤੋਂ ਬੁਰਕਾ ਲਾਹੁੰਦਾ ਹੈ, ਆਪਣੀ ਸੁਭਾਗੀ ਆਮਦ ਨਾਲ ਜਹਾਨ ਨੂੰ ਰੌਸ਼ਨ ਕਰ ਦਿੰਦਾ ਹੈ।

**ਬੇਦਾਰੀ ਅਸਤ ਜ਼ਿੰਦਗੀਇ ਸਾਹਿਬਾਨਿ ਸ਼ੌਕ**
**ਗੋਯਾ ਹਰਾਮ ਕਰਦਮ ਅਜ਼ ਆਇੰਦਾ ਖ਼ਾਬਿ ਸੁਬਹਾ।**

ਜਗਿਆਸੂਆਂ ਦੀ ਜ਼ਿੰਦਗੀ ਨਿੱਤ ਦਾ ਜਗਰਾਤਾ ਹੈ, ਗੋਯਾ! ਮੇਰੇ ਲਈ ਅੱਗੋਂ ਤੋਂ ਸਵੇਰ ਦੀ ਨੀਂਦ ਹਰਾਮ ਹੈ।

18.

**ਮੀ-ਬੁਰਦ ਦੀਨੋ ਦਿਲਮ ਈਂ ਚਸ਼ਮਿ ਸ਼ੋਖ਼**
**ਮੀ-ਕਸ਼ਦ ਅਜ਼ ਚਾਹਿ ਗਮ ਈਂ ਚਸ਼ਮਿ ਸ਼ੋਖ਼।**

ਇਹ ਸ਼ੋਖ਼ ਅੱਖ ਮੇਰਾ ਦੀਨ ਅਤੇ ਦਿਲ ਲੈ ਜਾਂਦੀ ਹੈ। ਇਹ ਸ਼ੋਖ਼ ਅੱਖ ਮੈਨੂੰ ਗਮਾਂ ਦੇ ਖੂਹ 'ਚੋਂ ਬਾਹਰ ਕੱਢਦੀ ਹੈ।

**ਕਾਕਲਿ ਉ ਫ਼ਿਤਨਾ ਜ਼ਨਿ ਆਲਮ ਅਸਤ**
**ਰੌਨਕ ਅਫ਼ਜ਼ਾਇ ਜਹਾਂ ਈਂ ਚਸ਼ਮਿ ਸ਼ੋਖ਼।**

ਉਸ ਦੀ ਲਿਟ ਦੁਨੀਆਂ ਵਿਚ ਆਫ਼ਤ ਮਚਾ ਦਿੰਦੀ ਹੈ, ਅਤੇ ਇਹ ਸ਼ੋਖ ਅੱਖ ਦੁਨੀਆਂ ਨੂੰ ਰੌਣਕਾਂ ਬਖਸ਼ਦੀ ਹੈ।

**ਖ਼ਾਕਿ ਪਾਇ ਦੋਸਤੀਏ ਦਿਲ ਬਵਦ,**
**ਹਾਦੀਏ ਰਾਹਿ ਖ਼ੁਦਾ ਈਂ ਚਸ਼ਮਿ ਸ਼ੋਖ਼।**

ਦਿਲ ਸੱਜਣ ਦੇ ਚਰਨਾਂ ਦੀ ਧੂੜ ਹੋ ਜਾਵੇ, ਅਤੇ ਇਹ ਸ਼ੋਖ ਅੱਖ ਰੱਬ ਦਾ ਰਾਹ ਦੱਸਣ ਵਾਲੀ ਹੋ ਜਾਵੇ।

**ਕੈ ਕੁਨਦ ਉ ਸੂਇ ਗੁਲਿ ਨਰਗਸ ਨਿਗਾਹ**
**ਹਰ ਕੀ ਦੀਦਾ ਲੱਜ਼ਤਿ ਆਂ ਚਸ਼ਮਿ ਸ਼ੋਖ਼।**

ਜਿਸ ਕਿਸੇ ਨੇ ਉਸ ਸ਼ੋਖ਼ ਅੱਖ ਨੂੰ ਇਕ ਨਜ਼ਰੇ ਵੀ ਵੇਖ ਲਿਆ, ਉਸ ਦੇ ਦਿਲ ਦਾ ਭਰਮ ਦੂਰ ਹੋ ਗਿਆ।

19.

**ਬਹੋਸ਼ ਬਾਸ਼ ਕਿ ਹੰਗਾਮਿ ਨੌਬਹਾਰ ਆਮਦ**
**ਬਹਾਰ ਆਮਦ ਵਾ ਯਾਰ ਵਾ ਕਰਾਰ ਆਮਦ।**

ਹੋਸ਼ ਵਿਚ ਆ, ਕਿ ਨਵੀਂ ਬਹਾਰ ਦਾ ਸਮਾਂ ਆ ਗਿਆ, ਬਹਾਰ ਆ ਗਈ ਹੈ, ਯਾਰ ਆ ਗਿਆ ਹੈ ਅਤੇ ਦਿਲ ਨੂੰ ਸ਼ਾਂਤੀ ਆ ਗਈ ਹੈ।

**ਦਰੂਨਿ ਮਰਦੁਮਿ ਚਸ਼ਮ ਜ਼ਿ ਬਸ ਕਿ ਜਲਵਾ ਗਰਸਤ**
**ਬਹਰ ਤਰਫ਼ ਕਿ ਨਜ਼ਰ ਕਰਦ ਰੂਇ ਯਾਰ ਆਮਦ।**

ਅੱਖ ਦੀ ਪੁਤਲੀ ਵਿਚ ਉਸ ਦਾ ਜਲਵਾ ਇੰਨਾ ਸਮਾ ਚੁੱਕਾ ਹੈ, ਕਿ ਉਹ ਜਿੱਧਰ ਵੀ ਵੇਖਦੀ ਹੈ, ਮਿਤ੍ਰ ਪਿਆਰੇ ਦਾ ਹੀ ਮੁੱਖੜਾ ਦਿਸਦਾ ਹੈ।

**ਬ-ਹਰ ਤਰਫ਼ ਕਿ ਰਵਦ ਦੀਦਾ ਮੀਰਵਮ ਚਿ ਕੁਨਮ**
**ਦਰੀਂ ਮੁਕੱਦਮਾ ਮਾ ਰਾ ਚਿਹ ਅਖ਼ਤਿਆਰ ਆਮਦ।**

ਜਿਧਰੇ ਮੇਰੀ ਅੱਖ ਜਾਂਦੀ ਹੈ, ਮੈਂ ਵੀ ਉਧਰ ਹੀ ਜਾਂਦਾ ਹਾਂ, ਕੀ ਕਰਾਂ, ਇਸ ਮੁਆਮਲੇ ਵਿਚ ਭਲਾ ਸਾਡੇ ਵਸ ਹੀ ਕੀ ਹੈ?

**ਖ਼ਬਰ ਦਿਹੰਦ ਬ-ਯਾਰਾਨਿ ਮੁੱਦਈ ਕਿ ਇਮਸ਼ਬ**
**ਅਨਲਹੱਕ ਜ਼ਦਾ ਮਨਸੂਰ ਸੂਇ ਦਾਰ ਆਮਦ।**

ਦਾਅਵੇਦਾਰ ਦੋਸਤਾਂ ਪਾਸ ਕਿਸੇ ਖ਼ਬਰ ਲਿਆਦੀ ਕਿ ਅਜ ਰਾਤੀਂ 'ਅਨਲਹੱਕ' (ਮੈਂ ਰੱਬ ਹੀ ਹਾਂ) ਕਹਿੰਦਾ ਹੋਇਆ ਮਨਸੂਰ ਸੂਲੀ ਵਲ ਜਾ ਰਿਹਾ ਸੀ।

**ਖ਼ਬਰ ਦਿਹੇਦ ਬ-ਗੁਲਹਾ ਕਿ ਬਿਸ਼ਗੁਫ਼ੰਦ ਹਮਾ**
**ਅਜ਼ੀ ਨਵੇਦ ਕਿ ਜ਼ਾਂ ਬੁਲਬੁਲ ਹਜ਼ਾਰ ਆਮਦ।**

ਫੁੱਲਾਂ ਨੂੰ ਖਬਰ ਦੇ ਦਿਓ ਕਿ ਸਾਰੇ ਖਿੜ ਜਾਣ, ਇਸ ਖੁਸ਼ਖਬਰੀ ਵਿਚ ਜਿਹੜੀ ਉਸ ਗਾਉਂਦੀ ਬੁਲਬੁਲ ਵਲੋਂ ਆਈ ਹੈ।

**ਖ਼ੁਦਾ ਮਾਂਦ ਜ਼ਿ ਗੇਰਤ ਜ਼ੁਦਾ ਵ ਮਨ ਹੈਰਾਂ**
**ਹਦੀਸਿ ਸ਼ੌਕਿ ਤੇ ਅਜ਼ ਬਸ ਕਿ ਬੇ-ਸ਼ੁਮਾਰ ਆਮਦ।**

ਖੁਦਾ ਗੈਰਤ ਕਰਕੇ ਅੱਡ ਰਿਹਾ ਅਤੇ ਮੈਂ ਉਂਝ ਹੈਰਾਨ ਰਿਹਾ, ਤੇਰੇ ਸ਼ੌਕ ਦੀ ਕਹਾਣੀ ਦਾ ਕੋਈ ਅੰਤ ਨਹੀਂ।

**ਖ਼ਿਆਲਿ ਹਲਕਾਇ ਜ਼ੁਲਫ਼ਿ ਤੂ ਮੀ-ਕੁਨਦ ਗੋਯਾ**
**ਅਜ਼ੀਂ ਸਬੱਬ ਕਿ ਦਿਲ ਅਜ਼ ਸ਼ੌਕ ਬੇ-ਕਰਾਰ ਆਮਦ।**

ਗੋਯਾ ਤੇਰੀ ਜੁਲਫ਼ ਦੇ ਕੁੰਡਲ ਦਾ ਧਿਆਨ ਧਰਦਾ ਹੈ, ਇਸ ਲਈ ਕਿ ਸ਼ੌਕ ਦੇ ਕਾਰਣ ਦਿਲ ਭਟਕਦਾ ਪਿਆ ਹੈ।

20.

**ਤਬੀਬ ਆਸ਼ਿਕਿ ਬੇਦਰਦ ਰਾ ਦਵਾ ਚਿ ਕੁਨਦ**
**ਤੁਰਾ ਕਿ ਪਾਏ ਬਵਦ ਲੰਗ ਰਹਿਨੁਮਾ ਚਿ ਕੁਨਦ।**

ਸਖ਼ਤ ਜਾਨ ਆਸ਼ਕ ਦੀ ਦਵਾ ਭਲਾ ਵੈਦ ਕੀ ਕਰ ਸਕਦਾ ਹੈ? ਜਦ ਤੇਰੀਆਂ ਹੀ ਲੱਤਾਂ ਲੰਘੀਆਂ ਹਨ, ਰਾਹ ਵਿਖਾਉਣ ਵਾਲਾ ਕੀ ਕਰ ਸਕਦਾ ਹੈ?

**ਜਮਾਲਿ ਊ ਹਮਾ ਜਾ ਬੇ-ਹਿਸਾਬ ਜਲਵਾਗਰ ਅਸਤ**
**ਤੂ ਦਰ ਹਿਜਾਬਿ ਖ਼ੁਦੀ ਯਾਰ ਮਹਿ ਲਕਾਕਿ ਕੁਨਦ।**

ਉਸ ਦਾ ਹਰ ਜਲਵਾ ਹਰ ਥਾਂ ਬਿਨਾਂ ਘੁੰਡ ਦੇ ਰੂਪਮਾਨ ਹੈ। ਤੂੰ ਤਾਂ ਆਪ ਹਉਮੈ ਦੇ ਪਰਦੇ ਹੇਠ ਹੈਂ, ਚੰਨ ਵਰਗਾ ਸੋਹਣਾ ਭਲਾ ਕੀ ਕਰੇ?

**ਤੁਰਾ ਕਿ ਨੀਸਤ ਬਯੱਕ ਗੂਨਾ ਖ਼ਾਤਿਰਿ ਮਜਮੂਅ**
**ਮੁਕਾਮਿ ਅਮਨੋ ਖੁਸ਼ ਗੋਸ਼ਾ ਸਰਾ ਚਿ ਕੁਨਦ।**

ਤੈਨੂੰ ਜਿਸ ਨੂੰ ਕਿ ਰਤਾ ਵੀ ਦਿਲ ਦਾ ਟਿਕਾਓ ਪ੍ਰਾਪਤ ਨਹੀਂ, ਉਸ ਲਈ ਕੋਈ ਸ਼ਾਂਤ-ਥਾਂ ਜਾਂ ਕਿਸੇ ਹਵੇਲੀ ਦੀ ਸੁੰਦਰ ਨੁੱਕਰ ਕੀ ਕਰ ਸਕਦੀ ਹੈ?

**ਬਗੈਰਿ ਬਦਰਕਾਇ ਇਸ਼ਕ ਕੈ ਰਸੀ ਬ-ਮੰਜ਼ਲਿ ਯਾਰ**
**ਬਗੈਰ ਜਜ਼ਬਾਇ ਸ਼ੌਕਿ ਤੂ ਰਹਿਨੁਮਾ ਚਿ ਕੁਨਦ।**

ਬਿਨਾਂ ਪ੍ਰੀਤ ਦੇ, ਹਾਦੀ ਤੂ ਭਲਾ ਕਿਵੇਂ ਸਜਨ ਦੀ ਦਰਗਾਹ ਪਹੁੰਚ ਸਕਦਾ ਹੈਂ? ਤੇਰੇ ਸ਼ੌਕ ਦੇ ਜਜ਼ਬੇ ਤੋਂ ਬਿਨਾਂ ਭਲਾ ਰਾਹ ਵਿਖਾਉਣ ਵਾਲਾ ਕੀ ਕਰ ਸਕਦਾ ਹੈ?

**ਚੁ ਸੁਰਮਾਇ ਦੀਦਾ ਕੁਨੀ ਖ਼ਾਕਿ ਮੁਰਸ਼ਦ ਐ ਗੋਯਾ**
**ਜਮਾਲਿ ਹੱਕ ਨਿਗਰੀ ਬਾ ਤੂਤੀਆ ਚਿ ਕੁਨਦ।**

ਹੇ ਗੋਯਾ! ਜਦ ਤੂੰ ਗੁਰੂ ਜੀ ਦੀ ਚਰਨਧੂੜ ਨੂੰ ਆਪਣੇ ਨੇਤਰਾਂ ਲਈ ਸੁਰਮਾਂ ਬਣਾ ਲਵੇਂਗਾ, ਤਾਂ ਤੂੰ ਰੱਬ ਦਾ ਜਲਵਾ ਵੇਖ ਸਕੇਂਗਾ, ਤੇਰੇ ਲਈ (ਹੋਰ ਕੋਈ) ਸੁਰਮਾਂ ਕਿਸ ਕੰਮ?

**ਸਬਾ ਚੂੰ ਹਲਕਾ ਹਾਇ ਜ਼ੁਲਫ਼ਿ ਊ ਰਾ ਸ਼ਾਨਾ ਮੀ ਸਾਜ਼ਦ**
**ਅਜਿਬ ਜ਼ੰਜੀਰ ਅਜ ਬਹਰਿ ਦਿਲਿ ਦੀਵਾਨਾ ਮੀ ਸਾਜ਼ਦ।**

ਚੜ੍ਹਦੇ ਦੀ ਪੌਣ ਜਦ ਉਸ ਦੀਆਂ ਲਿਟਾਂ ਦੇ ਘੁੰਗਾਂ ਦੀ ਕੰਘੀ ਕਰਦੀ ਹੈ, ਤਾ ਸਮਝੋ ਮੇਰੇ ਦੀਵਾਨੇ ਦਿਲ ਲਈ ਇਕ ਅਜੀਬ ਜ਼ੰਜੀਰ ਬਣਾਉਂਦੀ ਹੈ।

**ਨ ਦਾਨਿਸਤੇਮ ਅਜ਼ ਰੂਜ਼ਿ ਅਜ਼ਲ ਈਂ ਨਕਸ਼ਿ ਆਦਮ ਰਾ**
**ਕਿ ਨੱਕਾਸ਼ ਅਜ਼ ਬਰਾਏ ਮਾਂਦਨਿ ਖੁਦ ਖਾਨਾ ਮੀ ਸਾਜ਼ਦ।**

ਆਦਿ ਸਮੇਂ ਤੋਂ ਹੀ ਅਸੀਂ ਮਨੁੱਖ ਦੇ ਇਸ ਢਾਂਚੇ ਨੂੰ ਨਹੀਂ ਸਮਝਿਆ ਕਿ ਰੱਬ ਇਹ ਆਪਣੇ ਰਹਿਣ ਲਈ ਘਰ ਬਣਾਉਂਦਾ ਪਿਆ ਹੈ।

**ਦਿਲਿ ਆਸ਼ਕ ਬ-ਅੰਦਕ ਫ਼ੁਰਸਤਿ ਮਾਸ਼ੂਕ ਮੀ ਗਰਦਦ**
**ਸਰਾ ਪਾ ਜਾਂ ਸ਼ਵਦ ਹਰ ਕਸ ਕਿ ਬਾ ਜਾਨਾਨਹ ਮੀ ਸਾਜ਼ਦ।**

ਆਸ਼ਕ ਦਾ ਦਿਲ ਥੋੜ੍ਹੇ ਸਮੇਂ ਵਿਚ ਹੀ ਮਾਸ਼ੂਕ ਬਣ ਜਾਂਦਾ ਹੈ। ਹਰ ਉਹ ਬੰਦਾ ਜੋ ਮਾਸ਼ੂਕ ਨਾਲ ਬਣਾਈ ਰਖਦਾ ਹੈ, ਆਪ ਸਿਰ ਤੋਂ ਪੈਰਾਂ ਤਕ ਜਾਨ ਬਣ ਜਾਂਦਾ ਹੈ।

**ਬਰਾਏ ਗੁਰਦਾਇ ਨਾਂ ਗਿਰਦਿ ਹਰ ਦੂਨੀ ਚਿ ਮੀ ਗਰਦੀ**
**ਤਮਆ ਦੀਦੀ ਕਿ ਆਦਮ ਰਾ ਅਸੀਰਿ ਦਾਨਾ ਮੀ ਸਾਜ਼ਦ।**

ਰੋਟੀ ਦੇ ਇਕ ਟੁਕੜੇ ਲਈ ਤੂੰ ਕਿਉਂ ਹਰ ਕਮੀਨੇ ਮਗਰ ਨਸਦਾ ਫਿਰਦਾ ਹੈ, ਤੂੰ ਵੇਖਿਆ ਹੀ ਹੈ ਕਿ ਲੋਭ ਬੰਦੇ ਨੂੰ ਇਕ ਦਾਨੇ ਲਈ ਕੈਦੀ ਬਣਾ ਦਿੰਦਾ ਹੈ।

**ਮਗੋ ਅਜ਼ ਹਾਲਿ ਲੈਲਾ ਰਾ ਦਿਲਿ ਸ਼ੋਰੀਦਾਇ ਗੋਯਾ**
**ਕਿ ਸ਼ਰਾਹ ਕਿੱਸਾਇ ਮਜਨੂੰ ਮਰਾ ਦੀਵਾਨਾ ਮੀ ਸਾਜ਼ਦ।**

ਐ ਗੋਯਾ! ਤੂੰ ਲੈਲਾ ਦਾ ਹਾਲ ਸਿਰ ਫਿਰੇ ਦਿਲ ਨੂੰ ਨਾ ਦੱਸੀ, ਕਿਉਂਕਿ ਮਜਨੂੰ ਦੀ ਵਿਥਿਆ ਮੇਰੇ ਜਿਹੇ ਦੀਵਾਨੇ ਨੂੰ ਹੀ ਰਾਸ ਆਉਂਦੀ ਹੈ।

---

### 'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ

1. **ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**
2. **ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।**
3. **'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।**

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-54)*

## ਪਿਆਰ : ਉਤਮ ਨਿਰਮਲ ਸੰਵੇਗ

ਸੰਵੇਗਾਂ ਨੂੰ ਕੰਟਰੋਲ ਕਰਕੇ ਦਿਸ਼ਾ ਦੇਣੀ ਸੌਖੀ ਹੈ, ਉਹਨਾਂ ਨੂੰ ਸਿਰਜਨਾਤਮਕ ਪਾਸੇ ਲਾਉਣਾ ਕੋਈ ਔਖਾ ਨਹੀਂ। ਲੋੜ ਹੈ ਨਕਾਰਾਤਮਕ ਸੰਵੇਗਾਂ ਨੂੰ ਸਕਾਰਆਤਮਕ ਪਾਸੇ ਲਾਉਣ ਦੀ, ਉਹਨਾਂ ਨੂੰ ਚੰਗੇ ਪਾਸੇ ਲਾਉਣ ਦੀ। ਇਹ ਕਰਨ ਤੋਂ ਬਾਅਦ ਹੀ ਅਸੀਂ ਹੱਥੋਂ ਦੇਣਾ ਸਿੱਖ ਸਕਦੇ ਹਾਂ। ਪਿਆਰ ਕਰਨਾ ਸਿੱਖ ਸਕਦੇ ਹਾਂ, ਆਪਾ ਸਮਰਪਣ ਕਰਨਾ ਹੀ ਸਭ ਤੋਂ ਉਤਮ ਤੇ ਉੱਚ ਕੋਟੀ ਦਾ ਯੋਗ ਹੈ। ਜਦੋਂ ਤਕ ਅਸੀਂ ਆਪਣਾ ਆਪ, ਆਪਣਾ ਤੁੱਛ ਆਪਾ ਸਮਰਪਣ ਨਹੀਂ ਕਰਦੇ, ਉਸ ਪ੍ਰਮਾਤਮਾ ਨੂੰ ਅਰਪਣ ਨਹੀਂ ਕਰਦੇ, ਉਦੋਂ ਤਕ ਅਸੀਂ ਕੁਝ ਵੀ ਨਹੀਂ ਸਿੱਖ ਸਕਦੇ। ਲੋੜ ਹੈ ਆਪਾ ਸਮਰਪਣ ਕਰਨ ਦੀ। ਆਪਾ ਉਸ ਪਰਮਾਤਮਾ ਅੱਗੇ ਅਰਪਣ ਕਰਨ ਦੀ। ਪ੍ਰਾਪਤੀ ਦੀਆਂ, ਆਤਮ ਸਿੱਧੀ ਦੀਆਂ ਤਿੰਨ ਪੌੜੀਆਂ ਹਨ ਪਹਿਲੀ ਹੈ - ਹੇ ਪ੍ਰਭੂ! ਮੇਰੇ ਤੇ ਕ੍ਰਿਪਾ ਕਰ, ਮੈਨੂੰ ਆਪਣਾ ਬਣਾ ਲੈ, ਮੈਂ ਤੇਰਾ-ਮੈਂ ਤੇਰਾ। ਫੇਰ ਸਾਨੂੰ ਸਤਿ ਬਾਰੇ ਭਰੋਸਾ ਹੋ ਜਾਂਦਾ ਹੈ। ਫੇਰ ਧਾਰਨਾ ਬਣਦੀ ਹੈ - 'ਤੂੰ ਮੇਰਾ ਹੈਂ-ਤੂੰ ਮੇਰਾ ਹੈਂ-ਤੂੰ ਮੇਰਾ ਹੈਂ।' ਇਸ ਤੋਂ ਬਾਅਦ ਦੀ ਅਵਸਥਾ ਹੈ, 'ਮੈਂ ਤੇ ਮੇਰਾ ਪਰਮਾਤਮਾ ਅਸੀਂ ਇਕ ਹਾਂ, "Tatvam asi' 'ਤੂੰ ਉਹ ਹੈ'। ਜਦੋਂ ਈਸਾ ਜੀ ਨੇ ਕਿਹਾ, ਮੈਂ ਤੇ ਮੇਰਾ ਪਿਤਾ ਪ੍ਰਭੂ ਇੱਕ ਹਾਂ। ਤਾਂ ਉਹ ਉਸ ਨਾਲ ਲੀਨ ਹੋ ਕੇ ਇਕ ਹੋ ਕੇ ਕਹਿ ਰਹੇ ਸੀ। ਜਦੋਂ ਉਹ ਕਹਿੰਦੇ ਸੀ, ਇਹ ਮੇਰੀ ਸ਼ਕਤੀ ਨਹੀਂ, ਇਹ ਮੇਰੇ ਪਰਮੇਸ਼੍ਵਰ ਪਿਤਾ ਦੀ ਸ਼ਕਤੀ ਹੈ, ਉਹ ਹੀ ਸਭ ਕੁਝ ਠੀਕ ਕਰਨ ਵਾਲਾ ਹੈ, ਦੇਣ ਵਾਲਾ ਹੈ। ਉਹ ਉਸ ਸਮੇਂ 'ਤੂੰ ਮੇਰਾ ਹੈਂ" ਦੀ ਅਵਸਥਾ ਵਿਚ ਹੋ ਕੇ ਕਹਿ ਰਹੇ ਹੁੰਦੇ ਸੀ। ਇਹ ਅਵਸਥਾ ਇਹ ਪੌੜੀਆਂ ਕੇਵਲ ਗੱਲ ਕਰਨ ਲਈ ਨਹੀਂ, ਬੋਲਣ ਲਈ ਨਹੀਂ, ਇਨ੍ਹਾਂ ਨੂੰ ਕਮਾਉਣਾ ਹੁੰਦਾ ਹੈ, ਵਾਸਤਵ ਵਿਚ ਲਿਆਉਣਾ ਹੁੰਦਾ ਹੈ। ਪ੍ਰਾਪਤੀ ਕਰਨੀ ਹੁੰਦੀ ਹੈ।

ਮਹਾਂਪੁਰਖਾਂ ਦੀਆਂ, ਬ੍ਰਹਮਗਿਆਨੀਆਂ ਦੀਆਂ ਜੀਵਨੀਆਂ ਪੜ੍ਹਨੀਆਂ ਅਤਿ ਲਾਭਵੰਦ ਹੋ ਸਕਦੀਆਂ ਹਨ। ਜਦੋਂ ਤੁਸੀਂ ਆਪ 'ਆਤਮ ਮਾਰਗ' ਤੇ ਚਲ ਰਹੇ ਹੋਵੋ। ਇਹਨਾਂ ਜੀਵਨੀਆਂ ਨੂੰ ਪੜ੍ਹ ਕੇ ਤੁਹਾਨੂੰ ਭਗਤੀ ਭਾਵ ਦਾ ਪਤਾ ਲਗਦਾ ਹੈ। ਵਾਸਤਵ ਵਿਚ ਕਿਸੇ ਵੀ ਮਾਰਗ ਤੇ ਚੱਲਣ ਲਈ ਪ੍ਰੇਮ ਅਤਿ ਅਵੱਸ਼ਕ ਹੈ। ਜੀਵਨ ਨੂੰ ਪ੍ਰਸੰਨ ਬਣਾਉਣ ਲਈ ਸਕਾਰਾਤਮਕ ਬਣਾਉਣ ਲਈ, ਸਿਰਜਨਾਤਮਕ ਬਣਾਉਣ ਲਈ, ਇਹ ਸਭ ਕੁਝ ਲਈ ਲੋੜ ਹੈ ਪ੍ਰੇਮ ਦੀ, ਪਿਆਰ ਦੀ। ਪਿਆਰ ਕੀ ਹੈ? ਸਭ ਤੋਂ ਉਤਮ ਨਿਰਮਲ ਸੰਵੇਗ ਹੈ ਪਿਆਰ। ਸਕਾਰਤਮਕ ਸੰਵੇਗ ਹੈ ਪਿਆਰ। ਸੰਸਾਰਕ ਪੱਖੋਂ, ਇਹ ਦਿਲ ਦੀ ਇਕ ਤਰ੍ਹਾਂ ਦੀ ਤੀਬਰ ਇੱਛਾ ਹੈ ਜਿਸ ਨੂੰ ਮਿਟਾਇਆ ਨਹੀਂ ਜਾ ਸਕਦਾ। ਇਸ ਨੂੰ ਵਰਨਣ ਨਹੀਂ ਕਰ ਸਕਦੇ, ਜੇਕਰ ਵਰਨਣ ਕਰੋ ਵੀ ਤਾਂ ਬਹੁਤ ਹੀ ਇਕ ਸੀਮਤ ਤਰੀਕੇ ਨਾਲ ਕਰ ਸਕਦੇ ਹੋ। ਉਹ ਪਿਆਰ, ਉਹ ਨਿੱਘ ਜੋ ਤੁਸੀਂ ਅੰਦਰ ਮਹਿਸੂਸ ਕਰਦੇ ਹੋ। ਉਸ ਨੂੰ ਪ੍ਰਗਟ ਨਹੀਂ ਕਰ ਸਕਦੇ, ਉਸ ਨੂੰ ਦਿਖਾ ਨਹੀਂ ਸਕਦੇ, ਪਰ ਇਕ ਗੱਲ ਜ਼ਰੂਰ ਹੈ-ਉਸ ਪਿਆਰ ਨੂੰ ਸੁਆਰਥ ਨਾਲ ਨਹੀਂ ਜੋੜਨਾ ਚਾਹੀਦਾ। ਜੇਕਰ ਤੁਹਾਨੂੰ ਕੁਛ ਚਾਹੀਦਾ ਹੈ, ਫੇਰ ਤੁਸੀਂ ਪਿਆਰ ਨਹੀਂ ਕਰ ਰਹੇ ਕਿਉਂਕਿ ਪਿਆਰ ਤਾਂ ਦੇਣਾ ਹੈ। ਦੇਣਾ, ਦੇਣਾ ਬਿਨਾਂ ਕਿਸੇ ਆਸ ਤੋਂ, ਪਿਆਰ ਲੈਣ ਵਿਚ ਵਿਸ਼ਵਾਸ਼ ਨਹੀਂ ਕਰਦਾ। ਕੇਵਲ ਦੇਣ ਵਿਚ ਵਿਸ਼ਵਾਸ਼ ਰਖਦਾ ਹੈ। ਜਦੋਂ ਅਸੀਂ ਪੂਰੀ ਤਰ੍ਹਾਂ ਨਾਲ ਦੇ ਦਿੰਦੇ ਹਾਂ, ਅਸੀਂ ਸਭ ਕੁਝ ਪੂਰੀ ਤਰ੍ਹਾਂ ਦੇ ਦਿੰਦੇ ਹਾਂ, ਇਹ ਹੀ ਪਿਆਰ ਹੈ।

ਪਰ ਅਸੀਂ ਆਪਣੇ ਰੋਜ਼ ਦੇ ਜੀਵਨ ਵਿਚ ਕੀ ਕਰਦੇ ਹਾਂ, ਪਤਨੀ ਆਸ ਰਖਦੀ ਹੈ ਪਤੀ ਮੈਨੂੰ ਪਿਆਰ ਕਰੇ। ਪਤੀ ਆਸ ਕਰਦਾ ਹੈ ਪਤਨੀ ਮੈਨੂੰ ਪਿਆਰ ਕਰੇ, ਪਰ ਤੁਸੀਂ ਜਾਣਦੇ ਹੋ, ਇਹ ਪਿਆਰ ਨਹੀਂ, ਇਹ ਤਾਂ ਇਕ ਆਸ ਹੈ, ਉਮੀਦ ਹੈ। ਆਸ, ਉਮੀਦ ਹੀ ਸਾਰੇ ਸੰਤਾਪਾਂ ਦੀ ਮਾਂ ਹੈ। ਸਿੱਖਣ ਦੀ ਲੋੜ ਹੈ। ਪਿਆਰ ਕਰੋ ਬਿਨਾਂ ਆਸ ਰਖੇ, ਬਿਨਾਂ ਉਮੀਦ ਰਖੇ ਪਰ ਜੇ ਤੁਸੀਂ ਆਸ ਉਮੀਦ ਤੋਂ ਬਿਨਾਂ ਨਹੀਂ ਰਹਿ ਸਕਦੇ। ਤਾਂ ਆਸ ਘੱਟ ਰੱਖੋ, ਪਿਆਰ ਵਧੇਰੇ ਕਰੋ। ਪਿਆਰ ਕਰਕੇ ਬਹੁਤ ਸਾਰੇ ਫਲ ਦੀ ਆਸ ਨਾ ਰੱਖੋ, ਪਿਆਰ ਦਾ ਫਲ ਮਰਨ ਤੋਂ ਬਾਅਦ ਹੀ ਆਉਂਦਾ ਹੈ, ਜੀਵਨ ਵਿਚ ਨਹੀਂ।

ਪਿਆਰ ਕਰਨ ਵਾਲਾ ਵਾਸਤਵ ਵਿਚ ਜਿਹੜਾ ਚੁੱਪ ਕਰਕੇ ਹੀ ਆਪਣਾ ਸਭ ਕੁਝ ਦੇ ਦਿੰਦਾ ਹੈ। ਇਹੋ ਜਿਹੇ ਪ੍ਰਾਣੀ ਅਗਲੇ ਜਨਮ ਦੀ ਗੱਲ ਨਹੀਂ ਕਰਦੇ। ਉਹ ਤਾਂ ਇਥੇ ਹੀ ਮੁਕਤ ਹਨ। ਜਦੋਂ ਤੁਸੀਂ ਆਪਣੀਆਂ ਭਾਵਨਾਵਾਂ ਨੂੰ, ਸੰਵੇਗਾਂ ਨੂੰ ਸੇਧ ਦੇਣੀ ਸਿੱਖ ਲੈਂਦੇ ਹੋ, ਜਦੋਂ ਤੁਸੀਂ ਆਪਣੀਆਂ ਭਾਵਨਾਵਾਂ ਦੀ ਸ਼ਕਤੀ ਸਮਝ ਲੈਂਦੇ ਹੋ, ਜਦੋਂ ਤੁਸੀਂ ਪਿਆਰ ਕਰਨਾ ਸਿੱਖ ਲੈਂਦੇ ਹੋ ਫੇਰ ਤੁਹਾਨੂੰ ਇਕ ਗੱਲ ਯਾਦ ਰਹਿੰਦੀ ਹੈ। ਉਹ ਹੈ ਸਮਰਪਣ, ਜੋ ਹੈ ਸਭ ਕੁਝ ਸਮਰਪਣ ਕਰੋ। ਜੋ ਕੁਝ ਵੀ ਤੁਹਾਡੇ ਕੋਲ ਹੈ, ਤੁਹਾਡਾ ਹੈ, ਸਭ ਕੁਝ ਸਮਰਪਣ ਕਰਕੇ ਕਹੋ। ਇਹ ਤੇਰਾ ਹੈ, ਤੇਰਾ ਹੈ, ਤੇਰਾ ਹੈ। ਸਭ ਤੋਂ ਸੌਖਾ ਮਾਰਗ ਹੈ ਆਪਾ ਸਮਰਪਣ ਦਾ। ਵਾਸਤਵ ਵਿਚ ਤੁਹਾਡੀ ਅੰਤਰ ਆਤਮਾ ਉਦੋਂ ਹੀ ਜਾਗ੍ਰਤ ਹੁੰਦੀ ਹੈ ਜਦੋਂ ਤੁਸੀਂ ਆਪਾ ਸਮਰਪਣ ਕਰ ਦਿੰਦੇ ਹੋ, ਬਿਲਕੁਲ ਖਾਲੀ ਹੋ ਜਾਂਦੇ ਹੋ ਅਤੇ ਸਤਿ ਨੂੰ ਜਾਣ ਲੈਂਦੇ ਹੋ।

ਕੀ ਤੁਸੀਂ ਜਾਣਦੇ ਹੋ ਬੰਸਰੀ ਕਿਸ ਤਰ੍ਹਾਂ ਦੀ ਹੁੰਦੀ ਹੈ? ਜੇਕਰ ਉਸ ਵਿਚ ਕੋਈ ਛੋਟਾ ਜਿਹਾ ਤੀਲਾ, ਡੱਕਾ ਲਗਾ ਦੇਈਏ ਤਾਂ ਉਹ ਨਹੀਂ ਵਜੇਗੀ। ਤੁਸੀਂ ਕਹੋਗੇ, ਮੇਰੇ ਅੰਦਰ ਤਾਂ ਬਹੁਤ ਸਾਰੇ ਅਵਗੁਣ ਹਨ, ਕਮਜ਼ੋਰੀਆਂ ਹਨ, ਚਿੰਤਾ ਨਾ ਕਰੋ, ਤੁਸੀਂ ਬੰਸਰੀ ਦੀ ਤਰ੍ਹਾਂ ਹੋ, ਤੁਹਾਡੇ ਅੰਦਰ ਬਹੁਤ ਸਾਰੀਆਂ ਕਮਜ਼ੋਰੀਆਂ ਹਨ, ਤੁਹਾਡੇ ਅੰਦਰ ਸਤਿ ਦਾ ਨਿਵਾਸ ਉਦੋਂ ਹੀ ਹੋਵੇਗਾ ਜਦੋਂ ਤੁਸੀਂ ਆਪਣੇ ਅੰਦਰ ਕੁਝ ਨਹੀਂ ਰਹਿਣ ਦਿਓਗੇ। ਪੂਰੀ ਤਰ੍ਹਾਂ ਨਾਲ ਆਪਣਾ ਅੰਦਰ ਸਾਫ ਕਰ ਲਵੋਗੇ। ਇਹ ਹੀ ਕਰਨ ਦੀ ਲੋੜ ਹੈ, ਤੁਹਾਨੂੰ ਕਦੀ ਵੀ ਕੋਈ ਪ੍ਰਾਣੀ ਨਹੀਂ ਮਿਲੇਗਾ ਜਿਹੜਾ ਪੂਰਨ ਹੋਵੇ, ਵਾਸਤਵ ਵਿਚ ਮਨੁੱਖ ਅਧੂਰਾ ਹੈ, ਲੋੜ ਹੈ ਤੁਹਾਨੂੰ ਸਮਰਪਣ ਸਿੱਖਣ ਦੀ, ਸਮਰਪਣ ਕਿਵੇਂ ਕਰੀਦਾ ਹੈ? ਆਪਣੇ ਆਪ ਨੂੰ ਨਿਖੇਧੋ ਨਹੀਂ, ਇਹ ਨਾ ਕਹੋ, ਮੈਂ ਇਹ ਨਹੀਂ ਜਾਣਦੀ, ਮੈਨੂੰ ਕੁਝ ਨਹੀਂ ਆਉਂਦਾ, ਮੈਨੂੰ ਅਕਲ ਨਹੀਂ, ਮੈਂ ਅਣਜਾਣ ਹਾਂ, ਮੈਂ ਦੋਸ਼ੀ ਹਾਂ, ਮੈਂ ਕਮਜ਼ੋਰ ਹਾਂ। ਇਹ ਕਹਿ ਕੇ ਦੁਖੀ ਨਾ ਹੋਵੋ, ਤੁਹਾਨੂੰ ਇਸ ਤਰ੍ਹਾਂ ਕਹਿਣ ਦਾ ਕੋਈ ਹੱਕ ਨਹੀਂ। ਤੁਸੀਂ ਤਾਂ ਕੇਵਲ ਸਮਰਪਣ ਹੀ ਕਰੋ, ਸਤਿ ਨੂੰ ਮੰਨ ਕੇ ਚੱਲੋ, ਸਤਿ ਨੂੰ ਸਾਹਮਣੇ ਰੱਖ ਕੇ ਜੀਵਨ ਦਾ ਅਨੰਦ ਮਾਣੋ, ਇਹੋ ਹੀ ਸਾਧਨਾ ਹੈ ਇਹੋ ਹੀ ਅਧਿਆਤਮਕ ਅਭਿਆਸ ਹੈ, ਇਥੇ ਵੀ ਅਤੇ ਅੱਗੇ ਵੀ।

ਆਪਣੀਆਂ ਭਾਵਨਾਵਾਂ ਨੂੰ ਸਕਾਰਾਤਮਕ ਬਣਾ ਕੇ ਉਹਨਾਂ ਦੀ ਵਰਤੋਂ ਕਰਨੀ ਹੀ ਜੀਵਨ ਜਾਂਚ ਹੈ। ਭਾਵ ਹੈ ਕਿ ਪਿਆਰ ਜੀਵਨ ਵਿਚ ਲਿਆਉਣਾ, ਮਾਨਵਤਾ ਨਾਲ ਪਿਆਰ ਕਰਨਾ। ਜਿਹੜਾ ਮਨੁੱਖ ਮਾਨਵਤਾ ਨਾਲ ਪਿਆਰ ਕਰਦਾ ਹੈ, ਉਸ ਦੇ ਕੀ ਚਿੰਨ੍ਹ ਹੁੰਦੇ ਹਨ? ਮਾਨਵਤਾ ਨਾਲ ਪਿਆਰ ਕਰਨ ਵਾਲਾ ਸਭ ਕੁਝ ਮਾਨਵਤਾ ਨੂੰ ਹੀ ਦੇ ਦਿੰਦਾ ਹੈ। ਜੇਕਰ ਤੁਸੀਂ ਇਕ ਵਾਰੀ ਇਸ ਤਰ੍ਹਾਂ ਕਰਨਾ ਸ਼ੁਰੂ ਕਰ ਦਿਓ, ਫੇਰ ਤੁਸੀਂ ਉਸ ਤੋਂ ਬਿਨਾਂ ਰਹਿ ਨਹੀਂ ਸਕਦੇ। ਭਾਵੇਂ ਸੰਸਾਰ ਤੁਹਾਨੂੰ ਕਿੰਨਾ ਹੀ ਦੁਖੀ ਕਰੇ, ਉਹ ਦੁਖ ਤੁਹਾਡੇ ਲਈ ਸੁਖ ਹੀ ਬਣ ਜਾਂਦਾ ਹੈ। ਤੁਸੀਂ ਉਸ ਵਿਚ ਅਨੰਦ ਲੈਂਦੇ ਹੋ। ਉਹ ਦਰਦ ਤੁਹਾਡੇ ਲਈ ਖੁਸ਼ੀ ਬਣ ਜਾਂਦਾ ਹੈ ਕਿਉਂਕਿ ਤੁਸੀਂ ਤਾਂ ਉਸ ਤੋਂ ਪਰ੍ਹੇ ਜਾ ਚੁੱਕੇ ਹੋ, ਉਪਰ ਉਠ ਚੁੱਕੇ ਹੋ। ਫੇਰ ਤੁਹਾਡੇ ਜੀਵਨ ਵਿਚ ਇਕ ਸਮਾਂ ਆਉਂਦਾ ਹੈ, ਜੋ ਤੁਹਾਨੂੰ ਅੱਜ ਦੁਖ ਲਗਦਾ ਹੈ, ਮਹਿਸੂਸ ਹੁੰਦਾ ਹੈ। ਸਮਾਂ ਪਾ ਕੇ ਉਹ ਦੁਖ ਨਹੀਂ ਰਹਿੰਦਾ। ਜਦੋਂ ਤੁਸੀਂ ਅਨੰਦ ਦੀ ਅਵਸਥਾ ਤੇ ਪਹੁੰਚ ਜਾਂਦੇ ਹੋ, ਫੇਰ ਕੋਈ ਦੁਖ ਰਹਿੰਦਾ ਹੀ ਨਹੀਂ, ਦਰਦ ਕੀ ਹੈ? ਦੁਖ ਕੀ ਹੈ? ਮਰਨਾ ਕੀ ਹੈ? ਜੇ ਕੋਈ ਮੈਨੂੰ ਮਾਰਨਾ ਚਾਹੁੰਦਾ ਹੈ, ਉਹ ਮੈਨੂੰ ਮਾਰ ਨਹੀਂ ਸਕਦਾ। ਉਹ ਮੇਰਾ ਸਰੀਰ ਲੈ ਸਕਦਾ ਹੈ। ਸਰੀਰ ਤਾਂ ਇਕ ਕੱਪੜਾ ਹੈ ਹੋਰ ਕੁਝ ਨਹੀਂ। ਪਰ ਕੋਈ ਮੈਨੂੰ ਕਿਸ ਤਰ੍ਹਾਂ ਮਾਰ ਸਕਦਾ ਹੈ। ਕੋਈ ਅਜਰ ਅਮਰ ਨੂੰ ਕਿਸ ਤਰ੍ਹਾਂ ਮਾਰ ਸਕਦਾ ਹੈ? ਮੌਤ ਨੂੰ ਲਲਕਾਰੋ, ਹੇ ਮਾਂ ਤੇਰੇ ਕੋਲ ਕੋਈ ਸ਼ਕਤੀ ਨਹੀਂ ਕਿ ਤੂੰ ਮੈਨੂੰ ਦੁਖੀ ਕਰੇਂ, ਮੈਨੂੰ ਆਪਣੀ ਗੋਦ ਵਿਚ ਲੈ-ਲੈ। ਮੈਨੂੰ ਸਮਾਧੀ ਸਥਿਤ ਕਰ ਦੇ। ਇਸ ਤਰ੍ਹਾਂ ਨਾਲ ਮੌਤ ਇਕ ਸਮਾਧੀ ਬਣ ਜਾਂਦੀ ਹੈ, ਕੋਈ ਦੁਖ, ਕੋਈ ਦਰਦ ਨਹੀਂ ਰਹਿੰਦਾ।

ਸਿਖੋ, ਮਾਨਵਤਾ ਨੂੰ ਪਿਆਰ ਕਰਨਾ ਸਿਖੋ, ਇਹੋ ਜਿਹੇ ਮਨੁੱਖ ਦੇ ਚਿੰਨ ਹਨ, ਨਿਸੁਆਰਥੀ ਹੋਣਾ। ਸੋ ਨਿਸੁਆਰਥੀ ਬਣੋ। ਸੰਸਾਰ ਦੇ ਸਾਰੇ ਵੱਡੇ ਮਨੁੱਖ, ਨਿਰਸੁਆਰਥੀ ਹੀ ਹੋਏ ਹਨ, ਇਹੋ ਜਿਹੇ ਮਨੁੱਖ ਸਭ ਕੁਝ ਦੂਸਰਿਆਂ ਲਈ ਹੀ ਕਰਦੇ ਹਨ। ਵਾਸਤਵ ਵਿਚ ਉਹ ਦੂਸਰਿਆਂ ਲਈ ਹੀ ਜੀਉਂਦੇ ਹਨ। ਇਸੇ ਨੂੰ ਹੀ ਇਥੇ ਤੇ ਅੱਗੇ ਮੁਕਤੀ ਕਹਿੰਦੇ ਹਨ। ਭਾਵਨਾਵਾਂ ਨੂੰ, ਸੰਵੇਗਾਂ ਨੂੰ ਸਮਝ ਕੇ ਉਹਨਾਂ ਦਾ ਵਿਸ਼ਲੇਸ਼ਨ ਕਰਕੇ ਉਹਨਾਂ ਨੂੰ ਸਕਾਰਾਤਮਕ ਦਿਸ਼ਾ ਦੇ ਕੇ ਉਹਨਾਂ ਦੀ ਸ਼ਕਤੀ ਨਾਲ ਹੀ ਅਸੀਂ ਸਿਰਜਨਾਤਮਕ ਬਣ ਕੇ ਸਫਲ ਜੀਵਨ ਜੀ ਸਕਦੇ ਹਾਂ। ਇੰਨਾ ਹੀ ਨਹੀਂ ਅਸੀਂ ਅਧਿਆਤਮਕ ਪੱਖੋਂ ਵੀ ਉਚੀ ਅਵਸਥਾ ਪ੍ਰਾਪਤ ਕਰ ਸਕਦੇ ਹਾਂ।

*'ਚਲਦਾ............।'*

*(ਪੰਨਾ 50 ਦੀ ਬਾਕੀ)*

ਵਿਚ ਪਹੁੰਚ ਜਾਂਦਾ ਹੈ। ਇਸ ਸਥਾਨ 'ਤੇ ਨਿਹੰਗ-ਸਿੰਘਾਂ ਦੁਆਰਾ ਘੋੜ ਸਵਾਰੀ ਤੇ ਗਤਕੇਬਾਜ਼ੀ ਦੇ ਬੀਰ-ਰਸੀ ਜੌਹਰ ਵਿਖਾਏ ਜਾਂਦੇ ਹਨ। ਇੱਕ-ਇੱਕ ਜਵਾਨ ਦੋ-ਦੋ (ਸਿੱਖਿਅਤ) ਘੋੜਿਆਂ ਨੂੰ ਕੰਟਰੋਲ ਕਰਦਾ ਹੋਇਆ ਤੇਜ਼ ਰਫ਼ਤਾਰ ਨਾਲ ਮੈਦਾਨ ਵਿਚ ਦੁੜਾਉਂਦਾ ਹੈ। ਚਰਨ ਗੰਗਾ ਦਾ ਮੈਦਾਨ 'ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਗੂੰਜ ਉਠਦਾ ਹੈ। ਗੁਰੂ-ਪਿਆਰੀਆਂ ਸੰਗਤਾਂ ਦਾ ਠਾਠਾਂ ਮਾਰਦਾ ਅਥਾਹ ਸਮੁੰਦਰ ਅਦਭੁਤ ਨਜ਼ਾਰਾ ਪੇਸ਼ ਕਰਦਾ ਹੈ। ਸੱਚਮੁੱਚ, ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ-ਮਹੱਲੇ ਦਾ ਨਜ਼ਾਰਾ ਅਦੁੱਤੀ ਹੁੰਦਾ ਹੈ, ਜਿਸ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਔਖਾ ਹੈ। 'ਕਹਿਬੇ ਕਉ ਸੋਭਾ ਨਹੀ' ਕਥਨ ਅਨੁਸਾਰ ਕੇਵਲ ਕਹਿਣ ਜਾਂ ਲਿਖਣ ਨਾਲ ਨਹੀਂ ਸਗੋਂ ਹੋਲੇ-ਮਹੱਲੇ ਦੇ ਮੌਕੇ 'ਤੇ ਖਾਲਸਾ ਪੰਥ ਦੇ ਜਾਹੋ-ਜਲਾਲ ਨੂੰ ਅੱਖੀਂ ਵੇਖਣਾ ਹੀ ਬਣਦਾ ਹੈ। ਇਸ ਨਗਰ ਕੀਰਤਨ ਵਿਚ ਸ਼ਾਮਲ ਹੋਣ ਵਾਲੀਆਂ ਸੰਗਤਾਂ ਖਾਲਸਾ ਪੰਥ ਦੇ ਜਾਹੋ-ਜਲਾਲ ਨੂੰ ਅੱਖੀਂ ਵੇਖ ਕੇ ਨਿਹਾਲ ਹੁੰਦੀਆਂ ਹਨ ਅਤੇ ਆਪਣੇ ਆਪ ਨੂੰ ਬਹੁਤ ਚੰਗੇ ਭਾਗਾਂ ਵਾਲੀਆਂ ਸਮਝਦੀਆਂ ਹਨ।

ਸਿੱਖ ਸੰਗਤਾਂ ਨੂੰ ਹੋਲਾ-ਮਹੱਲਾ ਜਿੱਥੇ ਜੋਸ਼, ਖੁਸ਼ੀ, ਹੁਲਾਸ ਨਾਲ ਭਰਪੂਰ ਕਰਦਾ ਹੈ, ਉਥੇ ਆਤਮਿਕ ਅਨੰਦ ਵੀ ਦਿੰਦਾ ਹੈ। ਇਸੇ ਕਰਕੇ ਫਿਰ ਸਾਰਾ ਸਾਲ ਸੰਗਤਾਂ ਉਡੀਕ ਕਰਦੀਆਂ ਹਨ ਕਿ ਕਦੋਂ ਹੋਲੇ-ਮਹੱਲੇ ਦਾ ਪੁਰਬ ਆਵੇ ਅਤੇ ਉਹ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਹੋਲੇ-ਮਹੱਲੇ ਦੇ ਜੋੜ-ਮੇਲੇ ਵਿਚ ਸ਼ਰਧਾ-ਭਾਵਨਾ ਨਾਲ ਹਾਜ਼ਰੀਆਂ ਭਰਨ। ਨਿਰਸੰਦੇਹ, ਹੋਲਾ-ਮਹੱਲਾ ਖਾਲਸਾਈ ਜਾਹੋ-ਜਲਾਲ ਤੇ ਗੁਰੂ ਖਾਲਸੇ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ।


## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-12.00 ਤੋਂ 4.00 ਵਜੇ ਤੱਕ ।**
**ਪੂਰਨਮਾਸ਼ੀ - (21 ਮਾਰਚ ਦਿਨ, ਵੀਰਵਾਰ)**
**(ਸਮਾਂ - ਸ਼ਾਮੀ 7.00 ਤੋਂ 10.00 ਵਜੇ ਤੱਕ)**
**ਸੰਗਰਾਂਦ - ਚੇਤਿ, 14 ਮਾਰਚ, ਦਿਨ ਵੀਰਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**
**ਅੰਮ੍ਰਿਤ ਸੰਚਾਰ - ਮਹੀਨੇ ਦੇ ਪਹਿਲੇ ਐਤਵਾਰ ਨੂੰ ਦਿਨੇ 11 ਵਜੇ ਹੁੰਦਾ ਹੈ।**

## INTERNET MEDIA AND LIVE TELECAST

**Website :- www.ratwarasahib.in**
**Website :- www.ratwarasahib.org**
**Instagram : - RATWARA SAHIB (https://instagram.com/ratwara.sahib/)**
**You Tube :- https://www.youtube.com/user/babalakhbirsingh**
**Facebook:- https://www.facebook.com/ratwarasahib1**
**Twitter:- https://mobile.twitter.com/ratwarasahib1**
**Apps (for both apple & andriod) : Ratwara sahib ji & ratwara sahib TV**
**E-mail :- sratwarasahib.in@gmail.com** ***Contact - 9569455861, 9417912900, 9814612900***

# ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

### ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ

**VGRMCT/Atam Marg Magazine**
**S/B A/C No. 12861000000003** **RTGS/IFSC Code - PSIB0021286**
**Branch Code - C1286**

### ਦਸਵੰਧ ਭੇਜਣ ਲਈ –

**Vishav Gurmat Roohani Mission Charitable Trust**
**SB A/C No. 12861100000005** **RTGS/IFSC Code - PSIB0021286**
**Branch Code - C1286**

## ਵਿਦੇਸ਼ (Abroad)

**Vishav Gurmat Roohani Mission Charitable Trust**
**Punjab National Bank**
**SB A/C No. 0779000100179603**
**RTGS/IFSC Code - PUNB0077900**
**Branch Code - 077900**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ **Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901** ਨੂੰ ਭੇਜਿਆ ਜਾਵੇ ਜੀ। ਜੇਕਰ **Online** ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ **sms** ਕੀਤਾ ਜਾਵੇ।

**ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ [illegible] ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG MAGAZINE" ਦੇ ਨਾਂ ਤੇ ਭੇਜਿਆ ਜਾਵੇ ਜੀ।**

☐ ਨਵੀਂ ਮੈਂਬਰਸ਼ਿਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

**within India**

| Subscription Period | By Ordinary Post/Cheque | By Registered Post/Cheque |
|---|---|---|
| 1 Year | Rs. 300/320 | |
| 3 Year | Rs. 750/770 | |
| 5 Year | Rs. 1200/1220 | |
| Life | Rs 3000/3020 | |

*Foreign Membership*

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ: ਜਨਵਰੀ ☐ ਫਰਵਰੀ ☐ ਮਾਰਚ ☐ ਅਪ੍ਰੈਲ ☐ ਮਈ ☐ ਜੂਨ ☐ ਜੁਲਾਈ ☐ ਅਗਸਤ ☐ ਸਤੰਬਰ ☐ ਅਕਤੂਬਰ ☐ ਨਵੰਬਰ ☐ ਦਸੰਬਰ ☐

ਨਾਮ/Name ਅਤੇ ਪਤਾAddress..........................................................................

..........................................................................................................

.............................Pin Code........................................Phone......................... E-mail :..............................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ.........................ਰਾਹੀਂ ਭੇਜ ਰਿਹਾ ਹਾਂ।

ਦਸਖਤ......................

# ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ, ਰਤਵਾੜਾ ਸਾਹਿਬ

**ਸਮਾਂ : ਸਵੇਰੇ 9.30 ਤੋਂ 2.00 ਤੱਕ (ਐਤਵਾਰ ਤੋਂ ਸ਼ੁਕਰਵਾਰ)**

**ਡਾਕਟਰਾਂ ਦਾ ਸਮਾਂ - ਸਵੇਰੇ 10.00 ਤੋਂ 12.00 ਤੱਕ**

**ਫੋਨ ਨੰ: 98786-95178, 92176-93845,**

| | ਡਾਕਟਰ ਦਾ ਨਾਮ | ਸਪੈਸ਼ਲਿਸਟ | ਦਿਨ |
|---|---|---|---|
| 1. | ਡਾ. ਜਸਬੀਰ ਕੌਰ | ਜਨਰਲ ਮੈਡੀਸਨ | ਸੋਮਵਾਰ |
| 2. | ਡਾ. ਗੁਰਿੰਦਰ ਕੌਰ ਕੰਗ | ਐਮ.ਡੀ (ਗਾਇਨੀ) | ਸੋਮਵਾਰ |
| 3. | ਡਾ. ਕੁਲਦੀਪ ਸਿੰਘ ਕੰਗ | ਐਮ.ਡੀ (ਅੱਖਾਂ ਦੇ ਮਾਹਿਰ) | ਸੋਮਵਾਰ |
| 4. | ਡਾ. ਹਰਬੰਸ ਸਿੰਘ | ਹੱਡੀਆਂ ਅਤੇ ਜੋੜਾਂ ਦੇ ਮਾਹਿਰ | ਮੰਗਲਵਾਰ |
| 5. | ਡਾ. ਤੇਜਿੰਦਰ ਸਿੰਘ | ਜਨਰਲ ਮੈਡੀਸਨ | " |
| 6. | ਜੇ.ਪੀ.ਆਈ ਹਸਪਤਾਲ ਮੋਹਾਲੀ ਵਲੋਂ ਡਾਕਟਰ | ਅੱਖਾਂ ਦੇ ਮਾਹਿਰ | " |
| 7. | ਡਾ. ਜਤਿੰਦਰ ਸਿੰਘ ਅਤੇ ਡਾ. ਕੋਮਲਪ੍ਰੀਤ ਕੌਰ | (ਦੰਦਾਂ ਦੇ ਮਾਹਿਰ) | ਮੰਗਲਵਾਰ |
| 8. | ਸ੍ਰੀ ਮਾਈਕਲ ਜੀ | ਐਕਸਰੇ ਸਪੈਸ਼ਲਿਸਟ | ਮੰਗਲਵਾਰ ਅਤੇ ਵੀਰਵਾਰ |
| 9. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ | ਬੁੱਧਵਾਰ |
| 10. | ਡਾ. ਜੇ. ਐਸ. ਗੁਜਰਾਲ | ਜਨਰਲ ਮੈਡੀਸਨ/ਬੱਚਿਆਂ ਦੇ ਸਪੈਸ਼ਲਿਸਟ | " |
| 11. | ਡਾ. ਆਰ.ਐਸ ਸੰਧੂ | ਹੱਡੀਆਂ ਅਤੇ ਜੋੜਾਂ ਦੇ ਸਪੈਸ਼ਲਿਸਟ | ਵੀਰਵਾਰ |
| 12. | ਡਾ. ਸੰਤੋਸ਼ ਅਨੇਜਾ | ਜਨਰਲ ਮੈਡੀਸਨ | " |
| 13. | ਡਾ. ਐਸ.ਕੇ ਬਾਂਸਲ | ਜਨਰਲ ਮੈਡੀਸਨ | ਸ਼ੁਕਰਵਾਰ |
| 14. | ਡਾ. ਵਰਿੰਦਰ ਸਿੰਘ | ਜਨਰਲ ਮੈਡੀਸਨ ਅਤੇ ਚਮੜੀ ਰੋਗਾਂ ਲਈ, ਏਅਰੋ ਸਪੇਸ ਮੈਡੀਸਨ | " |
| 15. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ | ਐਤਵਾਰ |
| 16. | ਡਾ. ਜਿੰਦਲ | ਜਨਰਲ ਮੈਡੀਸਨ | " |
| 17. | ਡਾ. ਗੁਰਪ੍ਰੀਤ ਕੌਰ ਗਿੱਲ | ਹੋਮਿਉਪੈਥਿਕ | ਬੁੱਧਵਾਰ |
| 18. | ਬੀਬਾ ਵਰਸ਼ ਪ੍ਰਭਾ | ਫਿਜ਼ਿਓਥਰੈਪਿਸਟ | ਸੋਮਵਾਰ ਅਤੇ ਸ਼ੁਕਰਵਾਰ |

# ਲੈਬੋਰੇਟਰੀ ਟੈਸਟ ਅਤੇ ਹੋਰ ਸਹੂਲਤਾਂ

**1. ਬਲੱਡ ਟੈਸਟ, 2. ਸਾਰੇ ਬਲੱਡ ਸੈੱਲ ਕਾਊਂਟ ਟੈਸਟ 3. ਬਲੱਡ ਸ਼ੂਗਰ ਟੈਸਟ 4. ਕਿਡਨੀ ਟੈਸਟ 5. ਲਿਵਰ ਟੈਸਟ 6.ਲਿਪਿਡ ਪਰੋਫਾਈਲ ਟੈਸਟ 7. ਥਾਇਰਾਇਡ ਟੈਸਟ, 8. ਹਿਮਿਓਗਲੋਬਿਨ ਟੈਸਟ 9. ਪੇਸ਼ਾਬ ਟੈਸਟ (ਰੂਟੀਨ ਅਤੇ ਕਲਚਰ) 10. ਸਟੂਲ ਟੈਸਟ, 11. ਈ.ਸੀ.ਜੀ , 12. ਐਕਸਰੇ**

*** ਸਾਰੇ ਲੈਬੋਰੇਟਰੀ ਟੈਸਟ ਅੱਧੀ ਕੀਮਤ ਤੇ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ।**

**ਹਰ ਐਤਵਾਰ ਨੂੰ ਹਸਪਤਾਲ ਖੁੱਲ੍ਹਾ ਰਹਿੰਦਾ ਹੈ। ਸਮਾਂ 11.00 ਤੋਂ 1.00 ਤੱਕ।**
**ਹਰ ਸ਼ਨਿੱਚਰਵਾਰ ਨੂੰ ਛੁੱਟੀ ਹੁੰਦੀ ਹੈ ।**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/- | 70/- |
| 2. | ਕਿਵ ਕੂੜੈ ਤੁਟੈ ਪਾਲਿ | 120/- | 35/- |
| 3. | ਬਾਤ ਅਗੰਮ ਕੀ | 400/- | 400/- |
| 4. | ਕਿਵ ਸਚਿਆਰਾ ਹੋਈਐ - | 400/- | |
| 5. | ਹੋਵੈ ਅਨੰਦੁ ਘਣਾ | | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 40/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 10. | ਅੰਮ੍ਰਿਤ ਫੁਹਾਰ | 10/- | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 30/- | |
| 13. | ਅਮਰ ਜੋਤਾਂ | 20/- | 15/- |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 15. | ਅਮਰ ਗਾਥਾ | 200/- | 100/- |
| 16. | ਧਰਮ ਯੁਧ ਕੇ ਚਾਇ | 50/- | |
| 17. | ਪਵਿੱਤਰ ਪੈਂਡਾ | 25/- | |
| 18. | ਭਗਤ ਪ੍ਰਹਿਲਾਦ | 10/- | 10/- |
| 19. | ਵੈਸਾਖੀ | 10/- | 10/- |
| 20. | ਸਾਜਨ ਚਲੇ ਪਿਆਰਿਆ | | 10/- |
| 21. | ਅਬਿਨਾਸੀ ਜੋਤ ਭਾਗ - 1 | 90/- | 90/- |
| 22. | ਅਬਿਨਾਸੀ ਜੋਤ ਭਾਗ - 2 | 90/- | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 25. | ਗੁਰੂ ਅਮਰਦਾਸ ਪਰਸੀਐ | 100/- | |
| 26. | ਅਨੰਦਮਈ ਜੀਵਨ ਜਾਚ | 50/- | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/- | |
| 28. | ਅਨੁਭਵੀ ਪ੍ਰਵਚਨ | 300/- | |
| 29. | ਅੰਦਰਲੀ ਖੋਜ | 300/- | |
| 30. | ਸਿਮਰਤ ਕਹਾਂ ਨਹੀਂ | 300/- | |
| 31. | ਰੂਹਾਨੀ ਪ੍ਰਵਚਨ | 35/- | |
| 32. | 'ਸੇਵਾ ਸਿਮਰਨ ਜੁਗਤੀਆਂ | 250/- | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/- | |
| 34. | ਜੀਵਨ ਜੁਗਤਿ | 440/- | |
| 35. | ਮਾਰਗ ਚੋਣ | 60/- | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |
| 37. | ਆਤਮ ਗਿਆਨ ਭਾਗ - 1 | 120/- | |
| 38. | ਜਨਮ ਪਦਾਰਥੁ ਸਫਲੁ ਹੋਇ | 120/- | |
| 39. | ਜਨ ਪਰਉਪਕਾਰੀ ਆਏ (ਭਾਗ -1) | 65/- | |
| 40. | ਜਨ ਪਰਉਪਕਾਰੀ ਆਏ (ਭਾਗ -2) | 65/- | |
| 41. | ਗੁਰ ਅੰਗਦ ਅਮਰ ਨਿਧਾਨ | 10/- | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/- | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/- |
| 44. | ਮੰਝ ਗੁਰੂ ਕਾ ਬੋਹਿਥਾ | 30/- |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/- |
| 46. | ਗੁਰੂ ਗ੍ਰੰਥ ਜੀ ਮਾਨਿਉ | 10/- |
| 47. | ਬਾਬਾ ਬੰਦਾ ਸਿੰਘ ਬਹਾਦਰ | 10/- |
| 48. | ਤ੍ਰੈ ਸ਼ਤਾਬਦੀ | 20/- |
| 49. | ਆਤਮ ਗਿਆਨ ਭਾਗ - 2 | 120/- |
| 50. | ਆਤਮ ਗਿਆਨ ਭਾਗ - 3 | 120/- |
| 51. | ਭਗਵਤ ਗੀਤਾ ਦੀ ਚਿਰ ਸਥਾਈ... | 100/- |

| | English Version | Price |
|---|---|---|
| 1. | Baisakhi (**ਵੈਸਾਖੀ**) | . 5/- |
| 2. | How Rend The Veil of Untruth (**ਕਿਵ ਕੂੜੈ ਤੁਟੈ ਪਾਲਿ**) | . 70/- |
| 3. | Discourses on the Beyond-1 (**ਬਾਤ ਅਗੰਮ ਕੀ ਭਾਗ ੧**) | 50/- |
| 4. | Discourses on the Beyond -2 (**ਬਾਤ ਅਗੰਮ ਕੀ ਭਾਗ ੨**) | 50/- |
| 5. | Discourses on the Beyond -3 (**ਬਾਤ ਅਗੰਮ ਕੀ ਭਾਗ ੩**) | 50/- |
| 6. | Discourses on the Beyond -4 (**ਬਾਤ ਅਗੰਮ ਕੀ ਭਾਗ ੪**) | 60/- |
| 7. | Discourses on the Beyond -5 (**ਬਾਤ ਅਗੰਮ ਕੀ ਭਾਗ ੫**) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | 70/- |
| 11. | How to Know Thy Real Self-(Vol-1) (**ਕਿਵ ਸਚਿਆਰਾ ਹੋਈਐ**) | 80/- |
| 12. | How to Know Thy Real Self-(Vol-2) (**ਕਿਵ ਸਚਿਆਰਾ ਹੋਈਐ**) | 80/- |
| 13. | How to Know Thy Real Self-(Vol-3) (**ਕਿਵ ਸਚਿਆਰਾ ਹੋਇਐ**) | 110/- |
| 14. | The Dawn of Khalsa Ideals | . 10/- |
| 15. | A Glimpse of His Holiness - Baba ji | . 5/- |
| 16. | Divine Word Contemplation Path', (**ਸੁਰਤਿ ਸਬਦਿ ਮਾਰਗ**) | 150/– |
| 17. | The Story of Immortality (**ਅਮਰ ਗਾਥਾ**) | 260/– |
| 18. | Why not thy contemplate the Lord? (ਸਿਮਰਤ ਕਹਾ ਨਹੀਂ ?) | 200/– |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**

Punjab & Sind Bank - **S/B A/C No. 12861000000003**

**RTGS/IFSC Code - PSIB0021286\ , Branch Code - C1286**

**Our Address: VGRMCT, Gurdwara Ishar Parkash, Ratwara Sahib, (Near New Chandigarh) P.o. Mullanpur Garibdas, Teh. Kharar, Distt. S.A.S Nagar (Mohali) 140901, Pb. India**

ਸੰਤ ਬਾਬਾ ਹਰਪਾਲ ਸਿੰਘ ਜੀ ਜੱਥੇ ਸਮੇਤ ਗੁ. ਦੁਖਨਿਵਾਰਨ ਸਾਹਿਬ ਸਰੀ (ਕੈਨੇਡਾ) ਵਿਖੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।



# ਪਾਠਕ ਸਾਹਿਬਾਨਾਂ ਨੂੰ ਸਨਿਮਰ ਬੇਨਤੀ

## ਆਉ ! ਆਤਮ ਮਾਰਗ ਦੇ ਪਾਂਧੀ ਬਣੇ ਰਹਿਣ ਦਾ ਪ੍ਰਣ ਕਰੀਏ।



ਕਲਮ ਦੇ ਧਨੀ, ਪਿਆਰ ਦੇ ਸਾਗਰ, ਆਤਮ ਮਾਰਗ ਦੇ ਸੰਚਾਲਕ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ, ਦਫਤਰ ਆਤਮ ਮਾਰਗ ਰਤਵਾੜਾ ਸਾਹਿਬ ਵਿਖੇ ਮੈਗਜੀਨ ਲਈ ਅਨੁਭਵੀ ਪ੍ਰਵਚਨ ਲਿਖਦੇ ਹੋਏ।

**ਜਿਹੜੇ ਭਵਿੱਖ ਵਿਚ ਜਗਿਆਸੂਆਂ ਨੂੰ ਰੂਹਾਨੀ ਸੇਧ ਬਖਸ਼ਦੇ ਰਹਿਣਗੇ।**

ਨਾਮ ਬਾਣੀ ਦੀ ਵੀਚਾਰ, ਆਤਮਾ ਦੀ ਖੁਰਾਕ ਹੈ। ਜਿਸ ਤਰ੍ਹਾਂ ਸਰੀਰ ਨੂੰ ਸਜੀਵ ਰੱਖਣ ਲਈ ਭੋਜਨ ਰੂਪੀ ਖੁਰਾਕ ਦੀ ਅਤੀ ਲੋੜ ਹੈ ਇਸੇ ਤਰ੍ਹਾਂ ਆਤਮਾ ਦੇ ਨਰੋਏਪਣ ਲਈ ਨਾਮ-ਬਾਣੀ ਦੀ ਖੁਰਾਕ ਦੀ ਅਤੀ ਲੋੜ ਹੈ। ਆਪ ਜੀਆਂ ਨੂੰ ਇਸ ਦੀ ਪੂਰਤੀ ਆਤਮ ਮਾਰਗ ਰੂਹਾਨੀ ਪਤ੍ਰਿਕਾ ਰਾਹੀਂ ਲੰਮੇ ਸਮੇਂ ਤੋਂ ਹੋ ਰਹੀ ਹੈ। ਆਪ ਜੀ ਨੂੰ ਸਨਿਮਰ ਬੇਨਤੀ ਹੈ ਇਸ ਮੰਜਲ ਦੇ ਪਾਂਧੀ ਬਣੇ ਰਹਿਣ ਲਈ ਆਪਣੀ ਲਾਇਫ ਮੈਂਬਰਸ਼ਿਪ ਰੀਨੀਉਲ ਕਰਾਉਣ ਦੀ ਕ੍ਰਿਪਾਲਤਾ ਕਰੋ ਜੀ।

'ਆਤਮ ਮਾਰਗ' ਮੈਗਜ਼ੀਨ ਰੂਹਾਨੀਅਤ ਦੀਆਂ ਖੁਸ਼ਬੋਆਂ ਵੰਡਦਾ ਆਪ ਜੀ ਕੋਲ ਪਿਛਲੇ ਲੱਗਭੱਗ 20 ਸਾਲਾਂ ਤੋਂ ਪਹੁੰਚ ਰਿਹਾ ਹੈ। ਆਪ ਜੀ ਨੂੰ ਮਹਾਂਪੁਰਸ਼ਾਂ ਅਤੇ ਹੋਰ ਸੁਬੁੱਧੀਜੀਵੀ, ਆਤਮ ਰੰਗ ਵਿਚ ਰੰਗੇ ਗੁਰਮੁਖ ਪਿਆਰਿਆਂ ਦੇ ਅਨੁਭਵੀ ਪ੍ਰਵਚਨਾਂ ਨੂੰ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਅਦਾਰਾ 'ਆਤਮ ਮਾਰਗ' ਦੀ ਦਿਲੀ ਇੱਛਾ ਹੈ ਕਿ ਇਸ ਰੂਹਾਨੀ ਖੁਸ਼ਬੋ ਨੂੰ ਆਪ ਅਤੇ ਆਪ ਜੀ ਦਾ ਪਰਿਵਾਰ ਹੋਰ ਲੰਮੇ ਸਮੇਂ ਤਕ ਮਾਣ ਸਕੇ। ਇਸ ਪ੍ਰਤੀ ਸੰਨਿਮਰ ਬੇਨਤੀ ਹੈ ਕਿ ਆਪ ਜੀ ਦੇ ਮੈਗਜ਼ੀਨ ਦੀ ਮੈਂਬਰਸ਼ਿਪ 20 ਸਾਲ ਬਾਅਦ ਖਤਮ ਹੋ ਰਹੀ ਹੈ/ਗਈ ਹੈ। ਕ੍ਰਿਪਾ ਕਰਕੇ 'ਆਤਮ ਮਾਰਗ' ਦਾ ਅਗਲਾ ਸਾਥ ਨਿਭਾਉਣ ਲਈ ਲਾਇਫ ਮੈਂਬਰਸ਼ਿਪ 3000/- ਰੁਪਏ (ਦੇਸ਼) ਅਤੇ ***$ 600 US Dollar*** (ਵਿਦੇਸ਼) ਨਾਲ ਰੀਨੀਊਲ ਕਰਵਾ ਕੇ 'ਆਤਮ ਮਾਰਗ' ਦੇ ਪਾਂਧੀ ਬਣੇ ਰਹਿਣ ਦਾ ਮਾਣ ਪ੍ਰਾਪਤ ਕਰੋ ਜੀ।

ਅਦਾਰਾ 'ਆਤਮ ਮਾਰਗ' ਰਤਵਾੜਾ ਸਾਹਿਬ

ਨੋਟ : - ਮਾਇਆ ਭੇਜਣ ਲਈ ਵੇਰਵਾ, ਅਕਾਊਂਟ ਨੰਬਰ ਡਿਟੇਲ, ਮੈਗਜ਼ੀਨ ਦੇ ਆਖਰੀ ਪੰਨਿਆਂ 'ਤੇ ਦਿਤਾ ਹੋਇਆ ਹੈ।